ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 31 | 07 August 2019 to 13 August 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਕਸ਼ਮੀਰ ਨੂੰ ਲੈ ਕੇ ਭਾਰਤ-ਪਾਕਿ ’ਚ ਸਿਆਸੀ ਘਮਾਸਾਨ

## ਮੋਦੀ ਸਰਕਾਰ ਵੱਲੋਂ ਕਸ਼ਮੀਰ ਦੇ ਵੱਖਰੇ ਸਟੇਟਸ ਵਾਲੀ ਧਾਰਾ-370 ਖਤਮ

- ਸੰਯੁਕਤ ਰਾਸ਼ਟਰ ਵੱਲੋਂ ਭਾਰਤ-ਪਾਕਿ ਨੂੰ ਸੰਜਮ ਦੀ ਅਪੀਲ
- ਜੰਮੂ-ਕਸ਼ਮੀਰ ਰਾਜ ਨੂੰ ਦੋ ਹਿੱਸਿਆਂ ਵਿਚ ਵੰਡਿਆ
- ਬਾਦਲ ਦਲ, ਮਾਇਆਵਤੀ ਤੇ ਕੇਜਰੀਵਾਲ ਵਲੋਂ ਹਮਾਇਤ, ਕੈਪਟਨ ਵਲੋਂ ਵਿਰੋਧ
- ਜੰਮੂ-ਕਸ਼ਮੀਰ ਤੇ ਲੱਦਾਖ ਦੋਵੇਂ ਕੇਂਦਰੀ ਸ਼ਾਸਿਤ ਪ੍ਰਦੇਸ਼ ਹੋਣਗੇ




**ਮਾਮਲਾ ਯੂਐਨਓ ’ਚ ਲੈ ਕੇ ਜਾਵਾਂਗੇ : ਪਕਿਸਤਾਨ**

**ਨਵੀਂ ਦਿੱਲੀ/ਬਿਊਰੋ ਨਿਊਜ਼ :** ਜੰਮੂ-ਕਸ਼ਮੀਰ ਪੁਨਰਗਠਨ ਬਿੱਲ ਸੰਸਦ ਵਿੱਚ ਪਾਸ ਹੋ ਗਿਆ ਹੈ। ਰਾਜ ਸਭਾ ਤੋਂ ਬਾਅਦ ਲੋਕ ਸਭਾ ਵਿੱਚ ਵੀ ਇਸ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਗਈ। ਬਿੱਲ ਦੇ ਪੱਖ ਵਿੱਚ 367 ਤੇ ਵਿਰੋਧ ਵਿੱਚ 67 ਵੋਟਾਂ ਪਈਆਂ। ਯਾਦ ਰਹੇ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਹਿਲਾਂ ਰਾਜ ਸਭਾ ਵਿਚ ਚਾਰ ਫੈਸਲੇ ਸੁਣਾ ਕੇ ਜੰਮੂ-ਕਸ਼ਮੀਰ ਦਾ ਨਕਸ਼ਾ ਬਦਲ ਕੇ ਰੱਖ ਦਿੱਤਾ। ਫੈਸਲਾ ਨੰਬਰ ਇੱਕ, ਜੰਮੂ-ਕਸ਼ਮੀਰ ਰਾਜ ਤੋਂ ਸੰਵਿਧਾਨ ਦੀ ਧਾਰਾ 370 (1) ਨੂੰ ਛੱਡ ਕੇ ਇਸ ਦੀਆਂ ਬਾਕੀ ਮੱਦਾਂ ਨੂੰ ਹਟਾਉਣ ਦੀ ਤਜਵੀਜ਼; ਫੈਸਲਾ ਨੰਬਰ ਦੋ, ਜੰਮੂ-ਕਸ਼ਮੀਰ ਤੇ ਲੱਦਾਖ ਨੂੰ ਦੋ ਕੇਂਦਰ ਸ਼ਾਸਤ ਇਲਾਕਿਆਂ ਵਿਚ ਬਦਲਣ ਦੀ ਤਜਵੀਜ਼; ਫੈਸਲਾ ਨੰਬਰ ਤਿੰਨ, ਕੇਂਦਰੀ ਇਲਾਕੇ ਜੰਮੂ-ਕਸ਼ਮੀਰ ਦੀ ਵੱਖਰੀ ਅਸੰਬਲੀ ਦੀ ਤਜਵੀਜ਼ ਤੇ ਫੈਸਲਾ ਨੰਬਰ ਚਾਰ, ਲੱਦਾਖ ਨੂੰ ਬਿਨਾਂ ਅਸੰਬਲੀ ਵਾਲਾ ਕੇਂਦਰ ਸ਼ਾਸਤ ਇਲਾਕਾ ਬਣਾਉਣ ਦੀ ਤਜਵੀਜ਼। ਸ਼ਾਹ ਅਨੁਸਾਰ ਜੰਮੂ-ਕਸ਼ਮੀਰ ਦੀ ਦਿੱਲੀ ਤੇ ਪੁੱਡੂਚੇਰੀ ਵਰਗੀ ਅਸੰਬਲੀ ਹੋਵੇਗੀ। ਲੱਦਾਖ ਦੀ ਚੰਡੀਗੜ੍ਹ ਵਾਂਗ ਕੋਈ ਅਸੰਬਲੀ ਨਹੀਂ ਹੋਵੇਗੀ। ਦੋਹਾਂ ਹੀ ਕੇਂਦਰੀ ਇਲਾਕਿਆਂ ਵਿਚ ਗਵਰਨਰ ਦੀ ਥਾਂ ਵੱਖਰੇ-ਵੱਖਰੇ ਲੈਫਟੀਨੈਂਟ ਗਵਰਨਰ ਹੋਣਗੇ। ਧਾਰਾ 370 ਪੂਰੀ ਤਰ੍ਹਾਂ ਖ਼ਤਮ ਕਰਨ ਲਈ ਸੂਬਾਈ ਅਸੰਬਲੀ ਦੀ ਮੋਹਰ ਲੁਆਉਣੀ ਪੈਣੀ ਸੀ, ਜੋ ਕਿ ਇਸ ਵੇਲੇ ਭੰਗ ਹੈ। ਸਰਕਾਰ ਨੇ ਆਪਣੇ ਫੈਸਲੇ ਨੂੰ ਰਾਜ ਦਾ ਪੁਨਰਗਠਨ ਕਰਨਾ ਦੱਸਿਆ ਹੈ। ਸ਼ਾਹ ਨੇ ਇਸ ਸੰਬੰਧ ਵਿਚ ਰਾਸ਼ਟਰਪਤੀ ਵੱਲੋਂ ਮਨਜ਼ੂਰ ਕੀਤਾ ਗਿਆ ਗਜ਼ਟ ਵੀ ਸਦਨ ਨੂੰ ਪੜ੍ਹ ਕੇ ਸੁਣਾਇਆ। ਇਸ ਗਜ਼ਟ ਨਾਲ ਭਾਰਤ ਦੇ ਰਾਜਾਂ ਦੀ ਗਿਣਤੀ 29 ਤੋਂ ਘਟ ਕੇ 28 ਰਹਿ ਜਾਵੇਗੀ ਤੇ ਜੰਮੂ-ਕਸ਼ਮੀਰ ਉੱਤੇ ਦੇਸ਼ ਦਾ ਹਰ ਕਾਨੂੰਨ ਲਾਗੂ ਹੋਵੇਗਾ।

**ਬਾਕੀ ਸਫ਼ਾ 33 ’ਤੇ**

## ਆਖਰ ਕੀ ਸੀ ਧਾਰਾ-370 ਦਾ ਮਾਮਲਾ ?

ਧਾਰਾ-370 ਨੂੰ 17 ਅਕਤੂਬਰ,1949 ਨੂੰ ਭਾਰਤ ਦੇ ਸੰਵਿਧਾਨ ਵਿਚ ਸ਼ਾਮਿਲ ਕੀਤਾ ਗਿਆ ਸੀ। ਇਸ ਤਹਿਤ ਜੰਮੂ-ਕਸ਼ਮੀਰ ਨੂੰ ਆਪਣਾ ਇਕ ਵੱਖਰਾ ਸੰਵਿਧਾਨ ਬਣਾਉਣ ਅਤੇ ਭਾਰਤੀ ਸੰਵਿਧਾਨ (ਧਾਰਾ-1 ਅਤੇ ਧਾਰਾ 370 ਨੂੰ ਛੱਡ ਕੇ) ਨੂੰ ਲਾਗੂ ਨਾ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਧਾਰਾ 370 ਜੰਮੂ-ਕਸ਼ਮੀਰ ਦੇ ਸਬੰਧ ਵਿਚ ਸੰਸਦ ਦੀਆਂ ਵਿਧਾਨਕ ਸ਼ਕਤੀਆਂ ‘ਤੇ ਪਾਬੰਦੀ ਲਗਾਉਂਦੀ ਸੀ, ‘ਇੰਸਟਰੂਮੈਂਟ ਆਫ਼ ਐਕਸੈਸ਼ਨ’ ਵਿਚ ਸ਼ਾਮਿਲ ਕੀਤੇ ਗਏ ਵਿਸ਼ਿਆਂ ਨਾਲ ਸਬੰਧਿਤ ਕਿਸੇ ਕੇਂਦਰੀ ਕਾਨੂੰਨ ਨੂੰ ਜੰਮੂ-ਕਸ਼ਮੀਰ ਵਿਚ ਲਾਗੂ ਕਰਨ ਦੇ ਲਈ ਸੂਬਾ ਸਰਕਾਰ ਦੀ ਸਲਾਹ ਲੈਣੀ ਪਹਿਲਾਂ ਜ਼ਰੂਰੀ ਹੁੰਦੀ ਸੀ। ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਬਾਅਦ ‘ਇੰਸਟਰੂਮੈਂਟ ਆਫ਼ ਐਕਸੈਸ਼ਨ’ ਲਿਆਂਦਾ ਗਿਆ ਸੀ, ਇਸ ਦੇ ਰਾਹੀਂ ਕਰੀਬ 600 ਰਿਆਸਤਾਂ ਨੂੰ ਭਾਰਤ ਜਾਂ ਪਾਕਿਸਤਾਨ ਵਿਚ ਸ਼ਾਮਿਲ ਹੋਣ ਦਾ ਪ੍ਰਸਤਾਵ ਦਿੱਤਾ ਗਿਆ ਸੀ। ਭਾਰਤ ਵਿਚ ਸ਼ਾਮਿਲ ਹੋਣ ਦੇ ਲਈ ‘ਇੰਸਟਰੂਮੈਂਟ ਆਫ਼ ਐਕਸੈਸ਼ਨ’ ਦੇ ਰਾਹੀਂ ਜੰਮੂ-ਕਸ਼ਮੀਰ ਸਮੇਤ ਹੋਰ ਰਿਆਸਤਾਂ ਨੇ ਨਿਯਮ ਅਤੇ ਸ਼ਰਤਾਂ ਰੱਖੀਆਂ ਸਨ।

ਨਿਯਮ ਦੇ ਮੁਤਾਬਿਕ ‘ਇੰਸਟਰੂਮੈਂਟ ਆਫ਼ ਐਕਸੈਸ਼ਨ’ ਵਿਚ ਲਿਖੇ ਗਏ ਸਾਰੇ ਵਾਅਦਿਆਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਜੇਕਰ ਇਨਾਂ ਦੀ ਉਲੰਘਣਾ ਹੁੰਦੀ ਹੈ ਤਾਂ ਦੋਵੇਂ ਪੱਖ ਆਪਣੀ ਸ਼ੁਰੂਆਤੀ ਸਥਿਤੀ ਵਿਚ ਪਰਤ ਸਕਦੇ ਹਨ। ਜੰਮੂ-ਕਸ਼ਮੀਰ ਤੋਂ ਇਲਾਵਾ ਕਈ ਹੋਰ ਸੂਬਿਆਂ ਨੂੰ ਵੀ ਧਾਰਾ 370 ਦੇ ਤਹਿਤ (ਧਾਰਾ 371-ਏ ਤੋਂ ਲੈ ਕੇ ਧਾਰਾ 371-ਆਈ ਤਕ) ਵਿਸ਼ੇਸ਼ ਦਰਜਾ ਦਿੱਤਾ ਗਿਆ ਹੈ।

ਧਾਰਾ 35-ਏ ਧਾਰਾ 370 ‘ਚੋਂ ਹੀ ਨਿਕਲੀ ਹੈ। ਸਾਲ 1954 ਵਿਚ ਰਾਸ਼ਟਰਪਤੀ ਦੇ ਇਕ ਹੁਕਮ ਰਾਹੀਂ ਇਸ ਨੂੰ ਸ਼ਾਮਿਲ ਕੀਤਾ ਗਿਆ ਸੀ। ਧਾਰਾ 35-ਏ ਸੂਬੇ ਦੇ ਸਥਾਈ ਨਿਵਾਸੀਆਂ ਨੂੰ ਪਰਿਭਾਸ਼ਤ ਕਰਨ ਅਤੇ ਉਨਾਂ ਨੂੰ ਵਿਸ਼ੇਸ਼ ਅਧਿਕਾਰ ਅਤੇ ਸਹੂਲਤਾਂ ਪ੍ਰਦਾਨ ਕਰਨ ਦੇ ਲਈ ਜੰਮੂ-ਕਸ਼ਮੀਰ ਵਿਧਾਨ ਸਭਾ ਨੂੰ ਅਧਿਕਾਰ ਦਿੰਦੀ ਹੈ।

ਧਾਰਾ 35-ਏ ਦੇ ਤਹਿਤ ਸੂਬੇ ਵਿਚ ਜ਼ਮੀਨ ਖਰੀਦਣ ਨਾਲ ਸਬੰਧਿਤ ਕੁਝ ਵਿਸ਼ੇਸ਼ ਅਧਿਕਾਰ ਉਥੋਂ ਦੇ ਨਾਗਰਿਕਾਂ ਨੂੰ ਦਿੱਤੇ ਗਏ ਹਨ।

‘ਇੰਸਟਰੂਮੈਂਟ ਆਫ਼ ਐਕਸੈਸ਼ਨ’ ‘ਤੇ ਦਸਤਖਤ ਕਰਦੇ ਸਮੇਂ ਜੰਮੂ-ਕਸ਼ਮੀਰ ਦੇ ਲਈ ਸ਼ਰਤਾਂ ਰੱਖੀਆਂ ਗਈਆਂ ਸਨ।

ਜੰਮੂ-ਕਸ਼ਮੀਰ ਦੇ ਲਈ ਬਣੇ ‘ਇੰਸਟਰੂਮੈਂਟ ਆਫ਼ ਐਕਸੈਸ਼ਨ’ ਵਿਚ ਲਿਖਿਆ ਗਿਆ ਹੈ ਕਿ ਸੰਸਦ ਨੂੰ ਜੰਮੂ-ਕਸ਼ਮੀਰ ਦੇ ਸਬੰਧ ਵਿਚ ਸਿਰਫ ਰੱਖਿਆ, ਵਿਦੇਸ਼ ਅਤੇ ਸੰਚਾਰ ਨਾਲ ਸਬੰਧਿਤ ਕਾਨੂੰਨ ਬਣਾਉਣ ਦਾ ਅਧਿਕਾਰ ਹੈ। ਜੰਮੂ-ਕਸ਼ਮੀਰ ਦੇ ਤਤਕਾਲੀ ਰਾਜਾ ਹਰੀ ਸਿੰਘ ਨੇ ਇਸ ‘ਤੇ ਦਸਤਖ਼ਤ ਕੀਤੇ ਸਨ।

ਜੰਮੂ-ਕਸ਼ਮੀਰ ‘ਇੰਸਟਰੂਮੈਂਟ ਆਫ਼ ਐਕਸੈਸ਼ਨ’ ਦੇ ਕਲਾਜ 5 ਵਿਚ ਰਾਜਾ ਹਰੀ ਸਿੰਘ ਨੇ ਜ਼ਿਕਰ ਕੀਤਾ ਹੈ ਕਿ ਇਸ ‘ਇੰਸਟਰੂਮੈਂਟ ਆਫ਼ ਐਕਸੈਸ਼ਨ’ ਨੂੰ ਕਿਸੇ ਵੀ ਸੋਧ ਦੇ ਰਾਹੀਂ ਬਦਲਿਆ ਨਹੀਂ ਜਾ ਸਕਦਾ। ਜਦੋਂ ਤੱਕ ਇਸ ਤਰਾਂ ਦੀ ਸੋਧ ਮੇਰੇ ਵਲੋਂ ਇਸ ‘ਇੰਸਟਰੂਮੈਂਟ ਆਫ਼ ਐਕਸੈਸ਼ਨ’ ਦੀ ਥਾਂ ‘ਤੇ ਇਕ ਹੋਰ ‘ਇੰਸਟਰੂਮੈਂਟ ਆਫ਼ ਐਕਸੈਸ਼ਨ’ ਦੇ ਰਾਹੀਂ ਸਵੀਕਾਰ ਨਾ ਕੀਤੀ ਜਾਵੇ। ਰਾਜਾ ਹਰੀ ਸਿੰਘ ਨੇ ਸ਼ੁਰੂ ਵਿਚ ਆਜ਼ਾਦ ਰਹਿਣ ਦਾ ਫ਼ੈਸਲਾ ਕੀਤਾ ਸੀ ਅਤੇ ਉਹ ਭਾਰਤ ਅਤੇ ਪਾਕਿਸਤਾਨ ਵਿਚੋਂ ਕਿਸੇ ਵੀ ਦੇਸ਼ ਵਿਚ ਸ਼ਾਮਿਲ ਨਹੀਂ ਹੋਣਾ ਚਾਹੁੰਦੇ ਸਨ।

**ਬਾਕੀ ਸਫ਼ਾ 33 ’ਤੇ**

## ਪੱਕੇ ਹੋਣ ਲਈ ਗੋਰੀਆਂ ਨਾਲ ਮੁੱਲ ਦੇ ਵਿਆਹ ਕਰਵਾਏ ਪਰ ਫੜੇ ਗਏ

**ਸਿਡਨੀ/ਏਟੀ ਨਿਊਜ਼ :** ਪਰਵਾਸੀਆਂ ਦਾ ਇੱਥੋਂ ਦੀਆਂ ਸਥਾਨਕ ਔਰਤਾਂ ਨਾਲ ਫਰਜ਼ੀ ਵਿਆਹ ਕਰਵਾਉਣ ਦਾ ਭਾਂਡਾ ਫੁੱਟ ਗਿਆ ਹੈ। ਆਸਟਰੇਲੀਆ ਕੇਂਦਰੀ ਪੁਲਿਸ ਨੇ 160 ਤੋਂ ਵੱਧ ਨਕਲੀ ਵਿਆਹਾਂ ਨੂੰ ਖਾਰਜ ਕਰ ਦਿੱਤਾ ਹੈ। ਇਨ੍ਹਾਂ ਵਿੱਚ ਪੰਜਾਬੀ ਵੱਡੀ ਗਿਣਤੀ ਵਿੱਚ ਸ਼ਾਮਲ ਹਨ। ਪੁਲਿਸ ਮੁਤਾਬਕ ਇਨ੍ਹਾਂ ਕਾਗ਼ਜ਼ੀ ਵਿਆਹਾਂ ਨੂੰ ਸਿਰਫ ਤੇ ਸਿਰਫ ਆਸਟ੍ਰੇਲੀਆ ਵਿੱਚ ਪੱਕੇ ਹੋਣ ਲਈ 20,000 ਤੋਂ 25,000 ਡਾਲਰ ਤਕ ਦੇ ਸੌਦੇ ਤਹਿਤ ਕੀਤਾ ਗਿਆ ਹੈ। ਆਸਟ੍ਰੇਲੀਆਈ ਅਖ਼ਬਰ ‘ਦ ਸਿਡਨੀ ਮਾਰਨਿੰਗ ਹੈਰਾਲਡ’ ਦੀ ਖ਼ਬਰ ਮੁਤਾਬਕ ਵਿਆਹ ਰੱਦ ਹੋਣ ਮਗਰੋਂ ਆਸਟ੍ਰੇਲੀਆ ਦੇ ਪੱਕੇ ਵਸਨੀਕ ਲਈ ਪ੍ਰਵਾਸ ਵਿਭਾਗ ਕੋਲ ਦਾਖ਼ਲ ਅਰਜ਼ੀਆਂ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ। ਦਰਅਸਲ, ਪੁਲਿਸ ਨੇ ਨਕਲੀ ਵਿਆਹਾਂ ਬਾਰੇ ਸੂਹ ਮਿਲਣ ‘ਤੇ ਗੁਪਤ ਆਪ੍ਰੇਸ਼ਨ ਚਲਾਇਆ ਸੀ। ਵਿਆਹ ਸਕੈਂਡਲ ਵਿਚ ਸੂਤਰਧਾਰ ਬਣੇ ਜਗਜੀਤ ਸਿੰਘ (32 ਸਾਲ) ਨੂੰ ਪੁਲਿਸ ਨੇ ਕਾਬੂ ਕੀਤਾ। ਸਰਕਾਰ ਨੇ ਉਸ ਦਾ ਭਾਰਤੀ ਪਾਸਪੋਰਟ ਜ਼ਬਤ ਕਰਕੇ ਉਸ ਖ਼ਿਲਾਫ਼ ਕਾਨੂੰਨ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



**ਬਾਕੀ ਸਫ਼ਾ 32 ’ਤੇ**

## ਭਾਰਤ ਦੀ ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੀ ਮੌਤ

**ਨਵੀਂ ਦਿੱਲੀ/ਏਟੀ ਨਿਊਜ਼ :** ਭਾਰਤ ਦੀ ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦਾ ਇਥੇ ਏਮਜ਼ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਉਹ 67 ਸਾਲਾਂ ਦੇ ਸਨ। ਸੂਤਰਾਂ ਮੁਤਾਬਕ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਜੋ ਜਾਨਲੇਵਾ ਸਾਬਤ ਹੋਇਆ। ਜਾਣਕਾਰੀ ਅਨੁਸਾਰ ਸਵਰਾਜ ਨੇ ਸਾਲ 2016 ਵਿੱਚ ਗੁਰਦਾ ਟਰਾਂਸਪਲਾਂਟ ਕਰਵਾਇਆ ਸੀ ਤੇ ਸਿਹਤ ਨਾਸਾਜ਼ ਰਹਿਣ ਦੇ ਚਲਦਿਆਂ ਉਨ੍ਹਾਂ ਇਸ ਸਾਲ ਲੋਕ ਸਭਾ ਚੋਣਾਂ ਨਾ ਲੜਨ ਦਾ ਫੈਸਲਾ ਕੀਤਾ ਸੀ। ਪਿੱਛੇ ਪਰਿਵਾਰ ਵਿੱਚ ਉਨ੍ਹਾਂ ਦੇ ਪਤੀ ਸਵਰਾਜ ਕੌਸ਼ਲ ਤੇ ਧੀ ਬਾਂਸੁਰੀ ਹਨ।


















SOVEREIGN TOUR OF STATES
ਗੁਰਮੁਖੀ ਦਾ ਬੇਟਾ
Live
in Concert
Satinder Sartaaj
Aug 10 San Jose, CA
Aug 11 Sacramento, CA
Aug 17 Stockton, CA
Aug 18 Fresno, CA
Aug 23 Detroit, MI
Aug 24 Chicago, IL
Aug 25 New York, NY
Aug 31 Bakersfield, CA
Sept 01 Seattle, WA
Sept 07 Virginia City, VA
Sept 08 Rahway, NJ
For Tickets Visit :
www.satindersartaaj.com

# ਏਜੀਪੀਸੀ ਵੱਲੋਂ ਕਸ਼ਮੀਰ ਬਾਰੇ ਧਾਰਾ-370 ਖਤਮ ਕਰਨ 'ਤੇ ਮੋਦੀ ਸਰਕਾਰ ਦੀ ਤਿੱਖੀ ਆਲੋਚਨਾ

**ਫਰੀਮੌਂਟ/ਹੁਸਨ ਲੜੋਆ ਬੰਗਾ :** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਏਜੀਪੀਸੀ ਦੇ ਸੀਨੀਅਰ ਆਗੂਆਂ ਦੇ ਬਿਆਨ ਨੂੰ ਜਾਰੀ ਕਰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਤੇ ਉਸ ਦੀ ਹਿੰਦੂ ਰਾਸ਼ਟਰਵਾਦੀ ਭਾਜਪਾ ਸਰਕਾਰ ਨੇ ਜੰਮੂ ਕਸ਼ਮੀਰ ਦੀ ਵਿਸ਼ੇਸ਼ ਧਾਰਾ 370 ਨੂੰ ਖਤਮ ਕਰਨ ਅਤੇ ਕਸ਼ਮੀਰ ਰਾਜ ਨੂੰ ਖਤਮ ਕਰਨ ਵਾਲੀ ਕਾਰਵਾਈ ਦੀ ਸਖਤ ਨੁਕਤਾਚੀਨੀ ਕੀਤੀ ਹੈ। ਉਨਾਂ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਕਸ਼ਮੀਰ ਵਿਚ ਲੱਖਾਂ ਦੀ ਗਿਣਤੀ ਵਿਚ ਫੌਜ ਲਾ ਕੇ ਕਸ਼ਮੀਰੀਆਂ ਨੂੰ ਘਰਾਂ ਵਿਚ ਕੈਦ ਕਰ ਦਿਤਾ ਗਿਆ ਹੈ ਤੇ ਕਸ਼ਮੀਰ ਦੇ ਰਾਜਨੀਤਕ ਤੇ ਧਾਰਮਿਕ ਆਗੂਆ ਨੂੰ ਨਜ਼ਰਬੰਦ ਕਰ ਕੇ ਕਸ਼ਮੀਰ ਦੇ ਜਨਜੀਵਨ ਨੂੰ ਤਹਿਸ ਨਹਿਸ ਕਰ ਦਿੱਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਕਸ਼ਮੀਰੀਆਂ ਦੇ ਮੁੱਢਲੇ ਅਧਿਕਾਰਾਂ ਦਾ ਕਤਲ ਕਰ ਦਿੱਤਾ ਗਿਆ ਹੈ। ਇਸ ਵੇਲੇ ਪੂਰੀ ਕਸ਼ਮੀਰ ਘਾਟੀ ਵਿਚ ਫੋਨ ਤੇ ਇੰਟਰਨੈਟ ਸੇਵਾਵਾਂ ਰੱਦ ਕਰ ਦਿਤੀਆਂ ਹਨ। ਪੂਰੀ ਤਰਾਂ ਹਿੰਦੂ-ਭਗਵਾ ਤਾਨਾਸ਼ਾਹੀ ਲਾਗੂ ਕਰ ਦਿੱਤੀ ਗਈ ਹੈ। ਪੂਰੇ ਸੰਸਾਰ ਨਾਲੋਂ ਕਸ਼ਮੀਰ ਦਾ ਸੰਪਰਕ ਤੋੜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਮੋਦੀ ਸਰਕਾਰ ਨੇ ਬਿਲਕੁਲ ਉਵੇਂ ਹੀ ਕਸ਼ਮੀਰੀਆਂ ਦੀ ਨਸਲਕੁਸ਼ੀ ਸ਼ੁਰੂ ਕਰ ਦਿੱਤੀ ਹੈ, ਜਿਵੇਂ ਇੰਦਰਾ ਸਰਕਾਰ ਨੇ ਸੰਨ 1984 ਵਿਚ ਦਰਬਾਰ ਸਾਹਿਬ ਤੇ ਪੰਜਾਬ ਵਿਚ ਸਿੱਖਾਂ ਦੀ ਨਸਲਕੁਸ਼ੀ ਕੀਤੀ ਸੀ। ਜਿਵੇਂ ਪੰਜਾਬ ਵਿਚ ਸਿੱਖਾਂ ਨੂੰ ਘੱਟ ਗਿਣਤੀ ਕਰਨ ਲਈ ਯੂਪੀ ਬਿਹਾਰ ਤੋਂ ਭਈਏ ਲਿਆ ਕੇ ਵਸਾਏ ਜਾ ਰਹੇ ਨੇ, ਬਿਲਕੁਲ ਇਸੇ ਤਰਜ਼ 'ਤੇ ਕਸ਼ਮੀਰ ਵਿਚ ਕਸ਼ਮੀਰੀਆਂ ਨੂੰ ਘੱਟ ਗਿਣਤੀ ਬਣਾਉਣ ਲਈ ਜੰਮੂ ਕਸ਼ਮੀਰ ਰਾਜ ਦਾ ਖਾਤਮਾ ਕਰਕੇ ਇਸ ਨੂੰ ਚੰਗੀਗੜ੍ਹ ਦੀ ਤਰਜ਼ 'ਤੇ ਕੇਂਦਰੀ ਪ੍ਰਸ਼ਾਸਨ ਐਲਾਨ ਦਿੱਤਾ ਗਿਆ ਹੈ। ਇਹ ਲੋਕਤੰਤਰ ਦਾ ਸਿੱਧਾ ਕਤਲ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਏਜੀਪੀਸੀ ਦੇ ਆਗੂਆਂ ਨੇ ਮੋਦੀ ਸਰਕਾਰ ਨੂੰ ਚਿਤਾਵਨੀ ਦਿਤੀ ਹੈ ਕਿ ਨਫਰਤ ਦੀ ਇਸ ਅੱਗ ਵਿਚ ਪੂਰਾ ਭਾਰਤ ਤਬਾਹ ਹੋ ਸਕਦਾ ਹੈ, ਇਸ ਕਰਕੇ ਮੋਦੀ ਸਰਕਾਰ ਨੂੰ ਆਪਣੀ ਮੂਰਖਤਾ ਤੋਂ ਬਾਜ਼ ਆਉਣਾ ਚਾਹੀਦਾ ਹੈ ਤੇ ਜੰਮੂ ਕਸ਼ਮੀਰ ਰਾਜ ਦੇ ਵੱਖਰੇ ਸਟੇਟਸ ਨੂੰ ਬਹਾਲ ਕਰਕੇ ਕਸ਼ਮੀਰੀਆਂ ਦੇ ਲੋਕਤੰਤਰੀ ਹੱਕ ਬਹਾਲ ਕਰ ਦੇਣੇ ਚਾਹੀਦੇ ਹਨ। ਏਜੀਪੀਸੀ ਵੱਲੋਂ ਡਾਕਟਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਅਕਾਲੀਆਂ ਨੇ ਰਾਜਾਂ ਨੂੰ ਵੱਧ ਅਧਿਕਾਰਾਂ ਲਈ ਕਦੇ ਮੋਰਚਾ ਲਾਇਆ ਸੀ ਪਰ ਹੁਣ ਉਹ ਰਾਜਾਂ ਦੀ ਮੌਤ ਉਤੇ ਦਸਤਖਤ ਕਰ ਰਹੇ ਹਨ, ਅਕਾਲੀ ਆਪਣਾ ਦਿਮਾਗੀ ਤਵਾਜਨ ਗੁਆ ਬੈਠੇ ਹਨ ਤੇ ਇਨ੍ਹਾਂ ਕੋਲੋਂ ਹੁਣ ਪੰਜਾਬ ਦੇ ਕਿਸੇ ਭਲੇ ਦੀ ਆਸ ਰੱਖਣੀ ਮੂਰਖਤਾ ਹੋਵੇਗੀ। ਉਨ੍ਹਾਂ ਕਿਹਾ ਕਿ ਕਸ਼ਮੀਰ ਰਾਜ ਦੀ ਹੋਂਦ ਮੁਕਾਉਣ ਲਈ ਮੋਦੀ ਦਾ ਸਮਰਥਨ ਕਰਨਾ ਬਹੁਤ ਨਿੰਦਣ ਵਾਲੀ ਕਾਰਵਾਈ ਹੈ, ਜਿਸ ਦੀ ਅਕਾਲੀਆਂ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ।












# 15ਵੇਂ ਵਿਸ਼ਵ ਕਬੱਡੀ ਕੱਪ ’ਚ ਹੋਣਗੇ ਫਸਵੇਂ ਮੁਕਾਬਲੇ : ਗਾਖਲ

## ਭਾਈਚਾਰਕ ਏਕਤਾ ਦੀ ਮਿਸਾਲ ਬਣੇਗਾ ਕਬੱਡੀ ਕੱਪ : ਮੱਖਣ ਬੈਂਸ

**ਵਾਟਸਨਵਿੱਲ/ਏਟੀ ਨਿਊਜ਼ :** 15 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ’ਚ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਹੋਣ ਵਾਲੇ ਯੁਨਾਈਟਡ ਸਪੋਰਟਸ ਕਲੱਬ ਦੇ 15ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਉਪਰੰਤ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ ਅਤੇ ਉਪ ਚੇਅਰਮੈਨ ਸ. ਇਕਬਾਲ ਸਿੰਘ ਗਾਖਲ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦਿਹਾੜੇ ਨੂੰ ਸਮਰਪਿਤ ਇਹ ਕਬੱਡੀ ਕੱਪ ਨਸ਼ਾ ਮੁਕਤ ਹੋਵੇਗਾ ਜਿਸ ਵਿਚ ਵਿਸ਼ਵ ਦੇ ਨਾਮੀ ਕਬੱਡੀ ਖਿਡਾਰੀ ਨਾ ਸਿਰਫ ਕਬੱਡੀ ਦੇ ਬਿਹਤਰੀਨ ਰੰਗਾਂ ਦੀ ਪ੍ਰਦਰਸ਼ਨੀ ਕਰਨਗੇ ਸਗੋਂ ਇਹ ਮੇਲਾ ਭਾਈਚਾਰਕ ਸਾਂਝ ਦੀ ਵੀ ਇਕ ਅਹਿਮ ਕੜੀ





ਹੋਵੇਗਾ। ਉਨ੍ਹਾਂ ਸਮੂਹ ਪੰਜਾਬੀ ਭਾਈਚਾਰੇ ਅਤੇ ਕਬੱਡੀ ਦੇ ਪ੍ਰਸ਼ੰਸ਼ਕਾਂ, ਹਮਦਰਦਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਆਓ ਇਸ ਕਬੱਡੀ ਕੱਪ ਨੂੰ ਹੀ ਇਤਿਹਾਸਕ ਬਣਾਉਣ ਲਈ ਹੁੰਮ ਹੁਮਾ ਕੇ 15 ਸਤੰਬਰ ਨੂੰ ਲੋਗਨ ਹਾਈ ਸਕੂਲ ਪਹੁੰਚੀਏ ਅਤੇ ਖੁਦ ਵੀ ਪ੍ਰਣ ਕਰੀਏ ਕਿ ਕਿਸੇ ਵੀ ਪ੍ਰਕਾਰ ਦਾ ਨਸ਼ਾ ਕਰਕੇ ਖੇਡ ਮੇਲੇ ’ਚ ਸ਼ਮੂਲੀਅਤ ਨਹੀਂ ਕਰਨਗੇ। ਚਾਹ ਪਕੌੜਿਆਂ ਦੀ ਸੇਵਾ ਰਾਜਾ ਸਵੀਟਸ ਵਲੋਂ ਹੋਵੇਗੀ ਅਤੇ ਗੁਰੂਘਰਾਂ ਵਲੋਂ ਗੁਰੂ ਕਾ ਅਤੁੱਟ ਲੰਗਰ ਵਰਤੇਗਾ। ਸ. ਮੱਖਣ ਸਿੰਘ ਧਾਲੀਵਾਲ ਨੇ ਇਸ ਕਬੱਡੀ ਕੱਪ ਦੀ ਇਕ ਹੋਰ ਵਿਸ਼ੇਸ਼ਤਾ ’ਤੇ ਚਾਨਣਾ ਪਾਉਂਦਿਆਂ ਕਿਹਾ ਕਿ ਚਾਰੇ ਟੀਮਾਂ ਸੰਤੁਲਿਤ ਹੋਣਗੀਆਂ ਅਤੇ ਦਰਸ਼ਕਾਂ ਨੂੰ ਫਸਵੇਂ ਮੁਕਾਬਲੇ ਵੇਖਣ ਨੂੰ ਮਿਲਣਗੇ। ਸਾਰੀਆਂ ਟੀਮਾਂ ਬਰਾਬਰ ਸਟਾਰ ਖਿਡਾਰੀਆਂ ਵਾਲੀਆਂ ਹੋਣਗੀਆਂ ਅਤੇ ਦਰਸ਼ਕਾਂ ਨੂੰ ਤਕੜੇ ਮੈਚ ਦੇਖਣ ਲਈ ਮਿਲਣਗੇ। ਸਮੁੱਚੇ ਰੂਪ ਵਿਚ ਯੂਨਾਈਟਡ ਸਪੋਰਟਸ ਕਲੱਬ ਵਲੋਂ ਸ. ਗਾਖਲ ਅਤੇ ਸ. ਬੈਂਸ ਨੇ ਬੇਨਤੀ ਕੀਤੀ ਕਿ ਸਾਰੇ ਮਤਭੇਦ ਅਤੇ ਗਿਲੇ ਸ਼ਿਕਵੇ ਭੁਲਾ ਕੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੀ ਬਿਹਤਰੀ ਅਤੇ ਭਾਈਚਾਰਕ ਏਕਤਾ ਤੇ ਇਕਜੁੱਟਤਾ ਦੀ ਮਿਸਾਲ ਕਾਇਮ ਕਰਨ ਲਈ ਇਸ ਦਿਨ ਨੂੰ ਯਾਦਗਾਰੀ ਬਣਾਈਏ।

# ਸਿਆਟਲ ਖੇਡ ਕੈਂਪ ਦੇ ਬੱਚਿਆਂ ਨੂੰ ਦਸਤਾਰਾਂ ਸਜਾਈਆਂ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਿੱਖ ਯੂਥ ਐਸੋਸੀਏਸ਼ਨ ਵਲੋਂ ਸਿਆਟਲ ਵਿਚ ਵੱਖ-ਵੱਖ ਧਰਮਾਂ, ਜਾਤਾਂ ਅਤੇ ਰੰਗਾਂ ਦੇ ਲੋਕਾਂ ਨੂੰ ਦਸਤਾਰਾਂ ਸਜਾਈਆਂ ਗਈਆਂ ਅਤੇ ਦਸਤਾਰ ਦਿਵਸ ਮਨਾਇਆ। ਇਸ ਤੋਂ ਬਾਅਦ ਸਿੱਖ ਯੂਥ ਸੰਸਥਾ ਦੀ ਪ੍ਰਧਾਨ ਗੁਰਚਰਨ ਕੌਰ ਦੀ ਅਗਵਾਈ ਹੇਠ ਬੱਚਿਆਂ ਦੇ ਖੇਡ ਕੈਂਪ ਦੌਰਾਨ ਬੱਚਿਆਂ ਨੂੰ ਦਸਤਾਰਾਂ ਸਜਾਈਆਂ ਗਈਆਂ। ਇਸ ਮੌਕੇ ਪਰਮਿੰਦਰ ਸਿੰਘ ਭੱਟੀ ਦੀ ਲੜਕੀ ਮਹਿਕ ਕੌਰ ਦਾ ਸਮੂਹ ਖਿਡਾਰੀਆਂ ਬੱਚਿਆਂ ਨੇ ਮਿਲ ਕੇ ਜਨਮ ਦਿਵਸ ਮਨਾਇਆ ਅਤੇ ਮਹਿਕ ਨੂੰ ਜਨਮ ਦਿਵਸ ਦੀਆਂ ਵਧਾਈਆਂ ਦਿੱਤੀਆਂ। ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਸੋਹਲ ਨੇ ਮਹਿਕ ਨੂੰ ਸਨਮਾਨਤ ਕੀਤਾ। ਇਸ ਮੌਕੇ ਪੰਜਾਬੀ ਭਾਈਚਾਰੇ ਦੀਆਂ ਮਾਣਮੱਤੀਆਂ ਸ਼ਖਸੀਅਤਾਂ ਚਰਨਜੀਤ ਸਿੰਘ ਧਾਲੀਵਾਲ, ਮਲਕੀਅਤ ਸਿੰਘ ਝੱਲੀ, ਕੁਲਵੰਤ



ਸ਼ਾਹ, ਸੇਮ ਵਿਰਕ, ਭਾਰਤ ਤੋਂ ਪਹੁੰਚੇ ਸੁਖਦੇਵ ਸਿੰਘ ਸੰਧੂ ਰੋੜਾਂਵਾਲਾ, ਕੁਲਦੀਪ ਸਿੰਘ ਕਾਹਲੋਂ, ਹੀਰਾ ਸਿੰਘ ਭੁੱਲਰ, ਨਵਤੇਜ ਸਹੋਤਾ, ਸੌਰਭ ਰਿਸ਼ੀ ਸਮੇਤ ਬੱਚਿਆਂ ਦੇ ਮਾਪੇ ਅਤੇ ਪ੍ਰਮੁੱਖ ਸ਼ਖਸੀਅਤਾਂ ਨੇ ਪਹੁੰਚ ਕੇ ਬੱਚਿਆਂ ਦੀ ਹੌਂਸਲਾ ਅਫ਼ਜਾਈ ਕੀਤੀ। ਪਰਮਿੰਦਰ ਸਿੰਘ ਭੱਟੀ ਦੇ ਪਰਿਵਾਰ ਵਲੋਂ ਬੱਚਿਆਂ ਨੂੰ ਰਿਫ੍ਰੈਸ਼ਮੈਂਟ ਮੁਹੱਈਆ ਕੀਤੀ ਗਈ।

# ਸਿਆਟਲ ਦੀ ਏਬੀਸੀ ਭੰਗੜਾ ਟੀਮ ਨੌਰਥ ਅਮਰੀਕਾ ਦੇ ਮੁਕਾਬਲੇ ਵਿਚ ਜੇਤੂ ਰਹੀ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਿਆਟਲ ਦੇ ਨਾਲ ਲਗਦੇ ਸ਼ਹਿਰ ਵੈਨਕੋਵਰ (ਕੈਨੇਡਾ) ਵਿਚ ਨੌਰਥ ਅਮਰੀਕਾ ਦੇ ਸੀਨੀਅਰ ਵਰਗ ਦੇ ਮੁਕਾਬਲੇ ਵਿਚ ਸਿਆਟਲ ਦੀ ਏਬੀਸੀ (ਲੜਕੇ) ਭੰਗੜਾ ਟੀਮ ਪਹਿਲੇ ਦਰਜੇ ’ਤੇ ਰਹੀ। ਇਸ ਜਿੱਤ ‘ਤੇ ਪੰਜਾਬੀ ਭਾਈਚਾਰੇ ਵਲੋਂ ਵਧਾਈਆਂ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਏਬੀਸੀ. ਭੰਗੜਾ ਟੀਮ ਸਿਆਟਲ ਦੇ ਮੈਨੇਜਰ ਸਕੱਤਰ ਸਿੰਘ ਸੰਧੂ ਨੇ ਦੱਸਿਆ ਕਿ ਅਮਰੀਕਾ-ਕੈਨੇਡਾ ਦੀਆਂ 10 ਮੁੱਖ ਭੰਗੜਾ ਟੀਮਾਂ ਨੇ ਜ਼ੋਰ ਅਜਮਾਈ ਕੀਤੀ ਪ੍ਰੰਤੂ ਕੋਚਾਂ ਹਰਮੀਤ ਧਾਲੀਵਾਲ, ਅਰਜਨ ਸਹੋਤਾ ਤੇ ਜੈਨੀ ਸਹੋਤਾ ਦੀ ਮਿਹਨਤ ਰੰਗ ਲਿਆਈ। ਏਬੀਸੀ. ਭੰਗੜਾ ਟੀਮ ਸਿਆਟਲ ਦੀ



ਲੜਕੀਆਂ ਦੀ ਭੰਗੜਾ ਟੀਮ ਵੀ ਦੂਸਰੇ ਦਰਜੇ ‘ਤੇ ਰਹੀ। ਹਰਮੀਤ ਧਾਲੀਵਾਲ ਦੀ ਅਗਵਾਈ ਹੇਠ 200 ਤੋਂ ਵੱਧ ਬੱਚੇ ਏਬੀਸੀ ਭੰਗੜਾ ਸੈਂਟਰ ’ਤੇ ਟ੍ਰੇਨਿੰਗ ਲੈ ਰਹੇ ਹਨ। ਏਬੀਸੀ. ਭੰਗੜਾ ਟੀਮ ਦਾ ਬੱਚਿਆਂ ਦੇ ਖੇਡ ਕੈਂਪ ਵਿਚ 10 ਅਗਸਤ ਸ਼ਾਮ ਨੂੰ 7 ਵਜੇ ਸਨਮਾਨ ਕੀਤਾ ਜਾਵੇਗਾ।

# ਐਲਕ ਗਰੋਵ ਪਾਰਕ ਦੀਆਂ ਤੀਆਂ ਦੀਆਂ ਤਿਆਰੀਆਂ ਮੁਕੰਮਲ

**ਸੈਕਰਾਮੈਂਟੋ/ਏਟੀ ਨਿਊਜ਼ :** ਇੰਟਰਨੈਸ਼ਨਲ ਪੰਜਾਬੀ ਕਲਚਰਲ ਅਕੈਡਮੀ ਵੱਲੋਂ 11ਵੀਆਂ ਸਾਲਾਨਾ ‘ਤੀਆਂ ਤੀਜ ਦੀਆਂ’ ਇਸ ਵਾਰ 11 ਅਗਸਤ ਨੂੰ ਦੁਪਹਿਰ 1 ਵਜੇ ਤੋਂ ਹੋ ਰਹੀਆਂ ਹਨ। ਐਲਕ ਗਰੋਵ ਪਾਰਕ (ਨਜ਼ਦੀਕ ਸੈਕਰਾਮੈਂਟੋ) ਵਿਖੇ ਇਨ੍ਹਾਂ ਤੀਆਂ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਸ ਵਾਰ ਸਟੇਜ ਤੋਂ 200 ਦੇ ਕਰੀਬ ਬੱਚੀਆਂ ਅਤੇ ਔਰਤਾਂ ਆਪਣੀ ਕਲਾ ਦੇ ਜੌਹਰ ਦਿਖਾਉਣਗੇ। ਇਸ ਵਿਚ ਗੀਤ-ਸੰਗੀਤ, ਗਿੱਧਾ, ਬੋਲੀਆਂ, ਸੁਹਾਗ, ਸਿੱਠਣੀਆਂ, ਘੋੜੀਆਂ, ਸਕਿੱਟਾਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਖਾਣ-ਪੀਣ ਦੇ ਸਟਾਲਾਂ ਤੋਂ ਇਲਾਵਾ ਕੱਪੜੇ, ਗਹਿਣੇ, ਮਹਿੰਦੀ, ਦੇਸੀ ਜੁੱਤੀਆਂ ਆਦਿ ਦੇ ਸਟਾਲ ਵੀ ਲੱਗਣਗੇ। ਬੱਗਾ ਜਿਊਲਰਜ਼ ਵੱਲੋਂ ਹੀਰੇ ਅਤੇ ਸੋਨੇ ਦੇ ਗਹਿਣੇ ਰੈਫਰਲ ਇਨਾਮਾਂ ਵਿਚ ਕੱਢੇ ਜਾਣਗੇ। ਇਸ ਤੋਂ ਇਲਾਵਾ ਇਸ ਵਾਰ ਐਕਸਪੋ ਫਰਨੀਚਰ ਵੱਲੋਂ ਵੀ ਬਹੁਤ ਸਾਰੇ ਫਰਨੀਚਰ ਦੇ ਇਨਾਮ ਰੈਫਰਲ ਇਨਾਮਾਂ ਵਿਚ ਹੋਣਗੇ। ਡਾ. ਪਰਮਜੀਤ ਤੱਖਰ ਅਤੇ ਗੁੱਡੀ ਤੱਖਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਣਗੇ। ਇਨ੍ਹਾਂ ਵੱਲੋਂ ਵੀ ਔਰਤਾਂ ਲਈ ਵਿਸ਼ੇਸ਼ ਤੌਰ ’ਤੇ ਰੈਫਰਲ ਇਨਾਮ ਰੱਖੇ ਜਾਣਗੇ। ਗੁਰਦੀਪ ਕੌਰ ਸਮਰਾ ਅਤੇ ਬਲਬੀਰ ਸਮਰਾ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਸਟੇਜ ਦੀ ਸਜਾਵਟ ਲਾਵਾਂ-ਫੇਰੇ ਵਾਲਿਆਂ ਵੱਲੋਂ ਕੀਤੀ ਜਾਵੇਗੀ। ਸਟੇਜ ਹੋਸਟ ਆਸ਼ਾ ਸ਼ਰਮਾ ਵੱਲੋਂ ਹੋਵੇਗੀ। ਤੀਆਂ ਦੇ ਪ੍ਰਬੰਧਕ ਪਿੰਕੀ ਰੰਧਾਵਾ ਤੇ ਪਰਨੀਤ ਗਿੱਲ ਨੇ ਸਮੂਹ ਔਰਤਾਂ ਅਤੇ ਬੱਚੀਆਂ ਨੂੰ ਇਸ ਤੀਆਂ ਦੇ ਤਿਉਹਾਰ ਵਿਚ ਆਉਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਇਸ ਦੇ ਲਈ ਦਾਖਲਾ ਅਤੇ ਪਾਰਕਿੰਗ ਬਿਲਕੁਲ ਮੁਫਤ ਹੈ। ਹੋਰ ਜਾਣਕਾਰੀ ਲਈ 916-320-9444 ’ਤੇ ਸੰਪਰਕ ਕੀਤਾ ਜਾ ਸਕਦਾ ਹੈ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

## ਡਾ. ਮਨਮੋਹਨ ਸਿੰਘ ਦੁਬਾਰਾ ਰਾਜਸਥਾਨ ਤੋਂ ਬਣਨਗੇ ਰਾਜ ਸਭਾ ਮੈਂਬਰ

**ਨਵੀਂ ਦਿੱਲੀ/ਏਟੀ ਨਿਊਜ਼ :** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਹੁਣ ਇੱਕ ਵਾਰ ਫਿਰ ਰਾਜ ਸਭਾ ਵਿਚ ਜਾਣਗੇ। ਇਸ ਵਾਰ ਉਹ ਰਾਜਸਥਾਨ ਤੋਂ ਰਾਜ ਸਭਾ ਵਿਚ ਜਾਣਗੇ। ਇਸ ਸੂਬੇ ਵਿਚ ਕਾਂਗਰਸ ਦੀ ਸਰਕਾਰ ਹੈ ਤੇ ਉੱਥੇ ਹੁਣ ਡਾ. ਮਨਮੋਹਨ ਸਿੰਘ ਦੇ ਨਾਂਅ ਉੱਤੇ ਪੂਰੀ ਸਹਿਮਤੀ ਹੋ ਚੁੱਕੀ ਹੈ। ਭਰੋਸੇਯੋਗ ਸੂਤਰਾਂ ਮੁਤਾਬਕ ਰਾਜ ਸਭਾ ਦੀਆਂ ਦੋ ਸੀਟਾਂ ਲਈ ਜ਼ਿਮਨੀ ਚੋਣਾਂ ਆਉਂਦੀ 26 ਅਗਸਤ ਨੂੰ ਹੋਣੀਆਂ ਤੈਅ ਹਨ। ਚੋਣ ਕਮਿਸ਼ਨ ਇਸ ਬਾਰੇ ਪਹਿਲਾਂ ਐਲਾਨ ਕਰ ਚੁੱਕਾ ਹੈ।



## ਸਿੱਖ ਗੱਭਰੂ ਨੇ ਬਚਾਈ ਮੁਟਿਆਰ ਦੀ ਜਾਨ

**ਨਵੀਂ ਦਿੱਲੀ/ਏਟੀ ਨਿਊਜ਼ :** ਨੋਇਡਾ ਦੀ ਸ਼ਾਰਦਾ ਯੂਨੀਵਰਸਿਟੀ ਵਿਚ ਖੁਦਕੁਸ਼ੀ ਕਰਨ ਜਾ ਰਹੀ ਇੱਕ ਕੁੜੀ ਨੂੰ ਜਾਨ ਦੇ ਖ਼ਤਰੇ ਵਿਚੋਂ ਕੱਢਣ ਵਾਲੇ ਸਿੱਖ ਨੌਜਵਾਨ ਮਨਜੋਤ ਸਿੰਘ ਗੀਨ ਨੂੰ ਦਿੱਲੀ ਸਿੱਖ ਆਗੂ ਮਨਜੀਤ ਸਿੰਘ ਜੀਕੇ ਨੇ ਸਨਮਾਨਿਤ ਕੀਤਾ ਹੈ ਤੇ ਮਨਜੋਤ ਦੀ ਸਿਵਲ ਸਟੱਡੀਜ਼ ਦੀ ਤਿਆਰੀ ਦਾ ਸਾਰਾ ਖ਼ਰਚਾ ਚੁੱਕਣ ਦਾ ਭਰੋਸਾ ਦਿੱਤਾ ਹੈ। ਜੀਕੇ ਨੇ ਕਿਹਾ ਕਿ ਮਨਜੋਤ ਨੇ 23 ਸਾਲ ਦੀ ਉਮਰ ਵਿਚ ਲੜਕੀ ਦੀ ਜਾਨ ਬਚਾ ਕੇ ਆਪਣੀ ਕੌਮ ਦਾ ਨਾਂ ਰੌਸ਼ਨ ਕੀਤਾ ਹੈ। ਮਨਜੋਤ ਨੇ ਦੱਸਿਆ ਕਿ ਜਦੋਂ ਉਸ ਨੇ ਮਾਨਸਿਕ ਤੌਰ ’ਤੇ ਪਰੇਸ਼ਾਨ ਕੁੜੀ ਨੂੰ ਖੁਦਕੁਸ਼ੀ ਕਰਨ ’ਤੇ ਉਤਾਰੂ ਦੇਖੀ ਤਾਂ ਉਸ ਨੇ ਪਹਿਲਾਂ ਕੁੜੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰ ਉਹ ਨਾ ਮੰਨੀ ਅਤੇ ਮਨਜੋਤ ਨੇ ਤੇਜ਼ੀ ਨਾਲ ਜਾ ਕੇ ਉਸ ਨੂੰ ਫੜ ਲਿਆ। ਹਾਲਾਂਕਿ, ਇਸ ਦੌਰਾਨ ਕੁੜੀ ਛੱਤ ਤੋਂ ਹੇਠਾਂ ਲਟਕ ਗਈ ਪਰ ਮਨਜੋਤ ਦੀਆਂ ਮਜ਼ਬੂਤ ਬਾਹਵਾਂ ਨੇ ਉਸ ਨੂੰ ਹੇਠਾਂ ਨਾ ਡਿੱਗਣ ਦਿੱਤਾ। ਇਹ ਦੇਖ ਹੋਰ ਜਣੇ ਵੀ ਮਨਜੋਤ ਦਾ ਸਾਥ ਦੇਣ ਲਈ ਆ ਗਏ। ਮਨਜੋਤ ਸਿੰਘ ਜੰਮੂ ਦਾ ਰਹਿਣ ਵਾਲਾ ਹੈ ਹੋ ਸ਼ਾਰਦਾ ਯੂਨੀਵਰਸਿਟੀ ਵਿਚ ਬੀ-ਟੈਕ ਦੀ ਪੜ੍ਹਾਈ ਕਰ ਰਿਹਾ ਹੈ। ਇਸ ਦੇ ਨਾਲ ਹੀ ਉਹ ਭੰਗੜਾ ਕੋਚ ਦੇ ਤੌਰ ’ਤੇ ਪਾਰਟ-ਟਾਈਮ ਕੰਮ ਵੀ ਕਰਦਾ ਹੈ।

# ਬੇਅਦਬੀ ਮਾਮਲਾ : ਪੰਜਾਬ ਸਰਕਾਰ ਵੱਲੋਂ ਸੀਬੀਆਈ. ਦੀ ਕਲੋਜ਼ਰ ਰਿਪੋਰਟ ਰੱਦ

- **ਸੀਬੀਆਈ ਦੀ ਗ਼ੈਰ-ਜ਼ਿੰਮੇਵਾਰੀ ਕਾਰਨ ਪੰਜਾਬ ਦੇ ਅਮਨ ਨੂੰ ਖਤਰਾ : ਕੈਪਟਨ**
- **ਕੋਟਕਪੁਰਾ ਗੋਲੀ ਕਾਂਡ ਦਾ ਮਾਮਲਾ ਸ਼ੈਸ਼ਨ ਕੋਰਟ ’ਚ ਵਿਚਾਰਿਆ ਜਾਵੇਗਾ**
- **ਹਵਾਰਾ ਪੰਥਕ ਗਰੁੱਪ ਨੇ ਕਲੋਜ਼ਰ ਰਿਪੋਰਟ ਦੀਆਂ ਕਾਪੀਆਂ ਫੂਕੀਆਂ**




**ਚੰਡੀਗੜ੍ਹ/ਏਟੀ ਨਿਊਜ਼ :**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਰਗਾੜੀ ਬੇਅਦਬੀ ਕੇਸ ਵਿਚ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਨੂੰ ਕਾਹਲਪੁਣੇ ਵਿਚ ਕੀਤੀ ਕਾਰਵਾਈ ਦੱਸਦਿਆਂ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸਿੱਖ ਭਾਈਚਾਰੇ ਦੇ ਹਿਰਦਿਆਂ ਨੂੰ ਡੂੰਘੀ ਠੇਸ ਪਹੁੰਚੀ ਹੈ ਜਿਸ ਕਰਕੇ ਇਸ ਰਿਪੋਰਟ ਨੂੰ ਤੁਰੰਤ ਵਾਪਸ ਲੈਣਾ ਚਾਹੀਦਾ ਹੈ ਤਾਂ ਕਿ ਇਸ ਮਾਮਲੇ ਦੀ ਵਿਸਥਾਰਤ ਜਾਂਚ ਯਕੀਨੀ ਬਣਾਈ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰੀ ਜਾਂਚ ਏਜੰਸੀ ਨੇ ਨਾ ਸਿਰਫ਼ ਜਾਂਚ ਦੇ ਵੱਖ-ਵੱਖ ਅਹਿਮ ਪਹਿਲੂਆਂ ਨੂੰ ਅਣਡਿੱਠ ਕੀਤਾ ਹੈ, ਸਗੋਂ ਦੋਸ਼ੀਆਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਵੀ ਖੜ੍ਹਾ ਨਹੀਂ ਕੀਤਾ ਜਿਸ ਦੀ ਦੇਸ਼ ਦੀ ਸਿਖਰਲੀ ਜਾਂਚ ਏਜੰਸੀ ਤੋਂ ਆਸ ਸੀ। ਸੀ.ਬੀ.ਆਈ. ਤੋਂ ਜਾਂਚ ਵਾਪਸ ਲੈਣ ਦੇ ਵਿਧਾਨ ਸਭਾ ਵਿਚ ਪਾਸ ਕੀਤੇ ਮਤੇ ਦੇ ਬਾਵਜੂਦ ਜਾਂਚ ਨੂੰ ਅੱਗੇ ਤੋਰਨ ਲਈ ਇਸ ਕੇਸ ਨੂੰ ਮੁੜ ਖੋਲ੍ਹਣ ਦੀ ਮੰਗ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਰਿਪੋਰਟ ਬੰਦ ਕਰਨ ਦੇ ਬਿਹਤਰ ਕਾਰਨ ਤਾਂ ਏਜੰਸੀ ਨਾਲ ਜੁੜੇ ਲੋਕ ਹੀ ਜਾਣਦੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹੇ ਕਦਮ ਨਾਲ ਸੂਬੇ ਦੀ ਅਮਨ ਕਾਨੂੰਨ ਦੀ ਵਿਵਸਥਾ ’ਤੇ ਗੰਭੀਰ ਅਸਰ ਪੈ ਸਕਦਾ ਹੈ, ਜਿਸ ਦੇ ਮੁਲਕ ਲਈ ਵੀ ਗੰਭੀਰ ਨਤੀਜੇ ਸਾਹਮਣੇ ਆ ਸਕਦੇ ਹਨ। ਇਸ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਜ਼ਿਕਰ ਕਰਦਿਆਂ ਕੈਪਟਨ ਨੇ ਕਿਹਾ ਕਿ ਇਸ ਮਸਲੇ ਨੂੰ ਕਾਨੂੰਨੀ ਸਿੱਟੇ ’ਤੇ ਲਿਜਾਣ ਲਈ ਇਸ ਨਾਲ ਜੁੜੇ ਹਰੇਕ ਪੱਖ ਦੀ ਨਿਰਪੱਖ ਜਾਂਚ ਕਰਨ ਦੀ ਲੋੜ ਹੈ।

### ਕੋਟਕਪੂਰਾ ਗੋਲ਼ੀਕਾਂਡ ਕੇਸ ਦੂਜੀ ਅਦਾਲਤ ਵਿਚ ਤਬਦੀਲ

ਕੋਟਕਪੂਰਾ ਗੋਲ਼ੀਕਾਂਡ ਮਾਮਲੇ ਵਿੱਚ ਇੱਥੋਂ ਅਦਾਲਤ ਵਿੱਚ ਸੁਣਵਾਈ ਕੀਤੀ ਗਈ, ਪਰ ਹੁਣ ਇਹ ਮਾਮਲਾ ਸੈਸ਼ਨ ਕੋਰਟ ਵਿੱਚ ਵਿਚਾਰਿਆ ਜਾਵੇਗਾ। ਗੋਲ਼ੀਕਾਂਡ ਦੇ ਮੁਲਜ਼ਮ ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਪਰਮਜੀਤ ਸਿੰਘ ਪੰਨੂੰ, ਬਲਜੀਤ ਸਿੰਘ ਸਿੱਧੂ,ਗੁਰਦੀਪ ਸਿੰਘ ਪੰਧੇਰ ਅਤੇ ਅਕਾਲੀ ਦਲ ਦੇ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਅਦਾਲਤ ਵਿੱਚ ਪੇਸ਼ ਹੋਏ ਪਰ ਚਰਨਜੀਤ ਸ਼ਰਮਾ ਬਿਮਾਰੀ ਕਾਰਨ ਅਦਾਲਤ ਵਿੱਚ ਪੇਸ਼ ਨਹੀਂ ਹੋਏ। ਗੋਲ਼ੀਕਾਂਡ ਮਾਮਲੇ ਵਿੱਚ ਅਦਾਲਤ ਨੇ ਸਿੱਟ ਅਤੇ ਬਚਾਅ ਪੱਖ ਦੋਹਾਂ ਨੂੰ ਝਟਕਾ ਦਿੱਤਾ। ਅਦਾਲਤ ਨੇ ਆਈਜੀ ਉਮਰਾਨੰਗਲ ਵੱਲੋਂ ਦਾਇਰ ਕੀਤੀ ਕੇਸ ਡਾਇਰੀ ਦੇਣ ਦੀ ਮੰਗ ਨੂੰ ਖਾਰਜ ਕਰ ਦਿੱਤਾ ਹੈ। ਨਾਲ ਹੀ ਸਿੱਟ ਵੱਲੋਂ ਗੁਰਦੀਪ ਸਿੰਘ ਪੰਧੇਰ ਕੋਲ ਜਾਂਚ ਨਾਲ ਜੁੜੇ ਸਬੂਤ ਹੋਣ ਸਬੰਧੀ ਲਾਈ ਅਰਜ਼ੀ ਵੀ ਅਦਾਲਤ ਨੇ ਰੱਦ ਕਰ ਦਿੱਤੀ ਹੈ। ਪੰਧੇਰ ਨੇ ਇਹ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਦਾਇਰ ਸੀ, ਜਿਸ ਵਿੱਚ ਜਾਂਚ ਨਾਲ ਜੁੜੇ ਸਬੂਤ ਤੇ ਦਸਤਾਵੇਜ਼ ਆਦਿ ਸ਼ਾਮਲ ਸਨ। ਉਸ ਦੀ ਮੰਗ ਹੈ ਕਿ ਉਸ ਖ਼ਿਲਾਫ਼ ਦਰਜ ਕੇਸ ਰੱਦ ਕੀਤਾ ਜਾਵੇ।

### ਕਲੋਜ਼ਰ ਰਿਪੋਰਟ ਦੀਆਂ ਕਾਪੀਆਂ ਸਾੜੀਆਂ

ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਾਰਜਸ਼ੀਲ 21 ਮੈਂਬਰੀ ਕਮੇਟੀ ਵੱਲੋਂ ਗੁਰਦੁਆਰਾ ਫਤਹਿਗੜ੍ਹ ਸਾਹਿਬ ਦੇ ਸਾਹਮਣੇ ਕਮੇਟੀ ਦੇ ਮੁੱਖ ਬੁਲਾਰੇ ਪ੍ਰੋਫੈਸਰ ਬਲਜਿੰਦਰ ਸਿੰਘ ਦੀ ਅਗਵਾਈ ਵਿਚ, ਸੀ.ਬੀ.ਆਈ. ਵੱਲੋਂ ਮੁਹਾਲੀ ਦੀ ਅਦਾਲਤ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਪੇਸ਼ ਕੀਤੀ ਕਲੋਜ਼ਰ ਰਿਪੋਰਟ ਨੂੰ ਨਕਾਰਦਿਆਂ, ਰਿਪੋਰਟ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰੋਫੈਸਰ ਬਲਜਿੰਦਰ ਸਿੰਘ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਇਨਸਾਫ਼ ਨਹੀਂ ਮਿਲਿਆ ਹੈ। ਉਨ੍ਹਾਂ ਕਥਿਤ ਦੋਸ਼ ਲਗਾਇਆ ਕਿ ਡੇਰਾ ਪ੍ਰੇਮੀਆਂ ਨੇ ਮਿੱਥ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ। 5 ਨਵੰਬਰ 2015 ਨੂੰ ਤਤਕਾਲੀ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ। 6 ਸਤੰਬਰ 2017 ਨੂੰ ਪੰਜਾਬ ਵਿਧਾਨ ਸਭਾ ਵਿਚ ਮਤਾ ਪਾ ਕੇ ਉਕਤ ਜਾਂਚ ਨੂੰ ਵਾਪਸ ਲੈ ਲਿਆ ਗਿਆ ਸੀ। ਇਸ ਲਈ ਹੁਣ ਸੀਬੀਆਈ ਦੀ ਕਲੋਜ਼ਰ ਰਿਪੋਰਟ ਦੀ ਕੋਈ ਮਹੱਤਤਾ ਨਹੀਂ ਰਹਿ ਜਾਂਦੀ ਹੈ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang
Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਊਧਮ ਸਿੰਘ ਦਾ ਸ਼ਹੀਦੀ ਦਿਵਸ ਸ਼ਰਧਾ ਨਾਲ ਮਨਾਇਆ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਿਆਟਲ ਦੇ ਵੱਖ-ਵੱਖ ਗੁਰੂਘਰਾਂ ਗੁਰਦੁਆਰਾ ਸਿੰਘ ਸਭਾ ਰੈਨਟਨ, ਗੁਰਦੁਆਰਾ ਸੱਚਾ ਮਾਰਗ ਐਬਰਨ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਕੈਂਟ ਵਿਚ ਮਹਾਨ ਸ਼ਹੀਦ ਭਾਈ ਊਧਮ ਸਿੰਘ ਜੀ ਦਾ ਸ਼ਹੀਦੀ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸੱਚਾ ਮਾਰਗ ਐਬਰਨ ਵਿਚ ਭਾਈ ਕੁਲਵਿੰਦਰ ਸਿੰਘ ਤੇ ਭਾਈ ਰਘਬੀਰ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਸ਼ਹੀਦ ਊਧਮ ਸਿੰਘ ਜੀ ਦੀ ਲਾਸਾਨੀ ਸ਼ਹੀਦੀ ਬਾਰੇ ਚਾਨਣਾ



ਪਾਇਆ। ਸਟੇਜ ਦਾ ਸੰਚਾਲਨ ਕਰਦਿਆਂ ਹਰਸ਼ਿੰਦਰ ਸਿੰਘ ਸੰਧੂ ਨੇ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਨੂੰ ਪ੍ਰਣਾਮ ਕੀਤਾ ਜਿਨ੍ਹਾਂ ਨਿਰਦੋਸ਼ੇ ਲੋਕਾਂ ਨੂੰ ਮਾਰਨ ਵਾਲੇ ਜਨਰਲ ਅਡਵਾਇਰ ਨੂੰ 22 ਸਾਲਾਂ ਬਾਅਦ ਇੰਗਲੈਂਡ ਵਿਚ ਪਹੁੰਚ ਕੇ ਮਾਰ ਕੇ ਬਦਲਾ ਲਿਆ ਸੀ। ਇਸ ਮੌਕੇ ਲੰਗਰਾਂ ਦੀ ਸੇਵਾ ਸੁਖਵਿੰਦਰ ਸਿੰਘ 'ਸਟੀਵ ਅਟਵਾਲ' ਤੇ ਬੀਬੀ ਪਰਮਜੀਤ ਕੌਰ ਨੇ ਆਪਣੀ ਪੋਤੀ ਦੇ ਜਨਮ ਦੀ ਖੁਸ਼ੀ ਵਿਚ ਬੜੀ ਸੇਵਾ ਭਾਵਨਾ ਨਾਲ ਨਿਭਾਈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਕੈਂਟ ਵਿਚ ਭਾਈ ਸਾਧੂ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਮਹਿੰਦਰ ਸਿੰਘ ਨਿੱਝਰ ਨੇ ਆਪਣੇ ਲੜਕੇ ਗੋਮਿੰਦਰ ਸਿੰਘ ਗਿੰਦੀ ਤੇ ਲੜਕੀ ਰਾਮਿੰਦਰ ਕੌਰ ਦੇ ਜਨਮ ਦਿਵਸ ਦੀ ਖ਼ੁਸ਼ੀ ਤੇ ਸ਼ੁਕਰਾਨੇ ਵਜੋਂ ਲੰਗਰਾਂ ਦੀ ਸੇਵਾ ਨਿਭਾਈ।

# ਬਾਬਾ ਬਿਧੀ ਚੰਦ ਸੰਪਰਦਾਇ ਦੇ ਮੁੱਖ ਪ੍ਰਚਾਰਕ ਕਥਾਵਾਚਕ ਗਿਆਨੀ ਸਰੂਪ ਸਿੰਘ ਦੀ ਮੌਤ ਤੇ ਦੁੱਖ ਪ੍ਰਗਟ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਬਾਬਾ ਬਿੱਧੀ ਚੰਦ ਸੰਪਰਦਾਇ ਦੇ ਮੁੱਖ ਪ੍ਰਚਾਰਕ ਤੇ ਦੇਸ਼ ਵਿਦੇਸ਼ ਵਿਚ ਕਥਾ ਕਰਨ ਵਾਲੇ ਬਾਬਾ ਬਿੱਧੀ ਚੰਦ ਭੱਠ ਸਾਹਿਬ ਗੁਰਦੁਆਰਾ ਪੱਟੀ ਦੇ ਸੰਚਾਲਕ ਗਿਆਨੀ ਸਰੂਪ ਸਿੰਘ (55 ਸਾਲ) ਦੀ ਪੀਲੀਆ ਹੋਣ ਕਾਰਨ ਅਚਨਚੇਤ ਮੌਤ ਹੋ ਗਈ। ਦੇਸ਼ ਵਿਦੇਸ਼ ਦੀ ਸੰਗਤ ਵਲੋਂ ਉਨ੍ਹਾਂ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ਹੈ। ਗਿਆਨੀ ਸਰੂਪ ਸਿੰਘ ਨੇ ਸਾਰੀ ਉਮਰ ਬਾਬਾ ਸੋਹਣ ਸਿੰਘ ਤੇ ਸਚਖੰਡ ਵਾਸੀ ਬਾਬਾ ਦਯਿਆ ਸਿੰਘ ਜੀ ਦੀ ਹਜ਼ੂਰੀ ਵਿਚ ਰਹਿ ਕੇ ਅਥਾਹ ਸੇਵਾ ਕੀਤੀ ਅਤੇ ਬਾਬਾ ਬਿੱਧੀ ਚੰਦ ਸੰਪਰਦਾਇ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਗਿਆਨੀ ਸਰੂਪ ਸਿੰਘ ਦੀ ਵਿਛੜੀ ਆਤਮਾ ਦੀ ਸ਼ਾਂਤੀ ਲਈ ਪੱਟੀ ਗੁਰਦੁਆਰਾ ਭੱਠ ਸਾਹਿਬ ਵਿਖੇ ਮੰਗਲਵਾਰ 13 ਅਗਸਤ ਨੂੰ ਅੰਤਿਮ ਅਰਦਾਸ ਹੋਵੇਗੀ। ਭਾਈ ਸਾਹਿਬ ਦੇ ਅਕਾਲ ਚਲਾਣੇ ਉਤੇ ਬਾਬਾ ਗੁਰਬਚਨ ਸਿੰਘ, ਪਦਮਸ਼੍ਰੀ ਕਰਤਾਰ ਸਿੰਘ ਪਹਿਲਵਾਨ, ਹਰਦੀਪ ਸਿੰਘ ਸੰਧੂ, ਕੈਲੀਫੋਰਨੀਆ ਤੋਂ ਭਰਪੂਰ ਸਿੰਘ, ਜਗਦੀਸ਼ ਸਿੰਘ ਢਿੱਲੋਂ ਬੇਕਰਸਫ਼ੀਲਡ, ਕੁਲਦੀਪ ਸਿੰਘ ਅਤੇ ਸਿਆਟਲ ਤੋਂ ਦਿਲਬਾਗ ਸਿੰਘ ਝਬਾਲ, ਜਗਦੇਵ ਸਿੰਘ ਧਾਲੀਵਾਲ, ਗੁਲਜ਼ਾਰ ਸਿੰਘ ਚਾਟੀਵਿੰਡ ਸਮੇਤ ਦੇਸ਼ ਵਿਦੇਸ਼ ਦੀ ਸੰਗਤ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ ਅਤੇ ਗਿਆਨੀ ਸਰੂਪ ਸਿੰਘ ਦੀ ਸੇਵਾ ਨੂੰ ਪ੍ਰਣਾਮ ਕੀਤਾ ਹੈ। ਗੌਰਤਲਬ ਹੈ ਕਿ ਗਿਆਨੀ ਸਰੂਪ ਸਿੰਘ ਦੀ ਸ਼ਾਦੀ ਨਹੀਂ ਹੋਈ ਸੀ, ਸਗੋਂ ਉਨ੍ਹਾਂ ਪਰਗਟ ਸਿੰਘ ਨਾਂ ਦੇ ਬੱਚੇ ਨੂੰ ਗੋਦ ਲੈ ਕੇ ਪਾਲਣਾ ਕੀਤੀ। ਗਿਆਨੀ ਸਰੂਪ ਸਿੰਘ 18 ਸਾਲ ਪਹਿਲਾਂ ਬਾਬਾ ਬਿੱਧੀ ਚੰਦ ਜੀ ਦੇ ਸ਼ਾਸਤਰ ਲੈ ਕੇ ਪ੍ਰਚਾਰ ਅਤੇ ਪ੍ਰਸਾਰ ਲਈ ਅਮਰੀਕਾ ਵੀ ਪਹੁੰਚੇ ਸਨ।



# ਪਰਵਾਸੀ ਹੁਣ ਪੰਜਾਬ 'ਚ ਵਿਆਹ ਕਰਨ ਤੋਂ ਕੰਨੀ ਕਤਰਾਉਣ ਲੱਗੇ

**ਐਡਮਿੰਟਨ/ਏਟੀ ਨਿਊਜ਼ :** ਪੰਜਾਬ ਵਿਚ ਬਦਲ ਰਹੇ ਹਾਲਾਤ ਦਾ ਅਸਰ ਪ੍ਰਵਾਸੀ ਪੰਜਾਬੀਆਂ ਦੀਆਂ ਖ਼ੁਸ਼ੀਆਂ 'ਤੇ ਵੀ ਪੈਣ ਲੱਗਾ ਹੈ। ਮਾੜੇ ਹਾਲਾਤ ਨੂੰ ਲੈ ਕੇ ਹੁਣ ਪੰਜਾਬੀਆਂ ਨੇ ਆਪਣਿਆਂ ਬੱਚਿਆਂ ਦੇ ਵਿਆਹ ਪੰਜਾਬ ਵਿਚ ਕਰਨ ਦੀ ਬਜਾਏ ਕੈਨੇਡਾ ਵਿਚ ਕਰਨੇ ਸ਼ੁਰੂ ਕਰ ਦਿੱਤੇ ਹਨ। ਰਿਸ਼ਤੇਦਾਰਾਂ ਨੂੰ ਬਹੁਤ ਚਾਅ ਹੁੰਦਾ ਹੈ ਕਿ ਉਹ ਆਪਣੇ ਪੁੱਤ, ਭਤੀਜੇ ਤੇ ਹੋਰ ਨੇੜਲੇ ਰਿਸ਼ਤੇਦਾਰਾਂ ਦੇ ਬੱਚਿਆਂ ਦੇ ਵਿਆਹ ਲਈ ਪੰਜਾਬ ਜਾਣਗੇ ਤੇ ਉਥੇ ਰਹਿੰਦੇ ਰਿਸ਼ਤੇਦਾਰਾਂ ਨਾਲ ਖੁੱਲ ਕੇ ਖ਼ੁਸ਼ੀ ਸਾਂਝੀ ਕਰਾਂਗੇ, ਪਰ ਹਰ ਰੋਜ਼ ਪੰਜਾਬ ਵਿਚ ਵੱਧ ਰਹੇ ਜੁਰਮਾਂ ਤੇ ਮਾੜੀਆਂ ਘਟਨਾਵਾਂ ਨੇ ਪ੍ਰਵਾਸੀ ਪੰਜਾਬੀਆਂ ਦਾ ਮਨ ਖੱਟਾ ਕਰ ਦਿੱਤਾ ਹੈ। ਇਸ ਬਾਰੇ ਪ੍ਰੀਤਮ ਸਿੰਘ ਦਾ ਕਹਿਣਾ ਹੈ ਕਿ ਉਹ 75 ਵਰ੍ਹਿਆਂ ਦੇ ਹਨ ਤੇ 25 ਸਾਲ ਦੀ ਉਮਰ ਵਿਚ ਇਥੇ ਆ ਗਿਆ ਸੀ ਤੇ ਉਸ ਨੇ ਆਪਣਾ, ਆਪਣੀਆਂ ਭੈਣਾਂ, ਭਰਾਵਾਂ ਤੇ ਬੱਚਿਆਂ ਦਾ ਵਿਆਹ ਆਪਣੇ ਪਿੰਡ ਵਿਚ ਕੀਤੇ ਸੀ ਤੇ ਹਰ ਖ਼ੁਸ਼ੀ ਆਪਣੇ ਸ਼ਰੀਕੇ ਨਾਲ ਸਾਂਝੀ ਕੀਤੀ ਸੀ ਪਰ ਹੁਣ ਮੇਰੇ ਬੇਟੇ ਆਪਣੇ ਬੱਚਿਆਂ ਦੇ ਵਿਆਹ ਪੰਜਾਬ ਵਿਚ ਨਹੀਂ ਕਰਨਗੇ, ਇਸ ਦਾ ਸਿੱਧਾ ਕਾਰਨ ਹੈ ਕਿ ਪੰਜਾਬ ਜਿਸ ਦੌਰ ਵਿਚ ਗੁਜ਼ਰ ਰਿਹਾ ਹੈ ਉਸ ਦੀਆਂ ਖਬਰਾਂ ਸੁਣ ਕੇ ਦਿਲ ਕੰਬਦਾ ਹੈ। ਜਸਕਰਨ ਸਿੰਘ ਬਰਾੜ ਕੋਟਲੀ ਸੰਗਰ ਸ੍ਰੀ ਮੁਕਤਸਰ ਸਹਿਬ ਦਾ ਕਹਿਣਾ ਕਿ ਪਹਿਲਾ ਭਾਈਚਾਰਾ ਦਿਲੋਂ ਖ਼ੁਸ਼ੀ ਸਾਂਝੀ ਕਰਦਾ ਸੀ ਪਰ ਹੁਣ ਢਿੱਡੋਂ ਦੁੱਖੀ ਹੁੰਦੇ ਹਨ ਕਿ ਉਹ ਐਨੀ ਤਰੱਕੀ ਕਿਉਂ ਕਰ ਗਏ। ਬਹੁਤ ਸਾਰੇ ਪੰਜਾਬੀਆਂ ਦਾ ਕਹਿਣਾ ਕੇ ਜੇ ਅੱਜ ਪੰਜਾਬ ਬਿਮਾਰ ਹੈ ਤਾਂ ਉਸ ਦਾ ਇਲਾਜ ਵੀ ਅਸੀਂ ਕਰਾਉਣਾ ਹੈ, ਭਾਵੇਂ ਸਾਨੂੰ ਕੋਈ ਵੀ ਕੁਰਬਾਨੀ ਦੇਣੀ ਪਵੇ।

# ਇਲੇਨਾਇਸੁ ਸਟੇਟ ਗਵਰਨਰ ਵੱਲੋਂ ਸਾਲ ਦੇ ਅਪਰੈਲ ਮਹੀਨੇ ਨੂੰ ਸਿੱਖ ਅਵੇਅਰਨਸ ਮਹੀਨੇ ਵਜੋਂ ਮਨਾਉਣ ਦਾ ਐਲਾਨ

## ਸਿੱਖ ਮਰਿਆਦਾ ਦੀ ਉਲੰਘਣਾ ਕਾਰਨ ਸੰਗਤ ਵਿਚ ਰੋਸ

**ਸ਼ਿਕਾਗੋ/ਮੱਖਣ ਸਿੰਘ ਕਲੇਰ :** ਇਥੋਂ ਦੇ ਪੈਲਾਟਾਇਨ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਮੈਂਬਰਾਂ ਅਤੇ ਮੋਹਤਬਰ ਸਿੱਖਾਂ ਵਲੋਂ ਉਪਰਾਲਾ ਕਰਕੇ ਇਲੇਨਾਇਸੁ ਸਟੇਟ ਵਲੋਂ ਅਪਰੈਲ ਮਹੀਨੇ ਨੂੰ "ਸਿੱਖ ਅਵੇਅਰਨਸ ਮੰਨਥ" ਵਜੋਂ ਐਲਾਨ ਕਰਵਾ ਕੇ ਇਕ ਬਿੱਲ ਪਾਸ ਕਰਵਾਇਆ ਗਿਆ ਹੈ। ਇਲੇਨਾਇਸੁ ਸਟੇਟ ਦੇ ਗਵਰਨਰ ਮਿਸਟਰ ਜੇਬੀ ਪਰਿਟਜ਼ਕਰ 3 ਅਗਸਤ ਸ਼ਨਿਚਰਵਾਰ ਨੂੰ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਇਹ ਇਤਿਹਾਸਕ ਬਿੱਲ ਸਾਇਨ ਕਰਨ ਵਾਸਤੇ ਪਹੁੰਚੇ। ਇਸ 'ਤੇ ਸੰਗਤ ਨੇ ਬੇਹੱਦ ਖ਼ੁਸ਼ੀ ਜ਼ਾਹਿਰ ਕੀਤੀ ਹੈ। ਇਸ ਤੋਂ ਪਹਿਲਾਂ ਸੰਗਤ ਵਿਚ ਸਵਾਲ ਅਤੇ ਦੁਬਿਧਾ ਵੀ ਪੈਦਾ ਹੋ ਗਈ, ਜਦੋਂ ਗਵਰਨਰ ਜੇਬੀ ਪਰਿਟਜ਼ਕਰ ਨੇ ਗੁਰਦੁਆਰਾ ਸਾਹਿਬ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੋੜੇ ਉਤਾਰਨ ਅਤੇ ਸਿਰ ਢਕਣ ਤੋਂ ਮਨ੍ਹਾ ਕਰ ਦਿੱਤਾ। ਇਸ ਦੀ ਜਾਣਕਾਰੀ ਉਨਾਂ ਪਹਿਲਾਂ ਹੀ ਪ੍ਰਬੰਧਕਾਂ ਨੂੰ ਦੇ ਦਿੱਤੀ ਸੀ ਤੇ ਇਸ ਪ੍ਰਤੀ ਸੁਹਿਰਦ ਸੱਜਣਾਂ ਵਲੋਂ ਮੀਟਿੰਗ ਕੀਤੀ ਗਈ ਜਿਸ ਵਿਚ ਫੈਸਲਾ ਕੀਤਾ ਗਿਆ ਕਿ ਬਾਹਰ ਹੀ ਪ੍ਰਬੰਧ ਕਰਕੇ ਉਨਾਂ ਨੂੰ 'ਜੀ ਆਇਆਂ ਨੂੰ' ਆਖਿਆ ਜਾਵੇ ਤੇ ਉਥੇ ਹੀ ਬਿੱਲ ਸਾਇਨ ਕਰਵਾਇਆ ਜਾਵੇ। ਇਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਇਸ ਸਾਰੇ ਘਟਨਾਕ੍ਰਮ 'ਤੇ ਇਕ ਬੋਰਡ ਮੈਂਬਰ ਨੇ ਈਮੇਲ ਰਾਹੀਂ ਆਪਣਾ ਰੋਸ ਜ਼ਾਹਿਰ ਕਰਦਿਆਂ ਆਹੁਦਿਆਂ ਤੋਂ ਅਸਤੀਫਾ ਵੀ ਦੇ ਦਿੱਤਾ ਹੈ। ਸੰਗਤ ਵਿਚ ਵੀ ਚਰਚਾ ਚੱਲ ਰਹੀ ਹੈ ਕਿ ਗਵਰਨਰ ਜੇਬੀ ਪਰਿਟਜ਼ਕਰ ਨੇ ਖੁਦ ਸਿੱਖੀ ਪ੍ਰੰਪਰਾਵਾਂ ਦੀ ਕਦਰ ਨਹੀਂ ਕੀਤੀ ਜਾਂ ਫਿਰ ਪ੍ਰਬੰਧਕਾਂ ਵਲੋਂ ਗਵਰਨਰ ਨੂੰ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਬਾਰੇ ਪੂਰੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਇਸ ਤੋਂ ਕੁਝ ਮਹੀਨੇ ਪਹਿਲਾਂ ਵੀ ਇਕ ਪਰੋਕਲਾਮੇਸ਼ਨ (ਸਰਕਾਰੀ ਐਲਾਨਨਾਮਾ) ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਦਿਹਾੜੇ ਸੰਬੰਧੀ ਪਾਸ ਕਰਵਾਇਆ ਗਿਆ ਸੀ। ਉਸ ਸਮੇਂ ਇਹ ਕੁਝ ਚੋਣਵੇਂ ਪ੍ਰਬੰਧਕ ਸੰਗਤ ਦੇ ਕੁਝ ਮੈਂਬਰਾਂ ਨੂੰ ਨਾਲ ਲੈ ਕੇ ਇਲੇਨਾਇਸੁ ਸਟੇਟ ਦੀ ਰਾਜਧਾਨੀ ਸਪਰਿੰਗਫੀਲਡ ਗਏ ਸਨ। ਉਸ ਸਮੇਂ ਵੀ ਗਵਰਨਰ ਨੇ ਉਨ੍ਹਾਂ ਨੂੰ ਸਕਿਊਰਟੀ ਦੇ ਮੱਦੇਨਜ਼ਰ ਸ੍ਰੀ ਸਾਹਿਬ ਉਤਾਰ ਕੇ ਆਉਣ ਲਈ ਕਿਹਾ ਸੀ, ਜਿਸ ਬਾਰੇ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਵੀ ਅਨਾਊਂਸ ਕੀਤਾ ਗਿਆ ਸੀ ਕਿ ਜਿਸ ਨੇ ਵੀ ਉਥੇ ਜਾਣਾ ਹੈ, ਉਹ ਵਿਅਕਤੀ ਆਪਣੀ ਸ੍ਰੀ ਸਾਹਿਬ ਨਾਲ ਲੈ ਕੇ ਨਾ ਜਾਵੇ। ਉਦੋਂ ਉਥੇ ਜਾਣ ਵਾਲੇ ਸੱਜਣਾਂ ਸਮੇਤ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਸਾਹਿਬ ਨੇ ਆਪੋ ਆਪਣੀਆਂ ਸ੍ਰੀ ਸਾਹਿਬ ਉਤਾਰ ਦਿਤੀਆਂ ਸਨ। ਹੁਣ ਸਵਾਲ ਇਹ ਉਠਦਾ ਹੈ ਕਿ ਆਪਣੀ ਹਉਮੇ ਨੂੰ ਪੱਠੇ ਪਾਉਣ ਖਾਤਿਰ ਸਿੱਖੀ ਕਦਰਾਂ ਕੀਮਤਾਂ ਦਾ ਘਾਣ ਕਿਉਂ ਹੋ ਰਿਹਾ ਹੈ।




# ਗੁਰੂ ਨਾਨਕ ਜੀ ਦੀ 550ਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਕੌਮਾਂਤਰੀ ਨਗਰ ਕੀਰਤਨ ਸਜਿਆ

## ਸਿੱਖ ਜਗਤ ਦੇ ਉਪਰਾਲਿਆਂ ਕਾਰਨ ਦਿੱਲੀ-ਲਾਹੌਰ ਦਾ ਫਾਸਲਾ ਘਟਣ ਦੀ ਸੰਭਾਵਨਾ

**ਲਾਹੌਰ/ਏਟੀ ਨਿਊਜ਼ :** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੀ ਯਾਦ ਵਿੱਚ ਕੌਮਾਂਤਰੀ ਨਗਰ ਕੀਰਤਨ ਅਟਾਰੀ ਸਰਹੱਦ ਰਾਹੀਂ ਭਾਰਤ ਵਿੱਚ ਦਾਖ਼ਲ ਹੋਇਆ। ਇਹ ਪਹਿਲੀ ਵਾਰ ਹੋਇਆ ਹੈ ਕਿ ਦੋਵਾਂ ਦੇਸ਼ਾਂ ਵਿੱਚ ਇਹੋ ਜਿਹੀ ਧਾਰਮਿਕ ਯਾਤਰਾ ਨੂੰ ਇਵੇਂ ਜਾਣ ਦੀ ਖੁੱਲ੍ਹ ਮਿਲੀ ਹੋਵੇ। ਸ਼ਰਧਾਲੂਆਂ ਨੇ ਗੁਰਦੁਆਰਾ ਪੱਟੀ ਸਾਹਿਬ, ਗੁਰਦੁਆਰਾ ਬਾਲ ਲੀਲਾ ਸਾਹਿਬ, ਗੁਰਦੁਆਰਾ ਕਿਆਰਾ ਸਾਹਿਬ, ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਮਾਲਜੀ ਸਾਹਿਬ ਤੇ ਗੁਰਦੁਆਰਾ ਪਾਤ: ਪੰਜਵੀਂ ਤੇ ਛੇਵੀਂ ਦੇ ਦਰਸ਼ਨ ਕੀਤੇ। ਇਸ ਤੋਂ ਪਹਿਲਾਂ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਔਕਾਫ ਬੋਰਡ ਦੇ ਸਕੱਤਰ ਤਾਰਿਕ ਵਜ਼ੀਰ ਖਾਂ, ਇਮਰਾਨ ਗੋਂਦਲ, ਪਾਕਿਸਤਾਨ ਕਮੇਟੀ ਪ੍ਰਧਾਨ ਸਤਵੰਤ ਸਿੰਘ, ਜਨਰਲ ਸਕੱਤਰ ਅਮੀਰ ਸਿੰਘ ਅਤੇ ਹੋਰ ਮੈਂਬਰਾਂ ਨੂੰ ਸਿਰੋਪਾਓ, ਮਾਡਲ, ਸ੍ਰੀ ਸਾਹਿਬ ਤੇ ਸੋਨੇ ਦੇ ਵਿਸ਼ੇਸ਼ ਸਿੱਕੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਪਾਕਿ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਹੋਰ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਸ਼੍ਰੋਮਣੀ ਕਮੇਟੀ ਵਲੋਂ ਭਾਈ ਮਰਦਾਨਾ ਜੀ ਦੇ ਵੰਸ਼ਜ ਭਾਈ ਸਰਫ਼ਰਾਜ ਦੇ ਜਥੇ, ਜਿਸ ਵਿਚ ਉਨ੍ਹਾਂ ਦੇ ਪਿਤਾ ਤੇ ਭਰਾ ਸ਼ਾਮਿਲ ਹਨ, ਨੂੰ ਐਲਾਨੀ 21 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਸਹਾਇਤਾ ਰਾਸ਼ੀ ਦੀ ਪਹਿਲੀ ਕਿਸ਼ਤ (ਜੋ ਪਾਕਿਸਤਾਨੀ ਕਰੰਸੀ ਅਨੁਸਾਰ 42 ਹਜ਼ਾਰ ਰੁਪਏ ਤੋਂ ਵੱਧ ਬਣਦੀ ਹੈ) ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਭੇਟ ਕੀਤੀ। ਇਸ ਤੋਂ ਇਲਾਵਾ ਭਾਈ ਸਰਫ਼ਰਾਜ ਦੀ ਮਾਤਾ ਨੂੰ ਵੀ ਅੱਖਾਂ ਦਾ ਇਲਾਜ ਕਰਵਾਉਣ ਲਈ 11 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ ਗਈ। ਇਸ ਮੌਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਹੋਏ ਸ਼ਾਮ ਦੇ ਗੁਰਮਤਿ ਸਮਾਗਮ ਦੌਰਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਸਾਂਝੇ ਤੌਰ 'ਤੇ ਸ਼੍ਰੋਮਣੀ ਕਮੇਟੀ ਵਲੋਂ ਨਨਕਾਣਾ ਸਾਹਿਬ ਦੇ ਸਿੱਖ ਨੌਜਵਾਨਾਂ ਨੂੰ ਗਤਕਾ ਕਿੱਟਾਂ ਦਿੱਤੀਆਂ ਗਈਆਂ। ਸੰਨ 1947 ਦੀ ਵੰਡ ਮਗਰੋਂ 72 ਸਾਲਾਂ ਦੌਰਾਨ ਇਹ ਪਹਿਲਾ ਇਤਿਹਾਸਕ ਇਤਫਾਕ ਸੀ ਜਦੋਂ ਪਾਕਿਸਤਾਨ ਤੋਂ ਆਰੰਭ ਹੋ ਕੇ ਕੋਈ ਨਗਰ ਕੀਰਤਨ ਜੈਕਾਰਿਆਂ ਦੀ ਗੂੰਜ ਵਿਚ ਭਾਰਤ ਪੁੱਜਾ ਹੋਵੇ। ਇਸ ਮੌਕੇ ਪਾਕਿ ਓਕਾਫ ਬੋਰਡ ਦੇ ਸਕੱਤਰ ਤਾਰਿਕ ਵਜ਼ੀਰ ਖਾਂ ਨੇ ਆਖਿਆ ਕਿ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਸਮਾਗਮਾਂ ਵਿਚ ਹਿੱਸਾ ਲੈਣ ਲਈ ਪਾਕਿ ਸਰਕਾਰ ਵੱਲੋਂ ਸੰਗਤਾਂ ਨੂੰ ਵੀਜ਼ੇ ਦਿੱਤੇ ਜਾਣਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲੌਂਗੋਵਾਲ ਨੇ ਕਿਹਾ ਕਿ ਦੇਸ਼ ਵੰਡ ਮਗਰੋਂ ਨਨਕਾਣਾ ਸਾਹਿਬ ਤੋਂ ਭਾਰਤ ਵਿਚਲੇ ਪੰਜ ਤਖ਼ਤਾਂ ਲਈ ਨਗਰ ਕੀਰਤਨ ਨਾਲ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸਮਾਗਮਾਂ ਦੀ ਲੜੀ ਵਿਚ ਇਕ ਇਤਿਹਾਸਕ ਪੰਨਾ ਦਰਜ ਹੋ ਗਿਆ ਹੈ। ਉਨ੍ਹਾਂ ਨੇ ਭਾਰਤ ਤੇ ਪਾਕਿ ਦੀਆਂ ਸਰਕਾਰਾਂ ਵੱਲੋਂ ਦਿਖਾਈ ਗਈ ਵਿਸ਼ੇਸ਼ ਰੁਚੀ ਨੂੰ ਵੀ ਸਲਾਹਿਆ ਅਤੇ ਅਜਿਹੇ ਸਹਿਯੋਗ ਦੀ ਅੱਗੋਂ ਲਈ ਵੀ ਆਸ ਪ੍ਰਗਟ ਕੀਤੀ।



### ਅਟਾਰੀ ਸਰਹੱਦ 'ਤੇ ਹੋਇਆ ਅਲੌਕਿਕ ਸਵਾਗਤ

ਕੌਮਾਂਤਰੀ ਨਗਰ ਕੀਰਤਨ ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਨਨਕਾਣਾ ਸਾਹਿਬ ਪਾਕਿਸਤਾਨ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ੁਰੂ ਹੋ ਕੇ ਸੜਕੀ ਮਾਰਗ ਰਾਹੀਂ ਭਾਰਤ ਵਿਚ ਅਟਾਰੀ ਬਾਰਡਰ ਪਹੁੰਚਣ 'ਤੇ ਨਗਰ ਕੀਰਤਨ ਦਾ ਰੈੱਡ ਕਾਰਪੇਟ ਵਿਛਾ ਕੇ ਫੁੱਲਾਂ ਦੀ ਵਰਖਾ ਕਰਕੇ ਅਲੌਕਿਕ ਸਵਾਗਤ ਕੀਤਾ ਗਿਆ। ਇਸ ਮੌਕੇ ਕੇਂਦਰ ਸਰਕਾਰ ਵੱਲੋਂ ਜੀ-ਆਇਆਂ ਕਹਿਣ ਲਈ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਓ ਪੀ ਸੋਨੀ, ਚਰਨਜੀਤ ਚੰਨੀ, ਅਕਾਲੀ ਦੇ ਪ੍ਰਧਾਨ ਸੁਖਬੀਰ ਬਾਦਲ ਤੇ ਅਕਾਲੀ ਆਗੂਆਂ ਸਮੇਤ ਸਿੱਖ ਸੰਗਤ ਪੁੱਜੀ ਹੋਈ ਸੀ। ਗੁਰਦੁਆਰਾ ਨਨਕਾਣਾ ਸਾਹਿਬ ਤੋਂ ਅੰਤਰਰਾਸ਼ਟਰੀ ਨਗਰ ਕੀਰਤਨ ਜਦੋਂ ਹਰਿਮੰਦਰ ਸਾਹਿਬ ਪੁੱਜਿਆ ਤਾਂ ਸੰਗਤਾਂ ਨੇ ਅਟਾਰੀ ਤੋਂ ਸ੍ਰੀ ਹਰਿਮੰਦਰ ਸਾਹਿਬ ਤਕ ਹਰੇਕ ਚੌਕ ਵਿਚ ਲੰਗਰ ਲਾਏ ਹੋਏ ਸਨ। ਨਾਲ ਚਲ ਰਹੇ ਵੈਨ ਵਿਚ ਗੁਜਰਾਤ ਦੇ ਗੁਰਦੁਆਰਾ ਗੁਰੂ ਨਾਨਕ ਲਖਪਤ ਤੋਂ ਆਈਆਂ ਗੁਰੂ ਨਾਨਕ ਸਾਹਿਬ ਦੀਆਂ ਖੜਾਵਾਂ, ਗੁਰਦੁਆਰਾ ਸੁਲਤਾਨਪੁਰ ਲੋਧੀ ਤੋਂ ਲਿਆਂਦੇ ਗਏ ਪਵਿੱਤਰ ਵੱਟੇ ਅਤੇ ਆਨੰਦਪੁਰ ਸਾਹਿਬ ਤੋਂ ਲਿਆਂਦੇ ਗਏ ਗੁਰੂ ਗੋਬਿੰਦ ਸਿੰਘ ਦੇ ਸ਼ਸ਼ਤਰ ਸੁਸ਼ੋਭਿਤ ਕੀਤੇ ਗਏ ਹਨ।

### 550ਵੇਂ ਜਨਮ ਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ 10 ਨੂੰ

#### ਪੰਜਾਬੀ ਰੇਡੀਓ ਯੂਐਸਏ ਵਲੋਂ ਹੋਵੇਗਾ ਸਿੱਧਾ ਪ੍ਰਸਾਰਣ

**ਸੈਨਹੋਜ਼ੇ/ਏਟੀ ਨਿਊਜ਼ :** ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਅਤੇ ਪੰਜਾਬੀ ਰੇਡੀਓ ਯੂ.ਐੱਸ.ਏ. ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ 10 ਅਗਸਤ, ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 3:00 ਵਜੇ ਤੋਂ 5:30 ਵਜੇ ਤੱਕ ਕਰਵਾਇਆ ਜਾ ਰਿਹਾ ਹੈ।

ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਸੈਨਹੋਜ਼ੇ ਸਥਿੱਤ ਮੁੱਖ ਸਟੂਡੀਓ ਕੰਪਲੈਕਸ 3750 ਮਕਈ ਰੋਡ, ਸੈਨਹੋਜ਼ੇ (3750 McKee Road, Suite B San Jose, CA 95127) ਵਿੱਚ ਕਰਵਾਏ ਜਾ ਰਹੇ ਇਸ ਧਾਰਮਿਕ ਕਵੀ ਦਰਬਾਰ ਵਿੱਚ ਬੇਅ ਏਰੀਆ ਤੋਂ ਇਲਾਵਾ ਸੈਕਰਾਮੈਂਟੋ, ਯੂਬਾ ਸਿਟੀ, ਸਟਾਕਟਨ, ਫਰੈਜ਼ਨੋਂ ਸਮੇਤ ਹੋਰਨਾਂ ਥਾਵਾਂ ਤੋਂ ਕਵੀ ਭਾਗ ਲੈਣਗੇ। ਇਸ ਕਵੀ ਦਰਬਾਰ ਦਾ ਪੰਜਾਬੀ ਰੇਡੀਓ ਯੂ.ਐੱਸ.ਏ. ਤੋਂ ਸਿੱਧਾ ਪ੍ਰਸਾਰਨ (Live coverage) ਕੀਤਾ ਜਾਵੇਗਾ। ਕਵੀ ਦਰਬਾਰ ਵਿੱਚ ਭਾਗ ਲੈਣ ਜਾਂ ਹੋਰ ਜਾਣਕਾਰੀ ਲਈ ਫੋਨ ਨੰਬਰ (408) 722-7698 ਜਾਂ (559) 403-9290 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਜੰਮੂ-ਕਸ਼ਮੀਰ ਦਾ ਖਾਸ ਦਰਜਾ ਤੋੜਨਾ ਕਸ਼ਮੀਰੀਆਂ ਤੋਂ ਉਨ੍ਹਾਂ ਦਾ ਹੋਮਲੈਂਡ ਖੋਹ ਲੈਣ ਦੀ ਕਾਰਵਾਈ : ਸਿੱਖ ਬੁੱਧੀਜੀਵੀ



**ਚੰਡੀਗੜ੍ਹ/ਏਟੀ ਨਿਊਜ਼ :** ਜੰਮੂ ਕਸ਼ਮੀਰ ਦੇ ਖਾਸ ਸੰਵਿਧਾਨਕ ਰੁਤਬੇ ਨੂੰ ਤੋੜ ਕੇ ਉਸ ਨੂੰ ਯੂਨੀਅਨ ਟੈਰਿਟਰੀ ਬਣਾਉਣ ਦੀ ਕਾਰਵਾਈ ਨੂੰ ਸਿੱਖ ਚਿੰਤਕਾਂ ਨੇ ਦਿੱਲੀ ਹਾਕਮਾਂ ਵੱਲੋਂ ਦਰਬਾਰ ਸਾਹਿਬ ਉਤੇ 1984 ਵਿਚ ਹੋਏ ਹਮਲੇ ਵਰਗਾ ਹੀ ਦੱਸਿਆ ਹੈ। ਜਿਵੇਂ ਉਹ ਫੌਜੀ ਹਮਲਾ ਵੀ ਹਿੰਦੂਤਵ ਦੀ ਧੌਂਸ ਜਮਾਉਣ ਅਤੇ ਹਕੂਮਤੀ ਤਸ਼ੱਦਦ ਤੇਜ਼ ਕਰਨ ਲਈ ਘੱਟ ਗਿਣਤੀ ਬਿਰਾਦਰੀ ਨੂੰ ਗੁਲਾਮੀਅਤ ਦਾ ਅਹਿਸਾਸ ਕਰਵਾ ਕੇ ਦੂਜੇ ਦਰਜੇ ਦੇ ਸ਼ਹਿਰੀ ਬਣਾਉਣਾ ਸੀ, ਉਸੇ ਤਰ੍ਹਾਂ ਦੀ ਇਹ ਕਾਰਵਾਈ ਹੈ।

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਕੈਂਪਸ ਵਿਚ ਇਕੱਠੇ ਹੋਏ ਸਿੱਖ ਬੁੱਧੀਜੀਵੀਆਂ ਨੇ ਕਿਹਾ ਕਿ ਦੇਸ਼ ਦੀ ਸੰਨ 1947 ਵਿਚ ਕੀਤੀ ਵੰਡ ਵੀ ਹਿੰਦੂਤਵ ਅਧਾਰਤ ਭਾਰਤੀ ਨੇਸ਼ਨ-ਸਟੇਟ ਖੜ੍ਹੀ ਕਰਨ ਦੇ ਮਨਸੂਬਿਆਂ ਕਰਕੇ ਹੀ ਹੋਈ ਸੀ। ਉਸ ਤੋਂ ਤੁਰੰਤ ਬਾਅਦ ਹਿੰਦੂਤਵੀ ਭਾਰਤੀ ਕੌਮ ਖੜ੍ਹਾ ਕਰਨ ਲਈ ਦਿੱਲੀ ਹਾਕਮਾਂ ਨੇ ਵੱਖੋ-ਵੱਖ ਕੌਮੀਅਤਾਂ ਨੂੰ ਤੋੜਨਾ-ਭੰਨਣਾ ਸ਼ੁਰੂ ਕਰ ਦਿੱਤਾ। ਇਸ ਪ੍ਰਕਿਰਿਆ ਵਿਚ ਸਿੱਖ ਕੌਮ, ਜਿਹੜੀ ਕਾਂਗਰਸੀ ਲੀਡਰਾਂ ਦੇ ਅਖੌਤੀ ਪਵਿੱਤਰ ਵਾਅਦਿਆਂ ਕਰਕੇ ਭਾਰਤੀ ਯੂਨੀਅਨ ਵਿਚ ਸ਼ਾਮਲ ਹੋਈ ਸੀ, ਉਹ ਤਾਨਾਸ਼ਾਹੀ ਕਾਰਵਾਈਆਂ ਦਾ ਪਹਿਲਾ ਨਿਸ਼ਾਨਾ ਬਣੀ, ਜਿਸ ਕਰਕੇ ਪੰਜਾਬ ਨੂੰ ਵੀ ਜੰਮੂ-ਕਸ਼ਮੀਰ ਵਾਂਗ ਸਬ-ਸਟੇਟ ਬਣਾ ਕੇ ਚੰਡੀਗੜ੍ਹ ਰਾਜਧਾਨੀ, ਹੈਡ ਵਰਕਸ ਅਤੇ ਦਰਿਆਈ ਪਾਣੀਆਂ ਤੋਂ ਵਿਰਵੇ ਕਰ ਦਿੱਤਾ ਹੈ। ਇਸੇ ਤਰ੍ਹਾਂ ਬਹੁਗਿਣਤੀ ਮੁਸਲਮਾਨ ਭਾਈਚਾਰੇ ਵਾਲੇ ਜੰਮੂ-ਕਸ਼ਮੀਰ ਨੂੰ ਵੀ ਭਾਰਤੀ ਹਾਕਮਾਂ ਵੱਲੋਂ ਲੋਕਤੰਤਰ ਖੜ੍ਹਾ ਕਰਨ ਦੇ ਸੁਪਨੇ ਦਿਖਾਉਣ ਕਾਰਨ ਹੀ ਪਾਕਿਸਤਾਨ ਨੂੰ ਛੱਡ ਕੇ ਭਾਰਤੀ ਯੂਨੀਅਨ ਨਾਲ ਧਾਰਾ 370 ਵਰਗੇ ਸੰਵਿਧਾਨਕ ਬੰਦੋਬਸਤਾਂ ਕਰਕੇ ਹੀ ਆਪਣੀ ਹੋਣੀ ਜੋੜੀ ਸੀ।

ਜੰਮੂ-ਕਸ਼ਮੀਰ ਦੇ ਝਗੜੇ ਕਰਕੇ ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਤਿੰਨ ਜੰਗਾਂ ਵੀ ਹੋ ਚੁੱਕੀਆਂ ਹਨ। ਇਹ ਮਸਲਾ ਯੂ ਐਨ ਓ ਦੀ ਸਕਿਊਰਿਟੀ ਕੌਂਸਲ ਵਿਚ ਪਹੁੰਚ ਕੇ ਅੰਤਰ-ਰਾਸ਼ਟਰੀ ਵਿਵਾਦ ਬਣ ਚੁੱਕਿਆ ਹੈ। ਇਸ ਸਭ ਕੁੱਝ ਨੂੰ ਨਜ਼ਰ-ਅੰਦਾਜ਼ ਕਰਦਿਆਂ ਮੋਦੀ ਸਰਕਾਰ ਨੇ ਧੱਕੇ ਨਾਲ ਰਾਸ਼ਟਰਪਤੀ ਅਤੇ ਪਾਰਲੀਮੈਂਟ ਦੀ ਅਖੌਤੀ ਮੋਹਰ ਲਵਾ ਕੇ ਕਸ਼ਮੀਰੀਆਂ ਤੋਂ ਉਨ੍ਹਾਂ ਦਾ ਹੋਮਲੈਂਡ ਖੋਹ ਲੈਣ ਦੀ ਤੇਜ਼ੀ ਨਾਲ ਕਾਰਵਾਈ ਕਰ ਲਈ ਹੈ। ਇਸ ਸਾਜ਼ਿਸ਼ੀ ਪ੍ਰਕਿਰਿਆ ਨੂੰ ਪੂਰੀ ਕਰਨ ਲਈ 1984 ਵਿਚ ਸ਼ੁਰੂ ਪੰਜਾਬ ਤੇ ਸਿੱਖ ਵਿਰੋਧੀ ਪ੍ਰਕਿਰਿਆ ਦੀ ਤਰਜ਼ 'ਤੇ ਜੰਮੂ-ਕਸ਼ਮੀਰ ਵਿਚ ਵੀ ਫੌਜੀ ਨਫਰੀ ਵਧਾ ਕੇ ਅਤੇ ਕਰਫਿਊ ਲਗਾ ਕੇ ਲੋਕਾਂ ਨੂੰ ਘਰਾਂ ਅੰਦਰ ਬੰਦ ਕਰ ਦਿੱਤਾ ਗਿਆ ਹੈ। ਸਿੱਖ ਚਿੰਤਕਾਂ ਨੇ ਕਿਹਾ ਕਿ ਜਿਵੇਂ ਦਰਬਾਰ ਸਾਹਿਬ ਉਤੇ ਹਮਲੇ ਤੋਂ ਬਾਅਦ ਹਿੰਦੂਤਵੀ ਲੋਕਾਂ ਨੇ ਮਠਿਆਈਆਂ ਵੰਡੀਆਂ ਸਨ, ਉਸ ਤੋਂ ਵੀ ਵੱਧ ਜ਼ਸ਼ਨ ਭਾਜਪਾ ਦੇ ਵਰਕਰਾਂ ਨੇ ਮਨਾਏ ਹਨ। ਪਰ ਇਹ ਅਨੈਤਿਕ ਤੇ ਘਿਰਣਾਮਈ ਕਾਰਵਾਈ ਸਮਾਜ ਵਿਚ ਹਿੰਸਾ ਫੈਲਾਵੇਗੀ, ਜਿਹੜੀ ਦੇਸ਼ ਦੇ ਟੁੱਟਣ ਦਾ ਸਬੱਬ ਵੀ ਬਣ ਸਕਦੀ ਹੈ।

ਭਾਰਤ ਵਰਗਾ ਵਿਸ਼ਾਲ ਅਤੇ ਵੱਖ ਵੱਖ ਕੌਮੀਅਤਾਂ ਦਾ ਸਮੂਹ ਸਿਰਫ ਫੈਡਰਲ ਢਾਂਚੇ ਰਾਹੀਂ ਭੂਗੋਲਿਕ ਏਕਤਾ ਦੀ ਥਾਂ "ਮਨਾਂ ਦੀ ਏਕਤਾ" ਖੜ੍ਹੀ ਕਰ ਕੇ ਦੇਸ਼ ਇਕ ਰਹਿ ਸਕਦਾ ਹੈ। ਭਾਜਪਾ ਦਾ ਹਿੰਦੂ ਰਾਸ਼ਟਰ ਖੜ੍ਹਾ ਕਰਨ ਦਾ ਏਜੰਡਾ "ਮਨਾਂ ਦੀ ਏਕਤਾ" ਬਣਾਉਣ ਦੀ ਥਾਂ ਲੋਕਾਂ ਨੂੰ ਘੱਟਗਿਣਤੀ-ਬਹੁ ਗਿਣਤੀ ਫਿਰਕੇ ਵਿਚ ਵੰਡ ਕੇ ਦੇਸ਼ ਨੂੰ ਹਿੰਸਾਮਈ ਤੇ ਤਾਨਾਸ਼ਾਹੀ ਰਾਜ ਪ੍ਰਬੰਧ ਵੱਲ ਧੱਕ ਰਿਹਾ ਹੈ। ਜੰਮੂ-ਕਸ਼ਮੀਰ ਦਾ ਵਰਤਾਰਾ ਇਸ ਦੀ ਉਘੜਦੀ ਮਿਸਾਲ ਹੈ।

ਸਿੱਖ ਬੁੱਧੀਜੀਵੀਆਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ, ਜਿਨ੍ਹਾਂ ਨੇ 370 ਧਾਰਾ ਤੋੜਨ ਵਿਚ ਭਾਜਪਾ ਦਾ ਸਾਥ ਦਿੱਤਾ, ਦੀ ਪੁਰਜ਼ੋਰ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਬਾਦਲ ਅਕਾਲੀ ਦਲ ਨੇ ਪੁਰਾਣੀ ਹਿਸਟਰੀ ਨੂੰ ਕਲੰਕਤ ਕਰ ਦਿੱਤਾ, ਜਦੋਂ ਅਕਾਲੀ ਦਲ ਸੰਨ 1950 ਤੋਂ ਹੀ ਸਿੱਖਾਂ ਅਤੇ ਸੂਬਿਆਂ ਦੇ ਵੱਧ ਅਧਿਕਾਰਾਂ ਦੀ ਲੜਾਈ ਲੜਦਾ ਰਿਹਾ, ਜਿਸ ਕਰਕੇ ਹਜ਼ਾਰਾਂ ਸਿੱਖਾਂ ਨੂੰ ਕੁਰਬਾਨੀਆਂ ਦੇਣੀਆਂ ਪਈਆਂ।

ਉਨ੍ਹਾਂ ਨੇ ਖਦਸ਼ਾ ਜ਼ਾਹਿਰ ਕੀਤਾ ਕਿ ਕਸ਼ਮੀਰ ਵਰਤਾਰੇ ਕਰਕੇ ਦੱਖਣੀ ਏਸ਼ੀਆ ਦੀ ਸ਼ਾਂਤੀ ਭੰਗ ਹੋ ਸਕਦੀ ਹੈ। ਭਾਰਤ ਅਤੇ ਪਾਕਿਸਤਾਨ ਦੇ ਆਪਸੀ ਤਨਾਓ ਨੂੰ ਵਧਾ ਕੇ ਪੰਜਾਬ ਅਤੇ ਦੇਸ਼ ਦੇ ਉੱਤਰੀ ਖਿੱਤੇ ਜੰਗੀ ਮੈਦਾਨ ਦਾ ਖੇਤਰ ਬਣ ਸਕਦੇ ਹਨ। ਇਸ ਮੀਟਿੰਗ ਵਿਚ ਸ. ਗੁਰਤੇਜ ਸਿੰਘ ਆਈ ਏ ਐਸ, ਪ੍ਰੋ. ਗੁਰਦਰਸ਼ਨ ਸਿੰਘ ਢਿੱਲੋਂ, ਪ੍ਰੋ. ਮਨਜੀਤ ਸਿੰਘ, ਜਰਨਲਿਸਟ ਸੁਖਦੇਵ ਸਿੰਘ, ਜਸਪਾਲ ਸਿੰਘ, ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਦੇ ਪ੍ਰਧਾਨ ਸ. ਗੁਰਪ੍ਰੀਤ ਸਿੰਘ, ਸ਼੍ਰੋਮਣੀ ਖਾਲਸਾ ਪੰਚਾਇਤ ਦੇ ਕਨਵੀਨਰ ਸ. ਰਾਜਿੰਦਰ ਸਿੰਘ ਖਾਲਸਾ ਅਤੇ ਦੇਸ ਪੰਜਾਬ ਦੇ ਸ. ਗੁਰਬਚਨ ਸਿੰਘ ਸ਼ਾਮਲ ਹੋਏ।

## ਧਾਰਾ 370 ਖਤਮ ਕਰਨ ਦਾ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ

**ਅੰਮ੍ਰਿਤਸਰ/ਏਟੀ ਨਿਊਜ਼ :** ਕੇਂਦਰ ਸਰਕਾਰ ਵੱਲੋਂ ਕਸ਼ਮੀਰ ਵਿੱਚ ਧਾਰਾ 370 ਖਤਮ ਕੀਤੇ ਜਾਣ ਦਾ ਵਿਰੋਧ ਕਰਦਿਆਂ ਗਰਮ ਖਿਆਲੀ ਸਿੱਖ ਜਥੇਬੰਦੀਆਂ ਨੇ ਇਸ ਮਾਮਲੇ ਵਿੱਚ ਸੰਯੁਕਤ ਰਾਸ਼ਟਰ ਸੰਘ ਕੋਲੋਂ ਦਖਲਅੰਦਾਜ਼ੀ ਦੀ ਮੰਗ ਕਰਦਿਆਂ ਕਸ਼ਮੀਰੀਆਂ ਨੂੰ ਰਾਇਸ਼ੁਮਾਰੀ ਦਾ ਹੱਕ ਦੇਣ ਦੀ ਗੱਲ ਕੀਤੀ ਹੈ। ਧਾਰਾ 370 ਖਤਮ ਕੀਤੇ ਜਾਣ ਦੇ ਰੋਸ ਵਜੋਂ ਸਿੱਖ ਜਥੇਬੰਦੀਆਂ ਨੇ ਆਜ਼ਾਦੀ ਦਿਵਸ ਨੂੰ ਕਾਲੇ ਦਿਨ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਇਹ ਖੁਲਾਸਾ ਇੱਥੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਤੇ ਕੰਵਰਪਾਲ ਸਿੰਘ ਆਦਿ ਨੇ ਸਾਂਝੇ ਤੌਰ 'ਤੇ ਕੀਤਾ। ਆਗੂਆਂ ਨੇ ਇਸ ਮਾਮਲੇ ਵਿਚ ਸੰਯੁਕਤ ਰਾਸ਼ਟਰ ਸੰਘ (ਯੂਐੱਨਓ) ਕੋਲੋਂ ਦਖਲਅੰਦਾਜ਼ੀ ਦੀ ਮੰਗ ਕਰਦਿਆਂ ਕਿਹਾ ਕਿ ਕਸ਼ਮੀਰ ਮੁੱਦੇ ਨੂੰ ਯੂਐੱਨਓ ਨੇ ਵਿਵਾਦਤ ਐਲਾਨਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਧਾਰਾ 370 ਖਤਮ ਕਰਨ ਦੇ ਬਾਵਜੂਦ ਇਹ ਮਾਮਲਾ ਵਿਵਾਦਤ ਹੀ ਰਹੇਗਾ। ਕਸ਼ਮੀਰੀਆਂ ਕੋਲੋਂ ਉਨ੍ਹਾਂ ਦੇ ਹੱਕ ਖੋਹਣ ਦੀ ਆਲੋਚਨਾ ਕਰਦਿਆਂ ਉਨ੍ਹਾਂ ਯੂਐੱਨਓ ਤੋਂ ਮੰਗ ਕੀਤੀ ਹੈ ਕਿ ਕਸ਼ਮੀਰੀਆਂ ਨੂੰ ਰਾਇਸ਼ੁਮਾਰੀ ਦਾ ਹੱਕ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਧਾਰਾ 370 ਖਤਮ ਕਰਕੇ ਕਸ਼ਮੀਰ ਦੇ ਚੰਗੇ ਦਿਨਾਂ ਦੇ ਦਾਅਵੇ ਕਰ ਰਹੇ ਹਨ ਪਰ ਕੀ ਕਸ਼ਮੀਰੀ ਆਗੂਆਂ ਨੂੰ ਘਰਾਂ 'ਚ ਨਜ਼ਰਬੰਦ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾ ਸਕਦਾ ਹੈ। ਸਿੱਖ ਆਗੂਆਂ ਨੇ ਧਾਰਾ 370 ਖਤਮ ਕਰਨ ਦੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਮਾਇਤ ਕੀਤੇ ਜਾਣ ਦੀ ਵੀ ਨਿੰਦਾ ਕੀਤੀ ਅਤੇ ਕਿਹਾ ਕਿ ਅਜਿਹਾ ਕਰਕੇ ਉਨ੍ਹਾਂ ਆਪਣੀ ਹੋਂਦ ਗਵਾ ਲਈ ਹੈ। ਉਨ੍ਹਾਂ ਇਸ ਕਾਰਵਾਈ ਨੂੰ ਭਾਜਪਾ ਸਰਕਾਰ ਦਾ ਹਿੰਦੂ ਰਾਸ਼ਟਰਵਾਦ ਵੱਲ ਇਕ ਹੋਰ ਕਦਮ ਕਰਾਰ ਦਿੱਤਾ ਹੈ ਅਤੇ ਕਿਹਾ ਕਿ ਸਿੱਖ ਇਸ ਦਾ ਨਿਰੰਤਰ ਵਿਰੋਧ ਕਰਨਗੇ। ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਆਖਿਆ ਕਿ ਧਾਰਾ 370 ਖਤਮ ਕਰਕੇ ਕੇਂਦਰ ਸਰਕਾਰ ਕਸ਼ਮੀਰੀਆਂ ਦੇ ਸੰਘਰਸ਼ਮਈ ਸੁਭਾਅ ਨੂੰ ਬਦਲ ਨਹੀਂ ਸਕੇਗੀ। **ਬਾਕੀ ਸਫ਼ਾ 33 'ਤੇ**

### 'ਮੈਂ ਦਹਿਸ਼ਤਗਰਦ ਹਾਂ'



ਪੱਤਰਕਾਰ ਸੰਮੇਲਨ ਦੌਰਾਨ ਸਿਮਰਨਜੀਤ ਸਿੰਘ ਮਾਨ ਨੇ ਇਕ ਪੋਸਟਰ ਆਪਣੇ ਗਲੇ ਵਿੱਚ ਪਾਇਆ ਹੋਇਆ ਸੀ, ਜਿਸ 'ਤੇ 'ਮੈਂ ਦਹਿਸ਼ਤਗਰਦ ਹਾਂ' ਲਿਖਿਆ ਸੀ। ਸ੍ਰੀ ਮਾਨ ਨੇ ਕਿਹਾ ਕਿ ਯੂਏਪੀਏ ਕਾਨੂੰਨ ਦੇ ਲਾਗੂ ਹੋਣ ਨਾਲ ਸਰਕਾਰ ਕਿਸੇ ਨੂੰ ਵੀ ਦਹਿਸ਼ਤਗਰਦ ਐਲਾਨ ਸਕਦੀ ਹੈ। ਇਸ ਲਈ ਉਨ੍ਹਾਂ ਪਹਿਲਾਂ ਹੀ ਆਪਣੇ ਆਪ ਨੂੰ ਦਹਿਸ਼ਤਗਰਦ ਐਲਾਨ ਦਿੱਤਾ ਹੈ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035


ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਤਿੰਨ ਦਹਾਕੇ ਬਾਅਦ ਪੈਰੋਲ ’ਤੇ ਆਇਆ ਭਾਈ ਹਰਨੇਕ ਸਿੰਘ ਭੱਪ

## ਘਰ ਦੀ ਹਾਲਤ ਮਾੜੀ, ਮਾਤਾ ਤੇ ਭਰਾਵਾਂ ਨੂੰ ਵੀ ਝੱਲਣੇ ਪਏ ਤਸੀਹੇ

**ਸਰਬਜੀਤ ਸਿੰਘ ਘੁਮਾਣ**

ਸਿੱਖ ਹਲਕਿਆਂ ਵਿਚ ਭਾਈ ਹਰਨੇਕ ਸਿੰਘ ਭੱਪ ਦੇ ਪੈਰੋਲ ਉਤੇ ਆਉਣ ਅਤੇ ਲੱਗਭੱਗ ਤਿੰਨ ਦਹਾਕਿਆਂ ਮਗਰੋਂ ਆਪਣੀ ਮਾਂ ਨੂੰ ਮਿਲਣ ਦੀ ਬੇਅਥਾਹ ਖ਼ੁਸ਼ੀ ਹੈ। ਘੱਲੂਘਾਰਿਆਂ ਤੇ ਉਸ ਤੋਂ ਬਾਅਦ ਸਿੱਖੀ ਅਤੇ ਸਿੱਖਾਂ ਉਪਰ ਹੋ ਰਹੇ ਜ਼ੁਲਮਾਂ ਖਿਲਾਫ ਨਿਤਰਨ ਵਾਲਿਆਂ ਵਿਚੋਂ ਇਕ ਸਿਖ ਨੌਜਵਾਨ ਹੈ ਸ.ਹਰਨੇਕ ਸਿੰਘ ਉਰਫ ਭੱਪ ਪੁੱਤਰ ਤਾਰਾ ਸਿੰਘ ਪਿੰਡ ਬੁਟਾਹਰੀ, ਥਾਣਾ ਡੇਹਲੋਂ, ਜਿਲ੍ਹਾ ਲੁਧਿਆਣਾ ਜੋ ਇਸ ਸਮੇਂ ਕੇਂਦਰੀ ਜੇਲ੍ਹ ਜੈਪੁਰ ਵਿਚ ਨਜ਼ਰਬੰਦ ਹੈ। ਭਾਈ ਭੱਪ ਦੀ ਕੁੱਲ ਕੈਦ 15 ਸਾਲ ਬਣਦੀ ਹੈ। ਇਸ ਤੋਂ ਪਹਿਲਾਂ ਉਹ 17 ਸਾਲ ਕੌਮ ਦੀ ਸੇਵਾ ਕਰਦਿਆਂ ਘਰ ਨਹੀ ਆ ਸਕੇ, ਹੁਣ 32 ਸਾਲ ਬਾਅਦ ਪਿੰਡ ਆਉਣਾ ਆਪਣੇ ਆਪ ਵਿਚ ਇਕ ਇਤਿਹਾਸ ਹੈ! ਭਾਈ ਭੱਪ ਦੇ ਪਿਤਾ ਜੀ ਉਹਨਾਂ ਦੀ ਗ੍ਰਿਫਤਾਰੀ ਤੋਂ ਪਹਿਲਾਂ ਹੀ ਅਕਾਲ ਚਲਾਣਾ ਕਰ ਚੁੱਕੇ ਸਨ ਅਤੇ ਮਾਤਾ ਦੀਆਂ ਅੱਖਾਂ ਵੀ ਆਪਣੇ ‘ਭੱਪ’ ਨੂੰ ਦੇਖਣ ਲਈ ਤਰਸੀਆਂ ਪਈਆਂ ਸਨ, ਕਿਉਂਕਿ ਪੰਜਾਬ ਵਿਚ ਹੋਣ ਸਮੇਂ ਤਾਂ ਮਾਤਾ ਲੁਧਿਆਣੇ ਕਚਹਿਰੀ ਜਾਂ ਨਾਭਾ ਜੇਲ੍ਹ ਵਿਚ ਜਾ ਕੇ ਮੁਲਾਕਾਤ ਕਰ ਲੈਂਦੀ ਸੀ ਪਰ ਹੁਣ ਐਡੀ ਦੂਰ ਜਾਣਾ ਮਾਤਾ ਦੀ ਸਿਹਤ ਤੇ ਜੇਬ ਦੋਨੋਂ ਹੀ ਇਜ਼ਾਜ਼ਤ ਨਹੀਂ ਦਿੰਦੀਆਂ। ਮਾਤਾ ਨੂੰ ਵੀ ਆਸ ਸੀ ਕਿ ਉਸ ਦਾ ‘ਭੱਪ’ ਛੇਤੀ ਘਰ ਆਵੇਗਾ ਤੇ ਹੁਣ 3 ਅਗਸਤ 2019 ਨੂੰ ਲੱਗਭੱਗ ਤਿੰਨ ਦਹਾਕੇ ਮਗਰੋਂ ਭਾਈ ਭੱਪ ਮਾਂ ਕੋਲ ਪਹੁੰਚਿਆ ਹੈ।

ਸੰਨ 1984 ਤੋਂ ਬਾਅਦ ਜਦੋਂ ਉਹਨੂੰ ਕੌਮੀ ਘਰ ਬਣਾਉਣ ਲਈ ਆਪਣਾ ਘਰ ਤਿਆਗਣਾ ਪਿਆ ਤਾਂ ਉਹ ਅਜੇ ਚੜ੍ਹਦੀ ਜਿਹੀ ਉਮਰ ਦਾ ਗੱਭਰੂ ਸੀ। ਉਹਦੀ ਗ੍ਰਿਫਤਾਰੀ 12 ਅਗਸਤ 2004 ਨੂੰ ਪਟਿਆਲਿਓਂ ਹੋਈ ਸੀ ਤੇ ਫਤਿਹਗੜ੍ਹ ਸਾਹਿਬ ਦੇ ਇਕ ਕੇਸ ਵਿਚ ਨਾਮਜ਼ਦ ਕੀਤਾ ਗਿਆ ਸੀ। ਉਪਰੰਤ ਦਿੱਲੀ, ਲੁਧਿਆਣਾ ਤੇ ਜੈਪੁਰ ਵਿਚ ਕਈ ਕੇਸਾਂ ਵਿਚ ਗ੍ਰਿਫਤਾਰੀਆਂ ਪਾਈਆਂ ਗਈਆਂ ਤੇ ਉਹ ਕਦੀ ਤਿਹਾੜ ਜੇਲ੍ਹ ਦਿੱਲੀ ਤੇ ਕਦੇ ਸਕਿਓਰਟੀ ਜੇਲ੍ਹ ਨਾਭਾ ਤੇ ਹੁਣ ਰਾਜਸਥਾਨ ਦੀ ਕੇਂਦਰੀ ਜੇਲ੍ਹ, ਜੈਪੁਰ ਵਿਚ ਬਤੌਰ ਉਮਰਕੈਦੀ ਬੈਠਾ ਹੈ। ਲੁਧਿਆਣਾ ਦੀ ਟਾਡਾ ਅਦਾਲਤ ਨੇ ਕਤਲ, ਇਰਾਦਾ ਕਤਲ, ਅਸਲਾ-ਬਾਰੂਦ ਤੇ ਟਾਡਾ ਦੇ 4 ਕੇਸਾਂ ਵਿਚੋਂ ਉਹਨੂੰ ਬਰੀ ਕਰ ਦਿੱਤਾ ਹੈ। ਦਿੱਲੀ ਦੀ ਟਾਡਾ ਅਦਾਲਤ ਨੇ ਵੀ ਉਸ ਨੂੰ ਮਨਿੰਦਰਜੀਤ ਸਿੰਘ ਬਿੱਟਾ ਉੱਤੇ ਹਮਲੇ ਦੇ ਕੇਸ ਵਿਚੋਂ ਵੀ ਬਰੀ ਕਰ ਦਿੱਤਾ ਹੈ। ਇਹ ਓਹੀ ਕੇਸ ਸੀ ਜਿਸ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਪਹਿਲਾਂ ਫਾਂਸੀ ਦੀ ਸਜ਼ਾ ਤੇ ਹੁਣ ਉਮਰ ਕੈਦ ਦੀ ਸਜ਼ਾ ਹੋਈ ਹੈ। ਫਤਿਹਗੜ੍ਹ ਸਾਹਿਬ ਵਾਲੇ ਬਾਰੂਦ ਕੇਸ ਵਿਚ ਉਸ ਨੂੰ 7 ਸਾਲ ਸਜ਼ਾ ਹੋਈ ਸੀ ਜੋ ਕਦ ਦੀ ਪੂਰੀ ਹੋ ਗਈ ਹੈ। ਭਾਵੇਂ ਕਿ ਉਸਦੀ ਅਪੀਲ ਅਜੇ ਤੱਕ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਵਿਚਾਰ-ਅਧੀਨ ਹੈ। 6 ਅਕਤੂਬਰ 2018 ਨੂੰ ਭਾਈ ਭੱਪ ਨੂੰ ਜੈਪੁਰ ਦੀ ਇਕ ਅਦਾਲਤ ਨੇ ਉਮਰਕੈਦ ਦੀ ਸਜ਼ਾ ਸੁਣਾਈ ।

ਜੈਪੁਰ ਦੀ ਅਦਾਲਤ ਨੇ ਭਾਈ ਭੱਪ ਨੂੰ ਜਿੰਨਾਂ ਤਿੰਨ ਮੁਕੱਦਮਿਆਂ ਵਿਚ ਸਜ਼ਾ ਸੁਣਾਈ ਹੈ ਉਨ੍ਹਾਂ ਵਿਚ ਅਗਵਾ, ਅਸਲਾ ਬਾਰੂਦ ਤੇ ਪੁਲੀਸ ਮੁਕਾਬਲੇ ਦੇ ਕੇਸ ਹਨ। ਹਕੀਕਤ ਇਹ ਹੈ ਕਿ ਸੰਨ 1995 ਵਿਚ ਪ੍ਰੋ. ਭੁੱਲਰ ਨੂੰ ਜਰਮਨ ਤੋਂ ਭਾਰਤ ਲਿਆ ਕੇ ਝੂਠੇ ਮੁਕਾਬਲੇ ਵਿਚ ਸ਼ਹੀਦ ਕਰ ਦੇਣ ਦੀ ਸਾਜਿਸ਼ ਦਾ ਜਦ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਸਿੰਘਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਰਾਜਸਥਾਨ ਦੇ ਚੋਟੀ ਦੇ ਕਾਂਗਰਸੀ ਆਗੂ ਰਾਮ ਨਿਵਾਸ ਮਿਰਧਾ ਦੇ ਪੁੱਤਰ ਰਾਜਿੰਦਰ ਕੁਮਾਰ ਮਿਰਧਾ ਨੂੰ ਅਗਵਾ ਕਰ ਲਿਆ ਤੇ ਪ੍ਰੋ. ਭੁੱਲਰ ਦੀ ਰਿਹਾਈ ਦੀ ਮੰਗ ਰੱਖੀ। ਸਰਕਾਰ ਬੁਰੀ ਤਰ੍ਹਾਂ ਹਿੱਲ ਗਈ ਤੇ ਪ੍ਰੋ. ਸਾਹਿਬ ਨੂੰ ਰਿਹਾਅ ਕਰਨ ਦੀ ਤਿਆਰੀ ਹੋ ਰਹੀ ਸੀ ਕਿ ਸਿੰਘਾਂ ਦੇ ਟਿਕਾਣੇ ਦਾ ਭੇਤ ਖੁੱਲ੍ਹ ਗਿਆ ਜਿਸ ਕਰਕੇ ਉਥੇ ਪੁਲੀਸ ਨੇ ਹਮਲਾ ਬੋਲ ਦਿੱਤਾ ਤੇ ਭਾਈ ਨਵਨੀਤ ਸਿੰਘ ਕਾਦੀਆਂ ਸ਼ਹੀਦ ਹੋ ਗਏ ਤੇ ਬਾਕੀ ਸਿੰਘ ਨਿਕਲ ਗਏ। ਇਸ ਕੇਸ



ਵਿਚ ਹੁਣ ਭਾਈ ਭੱਪ ਨੂੰ ਉਮਰ ਕੈਦ ਹੋਈ ਹੈ। ਯਕੀਨਨ ਭਾਈ ਭੱਪ ਹੁਰਾਂ ਦੀ ਟੀਮ ਜੇ ਮਿਰਧੇ ਨੂੰ ਅਗਵਾ ਨਾ ਕਰਦੀ ਤਾਂ ਸਰਕਾਰ ਨੇ ਝੂਠੇ ਮੁਕਾਬਲੇ ਵਿਚ ਪ੍ਰੋ.ਭੁੱਲਰ ਨੂੰ ਵੀ ਹੋਰ ਹਜ਼ਾਰਾਂ ਵਾਂਗ ਸ਼ਹੀਦ ਕਰਕੇ ਕਹਿ ਦੇਣਾ ਸੀ ਕਿ ਅਸਲੇ ਦੀ ਬਰਾਮਦਗੀ ਲਈ ਲਿਜਾ ਰਹੇ ਸਾਂ ਕਿ ਭੁੱਲਰ ਦੇ ਸਾਥੀ ਖਾੜਕੂਆਂ ਨੇ ਛੁਡਵਾਉਣ ਲਈ ਹਮਲਾ ਕਰ ਦਿਤਾ ਤੇ ਮੌਕੇ ਦਾ ਲਾਭ ਉਠਾ ਕੇ ਪ੍ਰੋ. ਭੁੱਲਰ ਹਥਕੜੀਆਂ ਸਮੇਤ ਭੱਜਣ ਲੱਗੇ ਸਨ ਕਿ ਦੁਵੱਲੀ ਫਾਇਰਿੰਗ ਵਿਚ ਉਨਾਂ ਨੂੰ ਜਾਨਲੇਵਾ ਗੋਲ਼ੀਆਂ ਲੱਗ ਗਈਆਂ। ਪਰ ਜਦ ਸਿੰਘਾਂ ਨੇ ਮਿਰਧੇ ਦਾ ਪੁੱਤਰ ਅਗਵਾ ਕਰ ਲਿਆ ਤਾਂ ਬੇਸ਼ੱਕ ਪ੍ਰੋ.ਭੁਲੱਰ ਨੂੰ ਛੁਡਵਾਇਆ ਤਾਂ ਨਹੀਂ ਜਾ ਸਕਿਆ ਪਰ ਉਨਾਂ ਦੇ ਝੂਠੇ ਮੁਕਾਬਲੇ ਦੇ ਆਸਾਰ ਵੀ ਖਤਮ ਹੋ ਗਏ। ਅੱਜ ਭਾਈ ਭੱਪ ਨੂੰ ਖ਼ੁਸ਼ੀ ਹੈ ਕਿ ਉਹ ਭੁੱਲਰ ਸਾਹਿਬ ਨੂੰ ਬਚਾਉਣ ਦੇ ਮਿਸ਼ਨ ਨੂੰ ਪੂਰਾ ਕਰ ਸਕੇ।

ਭਾਈ ਹਰਨੇਕ ਸਿੰਘ ਭੱਪ ਦਾ ਕਹਿਣਾ ਹੈ ਕਿ ਜੈਪੁਰ ਦੇ ਜਿਸ ਮੁਕਦੱਮੇ ਵਿਚ ਉਨ੍ਹਾਂ ਨੂੰ ਦੋਸ਼ੀ ਗਰਦਾਨਿਆ ਗਿਆ ਹੈ ਇਹ ਮਿਰਧਾ ਕਾਂਡ ਹੈ ਤੇ ਪ੍ਰੋ. ਭੁੱਲਰ ਨੂੰ ਬਚਾਉਣ ਲਈ ਇਸ ਕਾਂਡ ਦੀ ਬਹੁਤ ਲੋੜ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੀ ਜਵਾਨੀ ਜੇਲ੍ਹਾਂ ਵਿਚ ਬੀਤਣ ਦਾ ਗਮ ਨਹੀ ਪਰ ਆਪਣੇ ਯਾਰ, ਪ੍ਰੋ. ਭੁੱਲਰ ਦੇ ਜਿਉਂਦਾ ਜਾਗਦਾ ਘਰ ਪਹੁੰਚਣ ਦੀ ਖ਼ੁਸ਼ੀ ਹੈ।

ਮੇਰਾ ਭਾਈ ਭੱਪ ਨਾਲ ਮਿਲਾਪ ਨਾਭੇ ਜੇਲ੍ਹ ਵਿਚ ਹੋਇਆ। ਉਹ ਠੋਸ ਤੇ ਸਪਸ਼ਟ ਗੱਲ ਕਰਨ ਵਾਲੀ ਸਖਸ਼ੀਅਤ ਹੈ। ਉਹ ਹਰ ਹਾਲ ਵਿਚ, ਹਰ ਮਹੌਲ ਵਿਚ ਸਬਰ-ਸੰਤੋਖ ਨਾਲ ਜਿਉਣ ਵਾਲਾ ਬੰਦਾ ਹੈ ਜੋ ਹੱਸਣਾ ਜਾਣਦਾ ਹੈ। ਜਦ ਸਾਨੂੰ ਹਾਸਾ ਆ ਰਿਹਾ ਹੈ, ਉਦੋਂ ਹੱਸ ਲੈਣਾ ਹੋਰ ਗੱਲ ਹੈ ਪਰ ਕੋਈ ਹੋਰ ਜਿਨਾਂ ਗੱਲਾਂ ਕਰਕੇ ਰੋਣ ਲੱਗ ਪਵੇ, ਭਾਈ ਭੱਪ ਤਾਂ ਉਨ੍ਹਾਂ ਗੱਲਾਂ ’ਤੇ ਵੀ ਹੱਸ ਸਕਦਾ ਹੈ। ਭਾਈ ਭੱਪ ਤਾਂ ਹੋਰ ਹੀ ਮਿੱਟੀ ਦਾ ਬੰਦਾ ਹੈ। ਉਹ ਨਹੀਂ ਚਾਹੁੰਦਾ ਕਿ ਲੋਕ ਸਾਡੇ ਵੱਲ ਤਰਸ ਭਰੀਆ ਨਜ਼ਰਾਂ ਨਾਲ ਵੇਖਣ। ਉਹਨੂੰ ਆਪਣੀ ਪੂਰੀ ਕੌਮ ਦੇ ਮਾਣ, ਅਣਖ ਤੇ ਗੈਰਤ ਦੀ ਹਰ ਵੇਲੇ ਚਿੰਤਾ ਰਹਿੰਦੀ ਹੈ। ਪੰਜਾਬ ਤੋਂ ਕੋਹਾਂ ਦੂਰ ਜਿਥੇ ਗੈਰ ਸਿੱਖ ਤੇ ਗੈਰ ਪੰਜਾਬੀ ਲੋਕਾਂ ਦਾ ਹੀ ਬੋਲਬਾਲਾ ਹੈ, ਉਥੇ ਭਾਈ ਭੱਪ ਸਾਰੇ ਸਿੱਖ ਸਮਾਜ ਦਾ ਪ੍ਰਤੀਨਿਧ ਬਣਕੇ ਜੇਲ੍ਹ-ਬੰਦੀਆਂ ਵਿਚ ਸਿੱਖਾਂ ਦਾ ਦੂਤ ਬਣਿਆ ਹੋਇਆ ਹੈ। ਉਹਦੇ ਨਾਲ ਤਰੀਕਾਂ ਭੁਗਤਾਉਣ ਵਾਲੇ ਪੁਲੀਸ ਵਾਲੇ ਵੀ ਉਹਦੇ ਸੁਭਾਅ ਤੇ ਆਦਤਾਂ ਦੇ ਮੁਰੀਦ ਹਨ ।

ਅਨੇਕਾਂ ਅਹਿਮ ਘਟਨਾਵਾਂ ਵਿਚ ਸ਼ਮੂਲ਼ੀਅਤ ਕਰਨ ਵਾਲੇ ਇਸ ਜੁਝਾਰੂ ਦੇ ਪਰਿਵਾਰ ਨੂੰ ਹਕੂਮਤੀ ਦਹਿਸ਼ਤਗਰਦੀ ਦਾ ਅਣਕਿਆਸਾ ਜੁਲਮ ਝੱਲਣਾ ਪਿਆ। ਉਸ ਦੀ ਮਾਤਾ ਉਪਰ ਸਿਰੇ ਦਾ ਜੁਲਮ ਢਾਹਿਆ ਗਿਆ। ਚਾਰ-ਪੰਜ ਸਾਲ ਤਾਂ ਮਾਤਾ ਥਾਣਿਆਂ-ਹਵਾਲਾਤਾਂ ਵਿਚ ਹੀ ਰੁਲ਼ਦੀ ਰਹੀ। ਜੋ ਤਸੀਹੇ ਉਨ੍ਹਾਂ ਦਿਨਾਂ ਵਿਚ ਬੁੱਚੜਖਾਨਿਆਂ ਵਿਚ ਹਰ ਸਿੱਖ ਨੂੰ ਝੱਲਣੇ ਪੈਂਦੇ ਸੀ, ਉਹ ਸਾਰੇ ਮਾਤਾ ਉਪਰ ਵਰਤੇ ਗਏ। ਚੱਡੇ ਪਾੜੇ ਗਏ, ਘੋਟਣੇ ਲਾਏ ਗਏ, ਹਰ ਤਰ੍ਹਾਂ ਜਲੀਲ ਕੀਤਾ ਗਿਆ ਤੇ ਨਿਰਦਈ ਬਣ ਕੇ ਕੁਟਾਪਾ ਕੀਤਾ ਗਿਆ। ਪਰ ਧੰਨ ਹੈ ਉਹ ਮਾਤਾ ਜੀਹਨੇ ਆਪਣੇ ਪੁੱਤ ਅਤੇ ਕੌਮ ਲਈ ਸਭ ਕੁਝ ਝੱਲਿਆ। ਇਹ ਸਭ ਕੁਝ ਅੱਡ-ਅੱਡ ਥਾਣਿਆਂ ਵਿਚ ਚਾਰ ਸਾਲ ਚੱਲਿਆ। ਚਾਰ ਸਾਲ ਬਾਅਦ ਇਕ ਐਸ.ਐਸ.ਪੀ.ਖ਼ੁਦ ਮਾਤਾ ਨੂੰ ਪਿੰਡ ਬੁਟਾਹਰੀ ਘਰ ਛੱਡਣ ਆਇਆ। ਘਰ ਦਾ ਕੱਖ ਨਹੀ ਸੀ ਰਿਹਾ। ਦਰਵਾਜੇ ਨਹੀਂ, ਬਾਰੀ ਨਹੀਂ,ਛੱਤ ਨਹੀਂ, ਨਿਰਾ ਖੰਡਰ ਸੀ ਘਰ। ਉਹ ਮਾਤਾ ਜਿਹੜੀ 16 ਏਕੜਾਂ ਦੀ ਮਾਲਕ ਰਹੀ ਸੀ, ਉਹਨੂੰ ਸਰਪੰਚ ਦੇ ਘਰ ਕੰਮ ਕਰਕੇ ਰੋਟੀ ਖਾਣੀ ਪਈ। ਇਹੀ ਜ਼ੁਲਮ ਮਾਤਾ ਦੇ ਦੂਜੇ ਪੁੱਤਾਂ ਨਾਲ ਵਾਪਰਿਆ। ਮਾਤਾ ਦਾ ਇਕ ਪੁੱਤ ਭੱਪ ਤਾਂ ਜੁਝਾਰੂ ਸਰਗਰਮੀਆਂ ਵਿਚ ਸੀ ਪਰ ਉਸ ਦੇ ਬਾਕੀ ਦੋਨਾਂ ਪੁੱਤਾਂ ਉਪਰ ਜੋ ਹਨੇਰੀ ਝੁੱਲੀ, ਉਹਦੀ ਦਾਸਤਾਨ ਬਿਆਨ ਕਰਨੀ ਕਿਸੇ ਦੇ ਵੱਸ ਦੀ ਗੱਲ ਨਹੀ। ਪੁਲੀਸ ਦੀ ਅੰਨ੍ਹੀ ਕੁੱਟ ਨੇ ਉਨਾਂ ਨੂੰ ਸੁੰਨ-ਮ-ਸੁੰਨ ਕਰ ਦਿੱਤਾ। ਰੋਟੀ ਖਾਣ ਤੋਂ ਬਿਨਾਂ ਹੋਰ ਕੱਖ ਨਹੀ ਪਤਾ। ਉਨ੍ਹਾਂ ਦੀ ਮਾਨਸਿਕ ਦਸ਼ਾ ਨੀਮ-ਪਾਗਲਾਂ ਵਰਗੀ ਬਣਾ ਦਿੱਤੀ ਗਈ।

ਦਹਿਸ਼ਤ, ਸਹਿਮ ਤੇ ਆਰੇ ਦੇ ਦੰਦਿਆਂ ਉਪਰ ਜਿਉਂਦੇ ਪਲਾਂ ਨੂੰ ਭਾਈ ਭੱਪ ਦੀ ਮਾਤਾ ਨੇ ਸਾਲਾਂ ਤੱਕ ਹੰਢਾਇਆ ਹੈ। ਜਦ ਮੈਂ ਮਾਤਾ ਜੀ ਨੂੰ ਮਿਲਣ ਪਿੰਡ ਗਿਆ ਤਾਂ ਓਸ ਢੱਠੇ ਜਿਹੇ

**ਬਾਕੀ ਸਫ਼ਾ 32 ’ਤੇ**


# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

**6120 Faith Home Rd Ceres, CA 95307**

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375



# ਮੋਦੀ ਸਰਕਾਰ ਵੱਲੋਂ ਦਰਿਆਈ ਪਾਣੀਆਂ ਬਾਰੇ ਸੋਧ ਬਿੱਲ ਪਾਸ

✪ ਪੰਜਾਬ ਵਿਰੋਧੀ ਇਹ ਬਿੱਲ ਕਰੇਗਾ ਪਾਣੀਆਂ ਦੀ ਲੁੱਟ ✪ ਕੈਪਟਨ ਅਮਰਿੰਦਰ ਸਿੰਘ ਨੇ ਨਰਿੰਦਰ ਮੋਦੀ ਸਰਕਾਰ ਅੱਗੇ ਨਿਵ ਕੇ ਟ੍ਰਿਬਿਊਨਲ ਨੂੰ ਦਿੱਤੀ ਮਾਨਤਾ
✪ ਰਿਪੇਰੀਅਨ ਕਾਨੂੰਨ ਦੇ ਉਲਟ ਗੁਆਂਢੀ ਸੂਬਿਆਂ ਨੂੰ ਪਾਣੀ ਦੇਣ ਦਾ ਰਾਹ ਬਣਾਇਆ ✪ ਸੋਧ ਬਿੱਲ ਅੰਤਰਰਾਜੀ ਨਦੀ ਜਲ ਵਿਵਾਦ ਐਕਟ 1956 ਦੀ ਥਾਂ ਲਏਗਾ

**ਨਵੀਂ ਦਿੱਲੀ/ਏਟੀ ਨਿਊਜ਼ :**
ਪੰਜਾਬ ਦੇ ਪਾਣੀਆਂ ’ਤੇ ਸਿਆਸਤ ਹੁਣ ਹੋਰ ਗਰਮਾਉਣ ਦੀ ਸੰਭਾਵਨਾ ਹੈ। ਭਾਰਤ ਦੀ ਕੇਂਦਰ ਸਰਕਾਰ ਵੱਖ-ਵੱਖ ਰਾਜਾਂ ਵਿਚਾਲੇ ਦਰਿਆਈ ਪਾਣੀਆਂ ਦੀ ਵੰਡ ਨੂੰ ਲੈ ਕੇ ਚੱਲ ਰਹੇ ਵਿਵਾਦਾਂ ਦੇ ਹੱਲ਼ ਲਈ ਨਵਾਂ ਕਾਨੂੰਨ ਬਣਾ ਰਹੀ ਹੈ। ਇਸ ਸਬੰਧੀ ਲੋਕ ਸਭਾ ਵਿੱਚ ਬਿੱਲ ਪਾਸ ਕੀਤਾ ਗਿਆ ਹੈ। ਹੁਣ ਇਹ ਰਾਜ ਸਭਾ ਵਿਚ ਜਾਵੇਗਾ। ਇਸ ਬਿੱਲ ਦਾ ਮਕਸਦ ਪਾਣੀਆਂ ਦੀ ਵੰਡ ਨੂੰ ਲੈ ਕੇ ਚੱਲ ਰਹੇ ਵਿਵਾਦਾਂ ਦੇ ਨਿਆਂਇਕ ਫੈਸਲੇ ਨੂੰ ਵਧੇਰੇ ਸੁਖਾਲਾ ਤੇ ਕਾਰਗਰ ਬਣਾਉਣਾ ਦੱਸਿਆ ਜਾ ਰਿਹਾ ਹੈ। ਪਰ ਪੰਜਾਬੀ ਮਾਹਿਰਾਂ ਅਨੁਸਾਰ ਪਾਸ ਕੀਤੇ ਹੋਰ ਕਈ ਬਿੱਲਾਂ ਦੀ ਤਰ੍ਹਾਂ ਅੰਤਰਰਾਜੀ ਜਲ ਵਿਵਾਦ (ਸੋਧ) ਬਿੱਲ, 2019 ਵੀ ਸੰਘੀ ਢਾਂਚੇ ਨੂੰ ਖ਼ੋਰਾ ਲਗਾਉਣ ਵਾਲਾ ਹੈ। ਇਸ ਬਿੱਲ ਦੇ ਕਾਨੂੰਨ ਬਣਨ ਨਾਲ ਅੰਤਰਰਾਜੀ ਜਲ ਵਿਵਾਦ ਬਾਰੇ ਵੱਖ ਵੱਖ ਟ੍ਰਿਬਿਊਨਲ ਬਣਾਉਣ ਦੀ ਲੋੜ ਨਹੀਂ ਰਹੇਗੀ। ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਵਿਚ ਇਕ ਟ੍ਰਿਬਿਊਨਲ ਬਣੇਗਾ ਅਤੇ ਵੱਖ-ਵੱਖ ਵਿਵਾਦਾਂ ਬਾਰੇ ਬੈਂਚ ਬਣਾ ਦਿੱਤੇ ਜਾਣਗੇ। ਟ੍ਰਿਬਿਊਨਲ ਤਿੰਨ ਸਾਲ ਜਾਂ ਵੱਧ ਤੋਂ ਵੱਧ ਸਾਢੇ ਚਾਰ ਸਾਲ ਅੰਦਰ ਆਪਣਾ ਫ਼ੈਸਲਾ ਦੇਵੇਗਾ ਜਿਸ ਨੂੰ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਤਰਜ਼ ਉੱਤੇ ਹੀ ਲਾਗੂ ਕੀਤਾ ਜਾਵੇਗਾ। ਸਰਕਾਰ ਦੀ ਦਲੀਲ ਹੈ ਕਿ ਪਹਿਲਾਂ ਕ੍ਰਿਸ਼ਨਾ, ਕਾਵੇਰੀ, ਬਿਆਸ, ਨਰਬਦਾ ਆਦਿ ਨਦੀਆਂ ਬਾਰੇ ਬਣਾਏ 9 ਟ੍ਰਿਬਿਊਨਲਾਂ ਵਿਚੋਂ ਕੇਵਲ ਚਾਰ ਨੇ ਹੀ ਰਿਪੋਰਟਾਂ ਦਿੱਤੀਆਂ ਅਤੇ ਇਸ ਵਿਚ 10 ਤੋਂ 28 ਸਾਲ ਦਾ ਸਮਾਂ ਲੱਗਾ।

ਕੈਪਟਨ ਅਮਰਿੰਦਰ ਸਿੰਘ ਨੇ ਪਾਣੀਆਂ ਦਾ ਮਾਮਲਾ ਟ੍ਰਿਬਿਊਨ ਦੇ ਹਵਾਲੇ ਕਰਕੇ ਪੰਜਾਬ ਦੇ ਹੱਕਾਂ ’ਤੇ ਵੱਡਾ ਕੁਹਾੜਾ ਮਾਰਿਆ ਹੈ। ਸੰਵਿਧਾਨ ਦੇ 7ਵੇਂ ਸ਼ਡਿਊਲ ਅਤੇ ਰਾਜ ਸੂਚੀ ਵਿਚ 17ਵੀਂ ਲੜੀ ਅਨੁਸਾਰ ਦਰਿਆਵਾਂ ਦੇ ਪਾਣੀ ਦੀ ਵਰਤੋਂ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਆਉਂਦੀ ਹੈ। ਭਾਸ਼ਾ ਦੇ ਆਧਾਰ ਉੱਤੇ ਸੂਬਿਆਂ ਦੇ ਪੁਨਰਗਠਨ ਦੇ ਸਮੇਂ ਪਾਣੀਆਂ ਦੀ ਵੰਡ ਸਬੰਧੀ ਸਮੱਸਿਆ ਨੂੰ ਹੱਲ ਕਰਨ ਲਈ ਅੰਤਰਰਾਜੀ ਜਲ ਵਿਵਾਦ ਕਾਨੂੰਨ 1956 ਬਣਾਇਆ ਗਿਆ। ਆਪਸੀ ਝਗੜੇ ਹੱਲ ਨਾ ਹੋਣ ਅਤੇ ਕਿਸੇ ਰਾਜ ਦੇ ਕੇਂਦਰ ਕੋਲ ਜਾਣ ’ਤੇ, ਕੇਂਦਰ ਸਰਕਾਰ ਉਸ ਵਿਵਾਦ ਦੇ ਨਿਬੇੜੇ ਲਈ ਟ੍ਰਿਬਿਊਨਲ ਬਣਾ ਸਕਦੀ ਸੀ। ਸੰਨ 1985 ਤੋਂ ਪਹਿਲਾਂ ਟ੍ਰਿਬਿਊਨਲ ਮੁੱਖ ਤੌਰ ਉੱਤੇ ਦੱਖਣੀ ਭਾਰਤ ਦੇ ਰਿਪੇਰੀਅਨ ਰਾਜਾਂ ਦੇ ਦਰਿਆਵਾਂ ਦੇ ਪਾਣੀਆਂ ਦੀ ਵੰਡ ਲਈ ਬਣਾਏ ਗਏ।

ਸੋਧੇ ਹੋਏ ਕਾਨੂੰਨ ਤਹਿਤ ਹੁਣ ਕੇਂਦਰ ਨੂੰ ਕਿਸੇ ਸੂਬੇ ਵੱਲੋਂ ਦਰਖ਼ਾਸਤ ਦੇਣ ਦੀ ਉਡੀਕ ਕਰਨ ਦੀ ਲੋੜ ਨਹੀਂ ਰਹੇਗੀ। ਸੂਬਾ ਸਰਕਾਰਾਂ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ। ਇਸ ਤਰ੍ਹਾਂ ਸਾਰੇ ਮਾਮਲੇ ਨੂੰ ਕੇਂਦਰੀ ਕੰਟਰੋਲ ਵਿਚ ਲਿਆਉਣ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ।

ਕੇਂਦਰ ਸਰਕਾਰ ਇਸ ਕਾਨੂੰਨ ਨੂੰ ਵਰਤ ਕੇ ਦਰਿਆਵਾਂ ਨੂੰ ਜੋੜਨ ਵਾਲੀ ਨੀਤੀ ਨੂੰ ਲਾਗੂ ਕਰਨ ਦੀ ਕੋਸ਼ਿਸ਼ ਵੀ ਕਰ ਸਕਦੀ ਹੈ। ਪੰਜਾਬ ਸਮੇਤ ਕਈ ਰਾਜ ਸਰਕਾਰਾਂ ਇਸ ਦਾ ਵਿਰੋਧ ਕਰਦੀਆਂ ਰਹੀਆਂ ਹਨ। ਜਦ ਪੰਜਾਬ ਦੇ ਪ੍ਰਸੰਗ ਵਿਚ ਸੰਨ 1985 ਵਿਚ ਹੋਏ ਰਾਜੀਵ- ਲੌਂਗੋਵਾਲ ਸਮਝੌਤੇ ਤਹਿਤ ਟ੍ਰਿਬਿਊਨਲ ਬਣਾਉਣ ਦਾ ਫ਼ੈਸਲਾ ਹੋਇਆ ਤਾਂ ਕਈ ਮਾਹਿਰਾਂ ਨੇ ਇਸ ਨੂੰ ਸੰਵਿਧਾਨ ਵਿਰੋਧੀ ਕਦਮ ਕਰਾਰ ਦਿੱਤਾ ਕਿਉਂਕਿ ਪੰਜਾਬ ਦੇ ਦਰਿਆਈ ਪਾਣੀ ਦਾ ਵਿਵਾਦ ਰਿਪੇਰੀਅਨ ਰਾਜਾਂ ਦਰਮਿਆਨ ਨਹੀਂ ਹੈ। ਪਾਣੀਆਂ ਦੀ ਵੰਡ ਦਾ ਮੁੱਦਾ ਬੇਹੱਦ ਸੰਵੇਦਨਸ਼ੀਲ ਹੈ ਅਤੇ ਪੰਜਾਬ ਨੂੰ ਇਸ ਸਬੰਧ ਵਿਚ ਵੱਡੀ ਕੀਮਤ ਤਾਰਨੀ ਪਈ ਹੈ।

ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ ਉੱਤੇ ਸੁਪਰੀਮ ਕੋਰਟ ਨੇ ਪੰਜਾਬ, ਹਰਿਆਣਾ ਅਤੇ ਕੇਂਦਰ ਨੂੰ ਆਪਸੀ ਸਹਿਮਤੀ ਬਣਾਉਣ ਲਈ 3 ਸਤੰਬਰ ਤੱਕ ਦਾ ਸਮਾਂ ਦਿੱਤਾ ਹੈ। ਪੰਜਾਬ ਸਰਕਾਰ ਅਤੇ ਵਿਰੋਧੀ ਧਿਰਾਂ ਨੂੰ ਆਪਣਾ ਪੱਖ ਗੰਭੀਰਤਾ ਤੇ ਜ਼ੋਰਦਾਰ ਤਰੀਕੇ ਨਾਲ ਸਪਸ਼ਟ ਕਰਨਾ ਚਾਹੀਦਾ ਹੈ। ਪਰ ਕੈਪਟਨ ਅਮਰਿੰਦਰ ਸਿੰਘ ਇਸ ਮਾਮਲੇ ਵਿਚ ਮੋਦੀ ਸਰਕਾਰ ਅੱਗੇ ਨਿਵ ਰਹੇ ਹਨ, ਜੋ ਕਿ ਪੰਜਾਬ ਦੇ ਹਿੱਤਾਂ ਦਾ ਘਾਣ ਹੋਵੇਗਾ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ ਦੇ ਕਈ ਦਹਾਕਿਆਂ ਤੋਂ ਗੁਆਂਢੀ ਸੂਬਿਆਂ ਹਰਿਆਣਾ, ਰਾਜਸਥਾਨ ਤੇ ਦਿੱਲੀ ਨਾਲ ਪਾਣੀਆਂ ਦਾ ਵਿਵਾਦ ਚੱਲ ਰਿਹਾ ਹੈ। ਇਹ ਮਸਲਾ ਪੰਜਾਬ ਲਈ ਬੇਹੱਦ ਅਹਿਮ ਹੈ ਕਿਉਂਕਿ ਤਿੰਨ ਦਹਾਕੇ ਪਹਿਲਾਂ ਪਾਣੀਆਂ ਕਰਕੇ ਹੀ ਪੰਜਾਬ ਦੀ ਧਰਤੀ ਖ਼ੂਨ ਨਾਲ ਰੰਗੀ ਗਈ ਸੀ।

ਦਰਅਸਲ ਹੁਣ ਤੱਕ ਸਿਆਸਤਦਾਨ ਪਾਣੀਆਂ ਦੇ ਮੁੱਦੇ ਨੂੰ ਲਟਕਾ ਕੇ ਸਿਆਸੀ ਰੋਟੀਆਂ ਸੇਕਦੇ ਰਹਿੰਦੇ ਸੀ। ਨਵੇਂ ਕਾਨੂੰਨ ਮੁਤਾਬਕ ਇਸ ਦਾ ਤੈਅ ਸਮੇਂ ਵਿੱਚ ਨਿਬੇੜਾ ਹੋਏਗਾ। ਅਜਿਹੇ ਵਿੱਚ ਸਿਆਸੀ ਪਾਰਟੀਆਂ ਕਸੂਤੀਆਂ ਘਿਰ ਜਾਣਗੀਆਂ। ਇਸ ਕਾਨੂੰਨ ਦਾ ਸਭ ਤੋਂ ਵੱਧ ਅਸਰ ਪੰਜਾਬ ’ਤੇ ਪਏਗਾ ਕਿਉਂਕਿ ਪਾਣੀਆਂ ਦੇ ਮਸਲੇ ਨਾਲ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਪੰਜਾਬ ਦੇ ਲੋਕ ਹਮੇਸ਼ਾ ਸਮਝਦੇ ਹਨ ਕਿ ਰਾਪੇਰੀਅਨ ਕਾਨੂੰਨ ਮੁਤਾਬਕ ਪਾਣੀਆਂ ’ਤੇ ਉਨ੍ਹਾਂ ਦਾ ਹੱਕ ਹੈ ਤੇ ਕੇਂਦਰ ਧੱਕੇ ਨਾਲ ਗੁਆਂਢੀ ਸੂਬਿਆਂ ਨੂੰ ਪਾਣੀ ਦਵਾ ਰਿਹਾ ਹੈ।

ਕੈਪਟਨ ਸਰਕਾਰ ਪਾਣੀਆਂ ਬਾਰੇ ਠੋਸ ਸਟੈਂਡ ਲਵੇ-
ਕੈਪਟਨ ਸਰਕਾਰ ਪੰਜਾਬ ਦੇ ਲੁੱਟੇ ਜਾ ਰਹੇ ਪਾਣੀਆਂ ਬਾਰੇ ਠੋਸ ਸਟੈਂਡ ਨਹੀਂ ਲੈ ਰਹੀ, ਜਦ ਕਿ ਇਸ ਦੇ ਉਲਟ ਕੇਂਦਰ ਸਰਕਾਰ ਵਲੋਂ ਪੰਜਾਬ ਦੇ ਪਾਣੀ ਰਾਜਸਥਾਨ, ਹਰਿਆਣਾ ਨੂੰ ਲੁੱਟ ਕੇ ਦਿੱਤੇ ਜਾ ਰਹੇ ਹਨ। ਸੁਪਰੀਮ ਕੋਰਟ ਦਾ ਸਟੈਂਡ ਵੀ ਪੰਜਾਬ ਤੇ ਰਿਪੇਰੀਅਨ ਕਾਨੂੰਨਾਂ ਵਿਰੋਧੀ ਰਿਹਾ ਹੈ। ਇਸ ਦਾ ਕਾਰਨ ਇਹੀ ਹੈ ਕਿ ਪੰਜਾਬ ਸਰਕਾਰ ਰਿਪੇਰੀਅਨ ਕਾਨੂੰਨਾਂ ਦੇ ਆਧਾਰ ’ਤੇ ਆਪਣਾ ਪੱਖ ਸਹੀ ਢੰਗ ਨਾਲ ਪੇਸ਼ ਨਹੀਂ ਕਰ ਸਕੀ। ਹੁਣੇ ਜਿਹੇ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵੱਲੋਂ ਸਤਲੁਜ ਯੁਮਨਾ ਲਿੰਕ ਨਹਿਰ ਦੇ ਮਾਮਲੇ ਨੂੰ ਹੱਲ ਕਰਨ ਵਾਸਤੇ ਦੋਵਾਂ ਸੂਬਿਆਂ ਅਤੇ ਕੇਂਦਰ ਸਰਕਾਰ ਦੇ ਅਧਿਕਾਰੀਆਂ ਦੀ ਇੱਕ ਕਮੇਟੀ ਬਣਾਉਣ ਦੇ ਸੁਝਾਅ ਦਾ ਸਵਾਗਤ ਕੀਤਾ ਹੈ, ਉਹ ਪੰਜਾਬ ਦੇ ਵਿਰੋਧ ਵਿਚ ਜਾਵੇਗਾ, ਕਿਉਂਕਿ ਕੈਪਟਨ ਸਰਕਾਰ ਰਿਪੇਰੀਅਨ ਕਾਨੂੰਨਾਂ ’ਤੇ ਪਹਿਰਾ ਦੇਣ ਦੀ ਥਾਂ ਇਹੀ ਦਲੀਲ ਦੇ ਰਹੀ ਹੈ ਕਿ ਪੰਜਾਬ ਕੋਲ ਪਾਣੀ ਨਹੀਂ ਹੈ ਤੇ ਉਹ ਕਿੱਥੋਂ ਦੇਵੇ ? ਜਦ ਕਿ ਰਿਪੇਰੀਅਨ ਕਾਨੂੰਨ ਅਨੁਸਾਰ ਪਾਣੀਆਂ ਦੀ ਮਾਲਕੀ ਪੰਜਾਬ ਕੋਲ ਹੈ। ਪਰ ਕੈਪਟਨ ਸਰਕਾਰ ਅਜਿਹੀ ਦਲੀਲ ਦੇ ਕੇ ਪੰਜਾਬ ਦੇ ਪਾਣੀਆਂ ਉੱਪਰ ਹਰਿਆਣੇ ਦੇ ਅਧਿਕਾਰ ਸਥਾਪਤ ਕਰ ਰਹੀ ਹੈ। ਪੰਜਾਬ ਸਰਕਾਰ ਨੇ ਨਵਾਂ ਟ੍ਰਿਬਿਊਨਲ ਬਣਾਉਣ ਦੀ ਜੋ ਮੰਗ ਕੀਤੀ ਹੈ, ਉਹ ਪੰਜਾਬ ਦੇ ਵਿਰੋਧ ਵਿਚ ਭੁਗਤੇਗਾ, ਕਿਉਂਕਿ ਕੋਈ ਵੀ ਟ੍ਰਿਬਿਊਨਲ ਅੱਜ ਤੱਕ ਪੰਜਾਬ ਦੇ ਪਾਣੀਆਂ ਬਾਰੇ ਹੱਕੀ ਫੈਸਲਾ ਨਹੀਂ ਕਰ ਸਕਿਆ।

ਪਾਣੀਆਂ ਬਾਰੇ ਮਾਹਿਰ ਪ੍ਰੀਤਮ ਸਿੰਘ ਕੁਮੇਦਾਨ ਨੇ ਕਈ ਵਾਰ ਰਿਪੇਰੀਅਨ ਐਕਟ ਦੀ ਚਰਚਾ ਕਰਦਿਆਂ ਕਿਹਾ ਸੀ ਕਿ ਦਰਿਆਈ ਪਾਣੀਆਂ ’ਤੇ ਨਾ ਰਾਜਸਥਾਨ ਅਤੇ ਨਾ ਹੀ ਹਰਿਆਣਾ ਦਾ ਹੱਕ ਬਣਦਾ ਹੈ। ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦਾ ਵੀ ਇਹੀ ਕਹਿਣਾ ਹੈ ਕਿ ਪੰਜਾਬ ਅਤੇ ਹਰਿਆਣਾ ਦੀ ਵੰਡ 60:40 ਦੇ ਅਨੁਪਾਤ ਅੁਨਸਾਰ ਹੋਈ ਸੀ ਤੇ ਪਾਣੀ ਦੀ ਵੰਡ ਵੀ ਇਸੇ ਅੁਨਪਾਤ ਨਾਲ ਕੀਤੀ ਜਾਵੇ ਜਾਂ ਫਿਰ ਰਿਪੇਰੀਅਨ ਐਕਟ ਅਨੁਸਾਰ ਪਾਣੀ ਵੰਡਿਆ ਜਾਵੇ। ਇਸ ਸਿਧਾਂਤ ਅੁਨਸਾਰ ਹਰਿਆਣਾ ਅਤੇ ਰਾਜਸਥਾਨ ਕਿਸੇ ਤਰ੍ਹਾਂ ਵੀ ਰਿਪੇਰੀਅਨ ਸੂਬੇ ਨਹੀਂ ਬਣਦੇ। ਇਨ੍ਹਾਂ ਦਰਿਆਵਾਂ ਦੇ ਪਾਣੀਆਂ ਦਾ ਪੰਜਾਬ ਨੂੰ ਕੁਝ ਲਾਭ ਹੈ ਤੇ ਹੜ੍ਹਾਂ ਕਾਰਨ ਨੁਕਸਾਨ ਵੀ ਪੰਜਾਬ ਨੂੰ ਝੱਲਣਾ ਪੈਂਦਾ ਹੈ। ਪੰਜਾਬ ਅਤੇ ਹਰਿਆਣਾ ਵਿੱਚ ਪਾਣੀਆਂ ਦੀ ਵੰਡ ਕਰਦੇ ਸਮੇਂ ਯਮੁਨਾ ਦਾ ਪਾਣੀ ਵੀ ਇਸ ਵੰਡ ਵਿੱਚ ਸ਼ਾਮਲ ਕੀਤਾ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸੁਰਾਂ ਵੀ ਕੈਪਟਨ ਸਰਕਾਰ ਨਾਲੋਂ ਪੰਜਾਬ ਦੇ ਹੱਕ ਵਿਚ ਹਨ। ਉਨ੍ਹਾਂ ਦਾ ਵੀ ਇਹੀ ਕਹਿਣਾ ਹੈ ਕਿ ਪੰਜਾਬ ਕੋਲ ਪਾਣੀ ਪਹਿਲਾਂ ਹੀ ਘੱਟ ਹੈ। ਇਸ ਲਈ ਕਿਸੇ ਹੋਰ ਸੂਬੇ ਨੂੰ ਇੱਕ ਬੂੰਦ ਵੀ ਪਾਣੀ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਵੀ ਮਤਾ ਪਾਸ ਕਰ ਕੇ ਸਪੱਸ਼ਟ ਕੀਤਾ ਜਾ ਚੁੱਕਾ ਹੈ ਕਿ ਅਕਾਲੀ ਦਲ ਪਾਣੀਆਂ ਦੇ ਮੁੱਦੇ ’ਤੇ ਰਿਪੇਰੀਅਨ ਕਾਨੂੰਨ ਮੁਤਾਬਕ ਹੀ ਫੈਸਲਾ ਚਾਹੁੰਦਾ ਹੈ, ਕਿਉਂਕਿ ਸਾਰੇ ਦਰਿਆ ਕਿਉਂਕਿ ਪੰਜਾਬ ਵਿਚੋਂ ਵਹਿੰਦੇ ਹਨ। ਇਸ ਲਈ ਦਰਿਆਈ ਪਾਣੀਆਂ ਉਤੇ ਸਿਰਫ਼ ’ਤੇ ਸਿਰਫ਼ ਪੰਜਾਬ ਦਾ ਹੀ ਬੁਨਿਆਦੀ ਹੱਕ ਹੈ। ਸੁਖਬੀਰ ਨੇ ਅਕਾਲੀ ਦਲ ਵਲੋਂ ਸਪੱਸ਼ਟ ਕਰ ਦਿੱਤਾ ਹੈ ਕਿ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਿਸੇ ਵੀ ਕੀਮਤ ’ਤੇ ਨਹੀਂ ਹੋਣ ਦਿੱਤੀ ਜਾਵੇਗੀ।

ਕੇਂਦਰ ਸਰਕਾਰ ਰਿਪੇਰੀਅਨ ਕਾਨੂੰਨਾਂ ਨਾਲ ਖਿਲਵਾੜ ਕਰਕੇ ਪੰਜਾਬ ਦੇ ਪਾਣੀਆਂ ਉੱਪਰ ਡਾਕਾ ਮਾਰਨ ਦੀ ਵਿਉਂਤਬੰਦੀ ਬਣਾ ਰਹੀ ਹੈ। ਉਹ ਹਿਮਾਚਲ ਵਿੱਚ ਡੈਮ ਬਣਾ ਕੇ ਬਿਜਲੀ

**ਬਾਕੀ ਸਫ਼ਾ 32 ’ਤੇ**

## ਪੰਜਾਬ ਦੇ ਪਾਣੀਆਂ ਦੀ ਲੁੱਟ ਦਾ ਟਾਈਮ ਟੇਬਲ

- 1947 ਵਿੱਚ ਭਾਰਤ-ਪਾਕਿ ਵੰਡ ਕਾਰਨ ਪਾਣੀਆਂ ਦਾ ਮੁੱਦਾ ਕੌਮਾਂਤਰੀ ਬਣਿਆ। ਵਿਸ਼ਵ ਬੈਂਕ ਨੇ ਪਾਣੀਆਂ ਦੀ ਵੰਡ ਦੀ ਤਜਵੀਜ਼ ਪੇਸ਼ ਕੀਤੀ।
- 26 ਜਨਵਰੀ 1955 ਗੁਲ਼ਜ਼ਾਰੀ ਲਾਲ ਨੰਦਾ ਦੀ ਪ੍ਰਧਾਨਗੀ ਵਾਲੀ ਮੀਟਿੰਗ ਵਿੱਚ ਭਾਰਤੀ ਪੰਜਾਬ ਦੇ ਪਾਣੀਆਂ ਦੀ ਗੈਰ-ਕਾਨੂੰਨੀ ਵੰਡ ਹੋਈ।
- ਰਾਵੀ-ਬਿਆਸ ਦਾ ਕੁੱਲ ਪਾਣੀ 158.5 ਲੱਖ ਏਕੜ ਫੁੱਟ। ਪੰਜਾਬ ਦਾ ਹਿੱਸਾ 72 ਲੱਖ ਏਕੜ ਫੁੱਟ (ਪੈਂਪਸੂ ਦੇ 1.3 ਲੱਖ ਏਕੜ ਫੁੱਟ ਸਮੇਤ) ਰਾਜਸਥਾਨ 80 ਲੱਖ ਏਕੜ ਫੁੱਟ, ਜੰਮੂ-ਕਸ਼ਮੀਰ-6.5 ਲੱਖ ਏਕੜ ਫੁੱਟ।
- ਸਿੰਧ ਜਲ ਸੰਧੀ 1960 ਅਨੁਸਾਰ ਸਤਲੁਜ-ਬਿਆਸ ਤੇ ਰਾਵੀ ਦਰਿਆ ਭਾਰਤ ਨੂੰ ਮਿਲੇ।
- ਪੰਜਾਬ ਪੁਨਰਗਠਨ ਕਾਨੂੰਨ 1966 ਤਹਿਤ ਹਰਿਆਣਾ ਨਵੰਬਰ ਮਹੀਨੇ ਅਲੱਗ ਸੂਬਾ ਬਣਿਆ।
- ਪੁਨਰਗਠਨ ਕਾਨੂੰਨ ਦੀ ਧਾਰਾ 78 ਤਹਿਤ ਭਾਖੜਾ-ਬਿਆਸ ਪ੍ਰਾਜੈਕਟਾਂ ਦੀ ਬਿਜਲੀ ਅਤੇ ਪਾਣੀ ਵੰਡ।
- 24 ਮਾਰਚ 1976 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਪਾਣੀਆਂ ਦੀ ਵੰਡ। ਪੰਜਾਬ ਦੇ ਹਿੱਸੇ-35 ਲੱਖ ਏਕੜ ਫੁੱਟ
- ਹਰਿਆਣਾ ਦੇ ਹਿੱਸੇ 35 ਲੱਖ ਏਕੜ ਫੁੱਟ। ਦਿੱਲੀ ਦੇ ਹਿੱਸੇ 2 ਲੱਖ ਏਕੜ ਫੁੱਟ। ਹਰਿਆਣਾ ਨੂੰ ਵਾਧੂ ਪਾਣੀ ਦੇਣ ਲਈ ਐੱਸਵਾਈਐਲ ਦੀ ਤਜਵੀਜ਼।
- 18 ਨਵੰਬਰ 1976 ਨੂੰ ਪੰਜਾਬ ਸਰਕਾਰ ਨੇ ਹਰਿਆਣਾ ਤੋਂ 1 ਕਰੋੜ ਰੁਪਏ ਵਸੂਲੇ (ਕਾਂਗਰਸ ਸਰਕਾਰ)
- 14 ਜਨਵਰੀ 1977 ਨੂੰ ਪੰਜਾਬੀ ਸਰਕਾਰ ਨੇ ਨਹਿਰ ਬਣਾਉਣ ਦੀ ਪ੍ਰਸ਼ਾਸਨਿਕ ਮਨਜ਼ੂਰੀ ਦਿੱਤੀ।
- 31 ਮਾਰਚ 1979 ਨੂੰ ਹਰਿਆਣਾ ਤੋਂ ਇੱਕ ਕਰੋੜ ਰੁਪਏ ਹੋਰ ਵਸੂਲੇ, ਜ਼ਮੀਨ ਐਕੁਆਇਰ ਕਰਨ ਦੀ ਪ੍ਰਕਿਰਿਆ ਜਾਰੀ ਰੱਖੀ (ਅਕਾਲੀ ਸਰਕਾਰ)
- 30 ਅਪਰੈਲ 1979, ਹਰਿਆਣਾ ਨੇ 1976 ਦਾ ਐਵਾਰਡ ਲਾਗੂ ਕਰਵਾਉਣ ਲਈ ਸੁਪਰੀਮ ਕੋਰਟ ਕੋਲ ਅਪੀਲ ਪਾਈ।
- 11 ਜੁਲਾਈ 1979 ਨੂੰ ਪੰਜਾਬ ਸਰਕਾਰ ਨੇ ਪੰਜਾਬ ਪੁਨਰਗਠਨ ਕਾਨੂੰਨ ਦੀ ਧਾਰਾ 78 ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ।
- 31 ਦਸੰਬਰ 1981 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਜੂਦਗੀ ਵਿੱਚ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਦੀ ਮੀਟਿੰਗ ’ਚ ਸਮਝੌਤਾ,

**ਬਾਕੀ ਸਫ਼ਾ 32 ’ਤੇ**

# ਸ਼ਿਲੌਂਗ 'ਚ ਸਿੱਖ ਭਾਈਚਾਰੇ ਲਈ ਮੁੜ ਸੰਕਟ

- ✪ ਨਗਰ ਨਿਗਮ ਵਲੋਂ ਸਿੱਖਾਂ ਦੇ ਘਰਾਂ ਦੇ ਬਾਹਰ ਲਗਾਏ ਸਰਕਾਰੀ ਨੋਟਿਸ
- ✪ ਅਦਾਲਤ ਦਾ ਫੈਸਲਾ ਸਿੱਖਾਂ ਦੇ ਹੱਕ 'ਚ ਪਰ ਫਿਰ ਵੀ ਬੇਦਖਲੀ ਦੇ ਨੋਟਿਸ
- ✪ ਅੱਤਵਾਦੀ ਜਥੇਬੰਦੀ ਨੇ ਸਿੱਖਾਂ ਨੂੰ ਦਿੱਤੀ ਧਮਕੀ
- ✪ ਸਿੱਖ ਲੀਡਰ ਨੇ ਕਿਹਾ ਕਿ ਸਾਨੂੰ ਮਰਨਾ ਮਨਜ਼ੂਰ ਪਰ ਜ਼ਮੀਨ ਨਹੀਂ ਛੱਡਾਂਗੇ



**ਪ੍ਰੋ. ਬਲਵਿੰਦਰਪਾਲ ਸਿੰਘ**
(ਮੋਬ. 98157-00916)



ਸ਼ਿਲੌਂਗ ਵਿਚ ਵੱਸਦੇ ਸਿੱਖਾਂ ਦੀਆਂ ਮੁਸ਼ਕਲਾਂ ਇੱਕ ਵਾਰ ਫਿਰ ਵਧਦੀਆਂ ਦਿਖਾਈ ਦੇ ਰਹੀਆਂ ਹਨ। ਪੰਜਾਬੀ ਲੇਨ ਵਿਚ ਰਹਿੰਦੇ ਸਿੱਖਾਂ ਨੂੰ ਫਿਰ ਨੋਟਿਸ ਜਾਰੀ ਕੀਤੇ ਗਏ ਹਨ। 200 ਸਾਲਾਂ ਤੋਂ ਸ਼ਿਲੌਂਗ ਵਿਚ ਰਹਿ ਰਿਹਾ ਸਿੱਖ ਭਾਈਚਾਰਾ ਹੁਣ ਮਹਿਫ਼ੂਜ਼ ਨਜ਼ਰ ਨਹੀਂ ਆ ਰਿਹਾ। ਨਗਰ ਨਿਗਮ ਵੱਲੋਂ ਸ਼ਿਲੌਂਗ ਵਿਚ ਮੁੜ ਸਿੱਖਾਂ ਦੇ ਘਰਾਂ ਤੇ ਦੁਕਾਨਾਂ ਦੇ ਬਾਹਰ ਨੋਟਿਸ ਲਾਏ ਗਏ ਹਨ। ਉਨ੍ਹਾਂ ਤੋਂ ਘਰਾਂ ਤੇ ਦੁਕਾਨਾਂ ਦੇ ਕਾਨੂੰਨੀ ਦਸਤਾਵੇਜ਼ ਮੰਗੇ ਗਏ ਹਨ। ਇਹ ਨੋਟਿਸ ਨਗਰ ਨਿਗਮ ਬੋਰਡ ਵੱਲੋਂ ਲਗਾਏ ਗਏ ਹਨ, ਜਿਸ ਨਾਲ ਸਿੱਧੇ ਤੌਰ ਉੱਤੇ 350 ਦੇ ਕਰੀਬ ਸਿੱਖ ਪਰਿਵਾਰ ਪ੍ਰਭਾਵਿਤ ਹੋ ਰਹੇ ਹਨ। ਇਸ ਤੋਂ ਪਹਿਲਾਂ ਵੀ 31 ਮਈ, 2019 ਨੂੰ ਸਿੱਖ ਪਰਿਵਾਰਾਂ ਦੇ ਘਰਾਂ ਦੇ ਬਾਹਰ ਨੋਟਿਸ ਲਗਾਏ ਗਏ ਸਨ। ਉੱਧਰ, ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ. ਨੇ ਦਿੱਲੀ ਕਮੇਟੀ ਉੱਤੇ ਹੀ ਸਵਾਲ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਦਾ ਕਹਿਣਾ ਕਿ ਸ਼ਿਲੌਂਗ ਨੂੰ ਲੈ ਕੇ 1 ਸਾਲ ਪਹਿਲਾਂ ਉਨ੍ਹਾਂ ਕੇਸ ਪਾਇਆ ਸੀ। ਉਸ ਵੇਲੇ ਕੇਸ ਦਾ ਫ਼ੈਸਲਾ ਹੱਕ ਵਿਚ ਆਇਆ ਸੀ, ਪਰ ਦਿੱਲੀ ਕਮੇਟੀ ਕੋਰਟ ਵਿਚ ਪੂਰੀ ਜਾਣਕਾਰੀ ਨਹੀਂ ਲੈ ਕੇ ਗਈ, ਜਿਸ ਦੇ ਚੱਲਦਿਆਂ ਸ਼ਿਲੌਂਗ ਵਿਚ ਰਹਿੰਦੇ ਸਿੱਖਾਂ ਨੂੰ ਮੁੜ ਨੋਟਿਸ ਦੇ ਦਿੱਤਾ ਗਿਆ। ਇਸ ਤੋਂ ਪਹਿਲਾਂ ਵੀ ਘਰ ਖ਼ਾਲੀ ਕਰਵਾਉਣ ਨੂੰ ਲੈ ਕੇ ਵਿਵਾਦ ਹੋਇਆ ਸੀ। ਸਿੱਖਾਂ ਨੇ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਸੀ ਤੇ ਪੰਜਾਬ ਸਰਕਾਰ ਸਣੇ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਦਾ ਵਫ਼ਦ ਵੀ ਸ਼ਿਲੌਂਗ ਗਿਆ ਪਰ ਅਜੇ ਤੱਕ ਸਮੱਸਿਆ ਦਾ ਕੋਈ ਵੀ ਹੱਲ ਨਹੀਂ ਹੋ ਸਕਿਆ। ਇਸ ਕਲੋਨੀ ਵਿਚ 300 ਪਰਿਵਾਰ ਰਹਿੰਦੇ ਹਨ। ਇਥੋਂ ਦੇ ਸਿੱਖ ਤਿੰਨ ਪੀੜ੍ਹੀਆਂ ਤੋਂ ਸਫਾਈ ਦਾ ਕੰਮ ਕਰ ਰਹੇ ਹਨ।

**ਕੀ ਹੈ ਮਾਮਲਾ-**

ਇਸ ਇਲਾਕੇ ਦੀ ਦਾਅਵੇਦਾਰੀ ਦਾ ਮਾਮਲਾ ਲੰਮੇ ਸਮੇਂ ਤੋਂ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ। ਕਈ ਸਾਲਾਂ ਤੋਂ ਰਾਜ ਸਰਕਾਰ ਇਥੋਂ ਰਹਿਣ ਵਾਲੇ ਸਿੱਖਾਂ ਤੋਂ ਇਲਾਕਾ ਖਾਲੀ ਕਰਵਾਉਣਾ ਚਾਹੁੰਦੀ ਹੈ। ਸਰਕਾਰ ਦੇ ਇਸ ਯਤਨ ਦੀ ਹਮਾਇਤ ਖਾਸੀ ਵਿਦਿਆਰਥੀ ਯੂਨੀਅਨ ਤੇ ਖਾਸੀ ਗਾਰੋ ਜਿਅੰਤੀਆ ਜਨ ਪਰਸੰਘ ਵਰਗੀਆਂ ਜਥੇਬੰਦੀਆਂ ਕਰ ਰਹੀਆਂ ਹਨ। ਸਰਕਾਰ ਦਾ ਦਾਅਵਾ ਹੈ ਕਿ ਇਹ ਕਲੋਨੀ ਨਜਾਇਜ਼ ਹੈ। ਇਸ ਵਿਚ ਰਹਿਣ ਵਾਲਿਆਂ ਵਿਚ ਨਾਜਾਇਜ਼ ਘੁਸਪੈਠੀਏ ਹਨ। ਇਸ ਯਤਨ ਦੇ ਪਿੱਛੇ ਇਕ ਵੱਡਾ ਕਾਰਨ ਇਸ ਬਸਤੀ ਦਾ ਸ਼ਹਿਰ ਦੇ ਮੁੱਖ ਵਪਾਰਕ ਕੇਂਦਰ ਦੇ ਕੋਲ ਸਥਿਤ ਹੋਣਾ ਹੈ। ਸਰਕਾਰ ਇਸ ਜ਼ਮੀਨ ਨੂੰ ਵੇਚ ਕੇ ਰਾਜ ਦੀ ਕਮਾਈ ਵਿਚ ਵਾਧਾ ਕਰਨਾ ਚਾਹੁੰਦੀ ਹੈ। ਰਾਜ ਦੇ ਉਪ ਮੁੱਖ ਮੰਤਰੀ ਪ੍ਰੇਸਟੋਨ ਤਿਆਨਸੋਂਗ ਕਹਿੰਦੇ ਹਨ ਕਿ ਸ਼ਹਿਰ ਦੇ ਵਿਚ ਵਸੀ ਇਹ ਗੰਦੀ ਕਲੋਨੀ ਸ਼ਹਿਰ ਦਾ ਵਾਤਾਵਰਨ ਖਰਾਬ ਕਰ ਰਹੀ ਹੈ। ਇੱਥੋਂ ਦੇ ਖਾਸੀ ਲੋਕਾਂ ਦਾ ਦਾਅਵਾ ਹੈ ਕਿ ਇਸ ਇਲਾਕੇ ਵਿਚ ਅਪਰਾਧਿਕ ਕਿਸਮ ਦੇ ਲੋਕ ਰਹਿੰਦੇ ਹਨ। ਇਸ ਤੋਂ ਇਲਾਵਾ ਸਥਾਨਕ ਖਾਸੀ ਲੋਕ ਇਹਨਾਂ ਦਲਿਤ ਸਿੱਖਾਂ ਨੂੰ ਬਾਹਰੀ ਲੋਕਾਂ ਦੀ ਤਰ੍ਹਾਂ ਦੇਖਦੇ ਤੇ ਸਲੂਕ ਕਰਦੇ ਹਨ। ਜਦ ਕਿ ਇਹ ਲੋਕ ਸਦੀਆਂ ਤੋਂ ਇੱਥੇ ਰਹਿ ਰਹੇ ਹਨ। ਪੰਜਾਬੀ ਲਾਈਨ ਦੇ ਦਲਿਤ ਸਿੱਖ ਇਸ ਕਲੋਨੀ ਨੂੰ ਆਪਣਾ ਪਿੱਤਰੀ ਘਰ ਮੰਨਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਸਰਕਾਰ ਸਾਡੇ ਨਾਲ ਵਿਤਕਰਾ ਕਰ ਰਹੀ ਹੈ। ਸਾਡੀ ਨਾ ਸ਼੍ਰੋਮਣੀ ਕਮੇਟੀ ਨੇ ਸਹਾਇਤਾ ਕੀਤੀ ਹੈ ਤੇ ਨਾ ਹੀ ਪੰਜਾਬ ਸਰਕਾਰ ਨੇ ਬਾਂਹ ਫੜੀ ਹੈ।

ਕਿਵੇਂ ਵਸੇ ਸਿੱਖ-

ਯਾਦ ਰਹੇ ਕਿ 19ਵੀਂ ਸਦੀ ਦੇ ਅੰਤ ਵਿਚ ਬ੍ਰਿਟਿਸ਼ ਭਾਰਤ ਵਿਚ ਦਲਿਤ ਸਿੱਖਾਂ ਨੂੰ ਸਫਾਈ ਤੇ ਮੈਲਾ ਢਾਹੁਣ ਦੇ ਕੰਮ ਲਈ ਪੰਜਾਬ ਤੋਂ ਸ਼ਿਲਾਂਗ ਲਿਆਂਦਾ ਗਿਆ ਸੀ। ਇਥੋਂ ਦੇ ਸਿੱਖ ਨਿਵਾਸੀਆਂ ਦਾ ਦਾਅਵਾ ਹੈ ਕਿ ਮਾਏਲੀਮ ਪਿੰਡ ਦੇ ਸਯੀਮ (ਮੁਖੀ) ਨੇ ਡੇਢ ਸੌ ਸਾਲ ਪਹਿਲਾਂ ਸਿੱਖ ਭਾਈਚਾਰੇ ਨੂੰ ਰਹਿਣ ਦੇ ਲਈ ਪੰਜਾਬੀ ਲਾਈਨ ਦੀ ਜ਼ਮੀਨ ਦਿੱਤੀ ਸੀ। ਭਾਰਤ ਅਜ਼ਾਦ ਹੋਣ ਤੋਂ ਪਹਿਲਾਂ ਖਾਸੀ ਜਨਜਾਤੀ ਹਿੱਲ ਦੀ ਪਰੰਪਰਿਕ ਅਦਾਲਤਾਂ ਵਿਚ ਨਾਗਰਿਕ ਵਿਵਾਦ ਦੇ ਨਿਪਟਾਰੇ ਦਾ ਅਧਿਕਾਰ ਸਯੀਮ ਦੇ ਕੋਲ ਰਹਿੰਦਾ ਸੀ। ਪੰਜਾਬੀ ਲਾਈਨ ਵਿਚ ਰਹਿਣ ਵਾਲੇ ਲੋਕ 2008 ਵਿਚ ਤਤਕਾਲੀਨ ਸਯੀਮ ਹਿਮਾ ਮਾਯਲੀਮ ਦੇ ਇਕ ਪੱਤਰ ਨੂੰ ਭੂਮੀ ਉੱਪਰ ਆਪਣੇ ਦਾਅਵੇ ਦਾ ਸਬੂਤ ਮੰਨਦੇ ਹਨ। ਪੱਤਰ ਵਿਚ ਲਿਖਿਆ ਹੈ ਕਿ ਦਲਿਤ ਸਿੱਖ 1863 ਤੋਂ ਪਹਿਲਾਂ ਸ਼ਿਲਾਂਗ ਵਿਚ ਰਹਿ ਰਹੇ ਹਨ। ਇਸ ਪੱਤਰ ਵਿਚ ਸਯੀਮ ਤੇ ਸ਼ਿਲਾਂਗ ਨਗਰ ਪਾਲਿਕਾ ਬੋਰਡ ਦੇ ਵਿਚਾਲੇ 4 ਜਨਵਰੀ 1954 ਦੌਰਾਨ ਹੋਈ ਸਹਿਮਤੀ ਦਾ ਵੀ ਜ਼ਿਕਰ ਹੈ, ਜਿਸ ਦੇ ਤਹਿਤ ਬੋਰਡ ਨੂੰ ਪੰਜਾਬੀ ਲਾਈਨ ਦੇ ਖਾਲੀ ਪਲਾਟਾਂ ਦਾ ਇਸਤੇਮਾਲ, ਦੁਕਾਨ, ਗੋਦਾਮ, ਨਿਵਾਸ ਅਸਥਾਨ ਬਣਾਉਣ ਲਈ ਮਨਜ਼ੂਰੀ ਦਿੱਤੀ ਗਈ ਸੀ। ਇਸ ਪੱਤਰ ਵਿਚ ਲਿਖਿਆ ਗਿਆ ਕਿ ਐਸਐਮਬੀ ਪੁਲੀਸ ਵਿਭਾਗ ਤੇ ਹੋਰ ਸਰਕਾਰੀ ਸੰਸਥਾਵਾਂ ਪੰਜਾਬੀ ਲਾਈਨ ਦੇ ਦਲਿਤ ਸਿੱਖ ਸਫਾਈ ਕਰਮਚਾਰੀਆਂ ਤੋਂ ਸੇਵਾ ਲੈ ਰਹੇ ਹਨ।

**ਕੀ ਹੈ ਵਿਵਾਦ ਦੀ ਜੜ੍ਹ-**

19ਵੀਂ ਸਦੀ ਦੇ ਅੰਤ ਵਿਚ ਬ੍ਰਿਟਿਸ਼ ਭਾਰਤ ਵਿਚ ਦਲਿਤ ਸਿੱਖ ਭਾਈਚਾਰੇ ਨੂੰ ਸਫਾਈ ਤੇ ਮੈਲਾ ਢੋਣ ਦੇ ਕੰਮ ਲਈ ਪੰਜਾਬ ਤੋਂ ਸ਼ਿਲਾਂਗ ਲਿਆਂਦਾ ਗਿਆ ਸੀ। ਇਸ ਵਿਵਾਦ ਨਾਲ ਜੁੜਿਆ ਪਹਿਲਾਂ ਮੁੱਖ ਝਗੜਾ 31 ਮਈ 2018 ਦੌਰਾਨ ਪੰਜਾਬੀ ਲਾਈਨ ਦੇ ਨਿਵਾਸੀਆਂ ਤੇ ਸਥਾਨਕ ਖਾਸੀਆਂ ਵਿਚਾਲੇ ਹੋਇਆ, ਬਾਅਦ ਵਿਚ ਵਿਰੋਧ ਪ੍ਰਦਰਸ਼ਨ ਹੋਣ ਲੱਗ ਪਏ। ਖਾਸੀ ਤੇ ਜਯੰਤੀਆ ਭਾਈਚਾਰਿਆਂ ਦਾ ਕਹਿਣਾ ਹੈ ਕਿ ਪੰਜਾਬੀ ਲਾਈਨ ਦੇ ਲੋਕਾਂ ਨੇ ਪਾਰਕਿੰਗ ਦੇ ਵਿਵਾਦ ਦੇ ਬਾਅਦ ਸਥਾਨਕ ਖਾਸੀਆਂ ਦੀ ਮਾਰਕੁੱਟ ਕੀਤੀ। ਦੂਸਰੇ ਪਾਸੇ ਪੰਜਾਬੀ ਲਾਈਨ ਦੇ ਰਹਿਣ ਵਾਲਿਆਂ ਦੋਸ਼ ਹੈ ਕਿ ਖਾਸੀ ਲੜਕਿਆਂ ਨੇ ਕਲੋਨੀ ਦੀ ਇਕ ਨੌਜਵਾਨ ਸਿੱਖ ਔਰਤ ਦੇ ਨਾਲ ਛੇੜਛਾੜ ਕੀਤੀ। ਇਸ ਦੇ ਬਾਅਦ ਇਕ ਝੂਠੀ ਅਫਵਾਹ ਫੈਲ ਗਈ ਕਿ ਇਸ ਝਗੜੇ ਵਿਚ ਇਕ ਨਾਬਾਲਗ ਖਾਸੀ ਦੀ ਮੌਤ ਹੋ ਗਈ ਹੈ ਤਾਂ ਸੈਂਕੜੇ ਸਥਾਨਕ ਲੋਕ ਸੜਕਾਂ 'ਤੇ ਉਤਰ ਆਏ ਤੇ ਮੰਗ ਕੀਤੀ ਕਿ ਪੰਜਾਬੀ ਲਾਈਨ ਦੇ ਸਿੱਖਾਂ ਨੂੰ ਸ਼ਹਿਰ ਤੋਂ ਬਾਹਰ ਵਸਾਇਆ ਜਾਵੇ।

ਇਸ ਮੰਗ ਦੇ ਜੁਆਬ ਵਿਚ 4 ਜੂਨ ਮੇਘਾਲਿਆ ਸਰਕਾਰ ਨੇ ਤਿਆਨਸੋਗ ਦੀ ਪ੍ਰਧਾਨਗੀ ਵਿਚ ਪੰਜਾਬੀ ਲਾਈਨ ਦੇ ਦਲਿਤ ਸਿੱਖਾਂ ਦੇ ਪੁਨਰਵਾਸ ਦੇ ਲਈ ਉੱਚ ਪੱਧਰੀ ਕਮੇਟੀ ਬਣਾਈ ਗਈ। ਇਸ ਕਮੇਟੀ ਨੇ ਪੰਜਾਬੀ ਲਾਈਨ ਦੇ ਘਰਾਂ ਤੇ ਉਸ ਵਿਚ ਰਹਿਣ ਵਾਲਿਆਂ ਤੇ ਉਹਨਾਂ ਦੇ ਰੁਜ਼ਗਾਰ ਦਾ ਸਰਵੇ ਕੀਤਾ। ਹਰੀਜਨ ਪੰਚਾਇਤ ਕਮੇਟੀ ਦੇ ਸੈਕਟਰੀ ਗੁਰਜੀਤ ਸਿੰਘ ਦੇ ਅਨੁਸਾਰ ਇਸ ਸਰਕਾਰੀ ਕਮੇਟੀ ਨੇ ਸਰਕਾਰੀ ਵਿਭਾਗਾਂ ਨੂੰ ਕਲੋਨੀ ਵਿਚ ਰਹਿਣ ਵਾਲੇ ਆਪਣੇ ਕਰਮਚਾਰੀਆਂ ਦਾ ਪੁਨਰਵਾਸ ਕਰਨ ਨੂੰ ਕਿਹਾ ਹੈ ਤੇ ਨਾਲ ਹੀ ਇੱਥੋਂ ਦੇ ਦਲਿਤ ਸਿੱਖਾਂ ਨੂੰ ਕਲੋਨੀ ਖਾਲੀ ਕਰਨ ਦੇ ਲਈ ਨੋਟਿਸ ਵੀ ਜਾਰੀ ਕੀਤੇ ਸਨ। 8 ਜੁਲਾਈ ਦੌਰਾਨ ਹਰਿਜਨ ਪੰਚਾਇਤ ਕਮੇਟੀ ਨੇ ਮੇਘਾਲਿਆ ਹਾਈਕੋਰਟ ਵਿਚ ਉੱਚ ਪੱਧਰੀ ਕਮੇਟੀ ਦੇ ਨਿਵਾਸੀਆਂ ਦੇ ਪੁਨਰਵਾਸ ਕਰਨ ਦੇ ਅਧਿਕਾਰ ਨੂੰ ਚੁਣੌਤੀ ਦਿੱਤੀ। 15 ਫਰਵਰੀ 2019 ਨੂੰ ਉੱਚ ਅਦਾਲਤ ਨੇ ਇਹ ਕਹਿੰਦੇ ਹੋਏ ਮਾਮਲਾ ਖਾਰਜ ਕਰ ਦਿੱਤਾ ਕਿ ਇਸ ਮਾਮਲੇ ਵਿਚ ਛੋਟੀ ਅਦਾਲਤ ਨੂੰ ਸੁਣਵਾਈ ਕਰਨੀ ਚਾਹੀਦੀ ਹੈ। ਅਦਾਲਤ ਨੇ ਸਰਕਾਰ ਤੇ ਹੋਰ ਏਜੰਸੀਆਂ ਨੂੰ ਹੁਕਮ ਦਿੱਤਾ ਕਿ ਇਥੇ ਰਹਿੰਦੇ ਦਲਿਤ ਸਿੱਖਾਂ ਨੂੰ ਸਤਾਇਆ ਨਾ ਜਾਏ। ਜੇਕਰ ਉਹਨਾਂ ਨੇ ਇਹ ਸਥਾਨ ਖਾਲੀ ਕਰਵਾਉਣਾ ਹੈ ਤਾਂ ਸਿਵਲ ਕੋਰਟ ਵਿਚ ਅਪੀਲ ਕਰਨ। ਅਦਾਲਤ ਦੋਨਾਂ ਪੱਖਾਂ ਨੂੰ ਸੁਣਵਾਈ ਦਾ ਮੌਕਾ ਦੇ ਕੇ ਕਾਨੂੰਨ ਅਨੁਸਾਰ ਫੈਸਲਾ ਕਰੇਗੀ। ਅਦਾਲਤ ਦਾ ਕਹਿਣਾ ਸੀ ਕਿ ਇਹਨਾਂ ਨੂੰ ਜ਼ਰੂਰੀ ਕਾਨੂੰਨੀ ਪ੍ਰਕਿਰਿਆ ਦੇ ਬਿਨਾਂ ਬੇਦਖਲ ਨਹੀਂ ਕੀਤਾ ਜਾ ਸਕਦਾ ਤੇ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਰਹਿਣ ਵਾਲਾ ਕਾਨੂੰਨੀ ਹੈ ਜਾਂ ਨਾਜਾਇਜ਼ ਰੂਪ ਵਿਚ ਰਹਿ ਰਿਹਾ ਹੈ।

23 ਮਾਰਚ ਨੂੰ ਸਰਕਾਰ ਨੇ ਇਸ ਫੈਸਲੇ ਖਿਲਾਫ਼ ਅਪੀਲ ਦਾਇਰ ਕੀਤੀ। ਪੰਜਾਬੀ ਲਾਈਨ ਦੇ ਦਲਿਤ ਸਿੱਖਾਂ ਦਾ ਕਹਿਣਾ ਹੈ ਕਿ ਸਿਵਲ ਅਦਾਲਤ ਵਿਚ ਗਏ ਬਿਨਾਂ ਮੇਘਾਲਿਆ ਸਰਕਾਰ ਨੇ ਜ਼ਬਰੀ ਪੁਨਰ-ਵਾਸ ਦਾ ਕੰਮ ਸ਼ੁਰੂ ਕਰ ਦਿੱਤਾ ਹੈ। 26 ਨਵੰਬਰ 2018 ਨੂੰ ਐਸਐਮਬੀ ਨੇ ਜ਼ਮੀਨ ਦੇ ਮਾਲਕੀ ਹੱਕ ਦਾ ਸਬੂਤ ਮੰਗਦੇ ਹੋਏ ਪੰਜਾਬੀ ਲਾਈਨ ਵਿਚ ਰਹਿੰਦੇ ਦਲਿਤ ਸਿੱਖਾਂ ਨੂੰ ਨੋਟਿਸ ਭੇਜਿਆ ਹੈ। ਇਸ ਸਾਲ 31 ਮਈ ਨੂੰ ਐਸਐਮਬੀ ਨੇ ਨਵੰਬਰ 2018 ਨੂੰ ਭੇਜੇ ਨੋਟਿਸ ਦੀ ਨਿਰੰਤਰਤਾ ਦੇ ਰੂਪ ਵਿਚ ਦਲਿਤ ਸਿੱਖ ਬਸਤੀਆਂ

ਦੇ ਘਰਾਂ ਦੇ ਦਰਵਾਜ਼ਿਆਂ 'ਤੇ ਨੋਟਿਸ ਚਿਪਕਾ ਕੇ 3 ਜੁਲਾਈ ਤੱਕ ਉਪਰੋਕਤ ਜਾਣਕਾਰੀ ਦੇਣ ਨੂੰ ਕਿਹਾ ਸੀ। 4 ਜੁਲਾਈ ਨੂੰ ਤਿਆਗਸੋਗ ਨੇ ਨਿਵਾਸੀਆਂ ਨੂੰ ਜਾਣਕਾਰੀ ਦੇਣ ਦੇ ਲਈ 30 ਦਿਨ ਦਿੱਤੇ ਗਏ ਹਨ। ਇਹ ਕਾਰਵਾਈ ਇਸ ਲਈ ਕੀਤੀ ਗਈ ਹੈ ਤਾਂ ਜੋ ਪੰਜਾਬੀ ਲਾਈਨ ਵਿਚ ਕਾਨੂੰਨੀ ਤੇ ਗ਼ੈਰ ਕਾਨੂੰਨੀ ਰੂਪ ਵਿਚ ਰਹਿਣ ਵਾਲਿਆਂ ਦੀ ਪਛਾਣ ਕੀਤੀ ਜਾ ਸਕੇ।

ਹਰੀਜਨ ਪੰਚਾਇਤ ਕਮੇਟੀ ਦੇ ਸੈਕਟਰੀ ਗੁਰਜੀਤ ਸਿੰਘ ਦੱਸਦੇ ਹਨ ਕਿ ਪਿਛਲੇ ਸਾਲ ਉੱਚ ਪੱਧਰੀ ਕਮੇਟੀ ਪੁਲੀਸ ਦੇ ਨਾਲ ਆਈ ਤੇ ਸਾਡੇ ਉੱਪਰ ਜਾਣਕਾਰੀ ਦੇਣ ਦਾ ਦਬਾਅ ਪਾਇਆ ਗਿਆ। ਇਹਨਾਂ ਲੋਕਾਂ ਨੇ ਸਾਨੂੰ ਨਵੰਬਰ ਵਿਚ ਇਸ ਦੇ ਬਾਅਦ ਮਈ ਵਿਚ ਇਹ ਜਾਣਕਾਰੀ ਜਮਾਂ ਕਰਵਾਉਣ ਨੂੰ ਕਿਹਾ। ਅਜਿਹਾ ਕਰਕੇ ਸਰਕਾਰ ਸਾਨੂੰ ਪਰੇਸ਼ਾਨ ਕਰ ਰਹੀ ਹੈ। ਜਦ ਕਿ ਅਦਾਲਤ ਦਾ ਫੈਸਲਾ ਸਾਡੇ ਹੱਕ ਵਿਚ ਹੈ।

12 ਜੂਨ 2019 ਨੂੰ ਹਰੀਜਨ ਪੰਚਾਇਤ ਕਮੇਟੀ ਨੇ ਮੇਘਾਲਿਆ ਉੱਚ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਦਾ ਮੁਕੱਦਮਾ ਸਰਕਾਰ ਵਿਰੁੱਧ ਕੀਤਾ ਗਿਆ, ਜਿਸ ਵਿਚ ਦਾਅਵਾ ਕੀਤਾ ਗਿਆ ਕਿ ਐਸਐਮਬੀ ਦਾ ਤਾਜ਼ਾ ਨੋਟਿਸ ਅਦਾਲਤ ਦੇ 15 ਫਰਵਰੀ ਦੇ ਹੁਕਮ ਦੀ ਉਲੰਘਣਾ ਹੈ। ਜੁਆਬ ਵਿਚ ਐਸਐਮਬੀ ਨੇ ਅਦਾਲਤ ਨੂੰ ਦੱਸਿਆ ਕਿ ਇਸ ਸੂਚਨਾ ਨੂੰ ਇਕੱਠੇ ਕਰਨ ਦਾ ਉਦੇਸ਼ ਲੰਬੇ ਸਮੇਂ ਤੋਂ ਪੈਂਡਿੰਗ ਮਾਮਲਿਆਂ ਨੂੰ ਹੱਲ ਕਰਨਾ ਤੇ ਸਰਕਾਰ ਦੁਆਰਾ ਨੀਤੀ ਘੜੇ ਜਾਣਾ ਹੈ। ਉਸ ਨੇ ਇਹ ਕਿਹਾ ਕਿ ਰਾਜ ਸਰਕਾਰ ਇਸ ਮਾਮਲੇ ਨੂੰ ਕਾਨੂੰਨ ਦੇ ਅਨੁਸਾਰ ਹੱਲ ਕਰਨ ਦੇ ਲਈ ਵਚਨਬੱਧ ਹੈ ਤੇ ਕਿਸੇ ਨੂੰ ਬੇਦਖਲ ਨਹੀਂ ਕੀਤਾ ਜਾ ਰਿਹਾ।

ਇਸ ਦੇ ਬਾਅਦ ਦਲਿਤ ਸਿੱਖਾਂ ਨੇ ਅਦਾਲਤ ਵਿਚ ਇਹ ਮੁਕੱਦਮਾ ਵਾਪਸ ਲੈ ਲਿਆ। ਜੂਨ 2019 ਦੌਰਾਨ ਉੱਚ ਅਦਾਲਤ ਨੇ ਇਹ ਮਾਮਲਾ ਖਾਰਜ ਕਰ ਦਿੱਤਾ ਤੇ ਹਰੀਜਨ ਪੰਚਾਇਤ ਨੂੰ ਇਜਾਜ਼ਤ ਦੇ ਦਿੱਤੀ ਕਿ ਜੇਕਰ ਐਸਐਮਬੀ ਭਵਿੱਖ ਵਿਚ ਦੁਬਾਰਾ ਨਿਵਾਸੀਆਂ ਨੂੰ ਬੇਦਖਲ ਕਰਨ ਦਾ ਯਤਨ ਕਰਦੀ ਹੈ ਤਾਂ ਉਹ ਅਦਾਲਤ ਵਿਚ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਪਰ ਐਮਐਸਬੀ ਦੀ ਪੁਨਰ ਵਿਚਾਰ ਅਪੀਲ ਦੇ ਸੰਦਰਭ ਵਿਚ 28 ਜੂਨ ਨੂੰ ਅਦਾਲਤ ਨੇ ਪੰਜਾਬੀ ਲਾਈਨ ਦੇ ਨਿਵਾਸੀਆਂ ਨੂੰ ਐਸਐਮਬੀ ਦੇ ਨਾਲ ਸਹਿਯੋਗ ਕਰਦੇ ਹੋਏ ਮੰਗੀ ਗਈ ਜਾਣਕਾਰੀ ਦੇਣ ਦਾ ਹੁਕਮ ਦਿੱਤਾ ਗਿਆ। ਇਸ ਮਾਮਲੇ ਦੀ ਅਗਲੀ ਸੁਣਵਾਈ 25 ਅਗਸਤ ਨੂੰ ਕੀਤੀ ਜਾਣੀ ਹੈ। ਫਿਲਹਾਲ ਸਿੱਖ ਭਾਈਚਾਰੇ ਦੇ ਕੋਲ ਇਕ ਸਕੂਲ, ਇਕ ਗੁਰਦੁਆਰੇ ਦਾ ਮਾਲਕੀ ਦਸਤਾਵੇਜ਼ ਹੈ। ਇਥੋਂ ਦੇ ਦਲਿਤ ਸਿੱਖਾਂ ਕੋਲ ਆਪਣੇ ਘਰਾਂ ਦੇ ਦਸਤਾਵੇਜ਼ ਨਹੀਂ ਹਨ।

ਗੁਰਜੀਤ ਸਿੰਘ ਦੇ ਅਨੁਸਾਰ 2016 ਦੌਰਾਨ 2018 ਦਲਿਤ ਸਿੱਖਾਂ ਨੇ ਭੂਮੀ ਦੇ ਪੱਟੇ ਦੇ ਲਈ ਬੇਨਤੀ ਕੀਤੀ ਸੀ ਪਰ ਕਿਸੇ ਨੂੰ ਨਹੀਂ ਮਿਲਿਆ। ਦਲਿਤ ਸਿੱਖ ਭਾਈਚਾਰੇ ਕੋਲ ਜ਼ਮੀਨ 'ਤੇ ਆਪਣੇ ਮਾਲਕੀ ਹੱਕ ਦਾ ਸਭ ਤੋਂ ਵੱਡਾ ਸੁਰੱਖਿਆ ਕਵਚ ਮੁਖੀ ਦਾ ਪੱਤਰ ਤੇ ਪੁਨਰਵਾਸ ਦੇ ਖਿਲਾਫ਼ ਉੱਚ ਅਦਾਲਤ ਦਾ ਹੁਕਮ ਹੈ। ਗੁਰਜੀਤ ਸਿੰਘ ਦੱਸਦੇ ਹਨ ਕਿ ਦਲਿਤ ਸਿੱਖ ਭਾਈਚਾਰੇ ਨੂੰ ਸਭ ਤੋਂ ਬੇਦਖਲੀ ਦਾ ਹੁਕਮ ਡਿਪਟੀ ਕਮਿਸ਼ਨਰ 1988 ਵਿਚ ਮਿਲਿਆ ਸੀ ਤੇ ਇਸ ਦੇ ਬਾਅਦ 1992 ਤੇ 2001 ਦੌਰਾਨ ਐਸਐਮਬੀ ਨੇ ਅਜਿਹਾ ਹੁਕਮ ਦਿੱਤਾ ਸੀ। ਐਸਐਮਬੀ ਦੇ ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਕਿਹਾ ਸੀ ਕਿ ਨਾਜਾਇਜ਼ ਨਿਰਮਾਣ ਦੇ ਲਈ 2001 ਦੌਰਾਨ ਐਸਐਮਬੀ ਨੇ ਮੈਨੂੰ ਖਾਲੀ ਕਰਨ ਦਾ ਨੋਟਿਸ ਭੇਜਿਆ ਸੀ। ਉਹ ਆਖਦੇ ਹਨ ਕਿ ਅਸੀਂ ਇਥੇ ਹੋ ਕੇ ਵੀ ਇਥੋਂ ਦੇ ਨਹੀਂ ਹੋ ਸਕੇ। ਜਦ ਐਸਐਮਬੀ ਨੇ ਨੋਟਿਸ ਦਰਵਾਜ਼ਿਆਂ 'ਤੇ ਚਿਪਕਾਏ ਸਨ ਤਦ ਤੋਂ ਸਰਕਾਰੀ ਵਿਭਾਗਾਂ ਵਿਚ ਕੰਮ ਕਰਨ ਵਾਲੇ ਪੰਜਾਬੀ ਲਾਈਨ ਦੇ ਚਾਰ ਨਿਵਾਸੀਆਂ ਨੂੰ ਕਲੋਨੀ ਦੇ ਬਾਹਰ ਬਣੇ ਸਰਕਾਰੀ ਕੁਆਰਟਰ ਵਿਚ ਤਬਦੀਲ ਹੋਣ ਦਾ ਨੋਟਿਸ ਮਿਲਿਆ। ਪਰ ਦਲਿਤ ਸਿੱਖ ਇਥੇ ਤਬਦੀਲ ਹੋਣ ਨੂੰ ਤਿਆਰ ਨਹੀਂ, ਕਿਉਂਕਿ ਛੋਟੇ ਕੁਆਰਟਰਾਂ ਨਾਲ ਕੰਮ ਨਹੀਂ ਚਲ ਸਕਦਾ ਤੇ ਪਰਿਵਾਰ ਵੱਡੇ ਹਨ। ਇਥੋਂ ਦੇ ਦਲਿਤ ਸਿੱਖਾਂ ਨੇ ਆਪਣੇ ਘਰਾਂ ਵਿਚ ਬਹੁਤ ਸੁਧਾਰ ਕੀਤਾ ਹੈ। ਘਰ ਵਿਚ ਲੱਕੜ ਤੇ ਟੀਨ ਦੀ ਸ਼ੀਟ ਲਗਾ ਕੇ ਆਪਣੀ ਜਗ੍ਹਾ ਬਣਾ ਲਈ ਹੈ।

ਇਹਨਾਂ ਸਾਲਾਂ ਦੌਰਾਨ ਘੱਟ ਗਿਣਤੀ ਕਮਿਸ਼ਨ ਨੇ ਸਰਕਾਰ ਦੇ ਬੇਦਖਲੀ ਦੇ ਯਤਨਾਂ ਖਿਲਾਫ਼ ਦਲਿਤ ਸਿੱਖ ਸਮਾਜ ਦਾ ਸਮਰਥਨ ਕੀਤਾ ਹੈ। ਇਸ ਤੋਂ ਇਲਾਵਾ ਸਫਾਈ ਕਰਮਚਾਰੀਆਂ ਦੇ ਰਾਸ਼ਟਰੀ ਅਯੋਗ ਦੇ ਮੈਂਬਰ ਹੀਰੇਮਨੀ ਨੇ ਦਲਿਤ ਸਿੱਖਾਂ ਦਾ ਸਮਰਥਨ ਕੀਤਾ ਹੈ। ਉਹਨਾਂ ਦੱਸਿਆ ਕਿ ਅਯੋਗ ਰਾਜ ਸਰਕਾਰ ਨੂੰ ਪੰਜਾਬੀ ਲਾਈਨ ਦੇ ਨਿਵਾਸੀਆਂ ਨੂੰ ਨਾ ਹਟਾਉਣ ਦੀ ਸਿਫਾਰਿਸ਼ ਵਾਲੀ ਰਿਪੋਰਟ ਭੇਜੇਗਾ।

ਹੁਣੇ ਜਿਹੇ ਪਾਬੰਦੀਸ਼ੁਦਾ ਉਗਰਵਾਦੀ ਸੰਗਠਨ ਹਨੀਟ੍ਰੇਪ ਨੈਸ਼ਨਲ ਲਿਬਰੇਸ਼ਨ ਕੌਂਸਲ ਨੇ ਦਲਿਤ ਸਿੱਖਾਂ ਨੂੰ ਧਮਕੀ ਦਿੱਤੀ ਹੈ ਕਿ ਉਹ ਇਥੋਂ ਦੀ ਕਲੋਨੀ ਖਾਲੀ ਕਰ ਦੇਣ ਨਹੀਂ ਤਾਂ ਉਡਾ ਦਿੱਤੇ ਜਾਣਗੇ। ਇਹ ਅੱਤਵਾਦੀ ਜਥੇਬੰਦੀ 1992 ਵਿਚ ਮੇਘਾਲਿਆ ਤੇ ਖਾਸੀ ਤੇ ਜਯੰਤੀਆ ਕਬੀਲਿਆਂ ਦੇ ਹਿੱਤਾਂ ਦੀ ਰੱਖਿਆ ਦੇ ਉਦੇਸ਼ ਨਾਲ ਬਣੀ ਸੀ। ਦੂਸਰੇ ਪਾਸੇ ਡੀਜੀਪੀ ਕਲਾਂਡੀਆ ਲਿੰਗਵਾ ਨੇ ਦੱਸਿਆ ਕਿ ਦਸ ਸਾਲਾਂ ਵਿਚ ਇਹ ਅੱਤਵਾਦੀ ਜਥੇਬੰਦੀ ਕਮਜ਼ੋਰ ਹੋ ਗਈ ਹੈ, ਇਸ ਦਾ ਕੋਈ ਆਧਾਰ ਨਹੀਂ ਤੇ ਦਲਿਤ ਸਿੱਖਾਂ ਨੂੰ ਇਸ ਬਾਰੇ ਕੋਈ ਖਤਰਾ ਨਹੀਂ।

ਦੂਸਰੇ ਪਾਸੇ ਗੁਰਜੀਤ ਸਿੰਘ ਦਾਅਵਾ ਹੈ ਕਿ ਅੱਤਵਾਦੀ ਜਥੇਬੰਦੀ ਨੇ ਸਰਕਾਰ ਦੇ ਕਹਿਣ 'ਤੇ ਸਿੱਖਾਂ ਨੂੰ ਧਮਕੀ ਦਿੱਤੀ ਹੈ, ਪਰ ਅਸੀਂ ਇਹਨਾਂ ਤੋਂ ਡਰ ਕੇ ਨਹੀਂ ਜਾਵਾਂਗੇ ਤੇ ਨਾ ਹੀ ਆਪਣੀਆਂ ਜਮੀਨਾਂ ਹੜੱਪਣ ਦੇਵਾਂਗੇ। ਸਾਨੂੰ ਆਪਣੀ ਜਾਨਾਂ ਦੀ ਕੋਈ ਪਰਵਾਹ ਨਹੀਂ, ਪਰ ਅਸੀਂ ਜ਼ਮੀਨ ਨਹੀਂ ਛੱਡਾਂਗੇ।

**ਪਹਿਲਾਂ ਮੁੱਖ ਝਗੜਾ 31 ਮਈ 2018 ਦੌਰਾਨ ਪੰਜਾਬੀ ਲਾਈਨ ਦੇ ਨਿਵਾਸੀਆਂ ਤੇ ਸਥਾਨਕ ਖਾਸੀਆਂ ਵਿਚਾਲੇ ਹੋਇਆ, ਬਾਅਦ ਵਿਚ ਵਿਰੋਧ ਪ੍ਰਦਰਸ਼ਨ ਹੋਣ ਲੱਗ ਪਏ। ਖਾਸੀ ਤੇ ਜਯੰਤੀਆ ਭਾਈਚਾਰਿਆਂ ਦਾ ਕਹਿਣਾ ਹੈ ਕਿ ਪੰਜਾਬੀ ਲਾਈਨ ਦੇ ਲੋਕਾਂ ਨੇ ਪਾਰਕਿੰਗ ਦੇ ਵਿਵਾਦ ਦੇ ਬਾਅਦ ਸਥਾਨਕ ਖਾਸੀਆਂ ਦੀ ਮਾਰਕੁੱਟ ਕੀਤੀ। ਦੂਸਰੇ ਪਾਸੇ ਪੰਜਾਬੀ ਲਾਈਨ ਦੇ ਰਹਿਣ ਵਾਲਿਆਂ ਦੋਸ਼ ਹੈ ਕਿ ਖਾਸੀ ਲੜਕਿਆਂ ਨੇ ਕਲੋਨੀ ਦੀ ਇਕ ਨੌਜਵਾਨ ਸਿੱਖ ਔਰਤ ਦੇ ਨਾਲ ਛੇੜਛਾੜ ਕੀਤੀ। ਇਸ ਦੇ ਬਾਅਦ ਇਕ ਝੂਠੀ ਅਫਵਾਹ ਫੈਲ ਗਈ ਕਿ ਇਸ ਝਗੜੇ ਵਿਚ ਇਕ ਨਾਬਾਲਗ ਖਾਸੀ ਦੀ ਮੌਤ ਹੋ ਗਈ ਹੈ ਤਾਂ ਸੈਂਕੜੇ ਸਥਾਨਕ ਲੋਕ ਸੜਕਾਂ 'ਤੇ ਉਤਰ ਆਏ ਤੇ ਮੰਗ ਕੀਤੀ ਕਿ ਪੰਜਾਬੀ ਲਾਈਨ ਦੇ ਸਿੱਖਾਂ ਨੂੰ ਸ਼ਹਿਰ ਤੋਂ ਬਾਹਰ ਵਸਾਇਆ ਜਾਵੇ।**

ਅੰਮ੍ਰਿਤਸਰ ਟਾਈਮਜ਼ AMRITSAR TIMES
07 ਅਗਸਤ 2019 ਤੋਂ 13 ਅਗਸਤ 2019

## ਕਸ਼ਮੀਰ 'ਚੋਂ ਧਾਰਾ-370 ਤੇ 35-ਏ ਨੂੰ ਖਤਮ ਕਰਨਾ

# ਪੰਜਾਬ ਲਈ ਖਤਰੇ ਦੀ ਘੰਟੀ

**-ਮਨਜੀਤ ਸਿੰਘ ਟਿਵਾਣਾ**

ਸੰਨ-1947 ਵਿਚ ਭਾਰਤ ਅਤੇ ਪਾਕਿਸਤਾਨ ਦੋ ਆਜ਼ਾਦ ਮੁਲਕ ਬਣੇ। ਇਸ ਸਮੇਂ ਇਸ ਖਿੱਤੇ ਵਿਚ ਬਹੁਤ ਸਾਰੀਆਂ ਦੇਸੀ ਰਿਆਸਤਾਂ, ਜੋ ਅੰਗਰੇਜ਼ ਸ਼ਾਸਨਕਾਲ ਵਿਚ ਬ੍ਰਿਟਿਸ਼ ਹਕੂਮਤ ਦੀ ਛਤਰ-ਛਾਇਆ ਹੇਠ ਕਾਇਮ ਸਨ, ਲਈ ਤਿੰਨ ਬਦਲ ਦਿੱਤੇ ਗਏ ਸਨ। ਉਹ ਆਪਣੇ ਆਪ ਨੂੰ ਇਕ ਆਜ਼ਾਦ ਦੇਸ਼ ਦੇ ਤੌਰ 'ਤੇ ਵੀ ਰੱਖ ਸਕਦੀਆਂ ਸਨ ਅਤੇ ਸਵੈ-ਇੱਛਾ ਨਾਲ ਭਾਰਤ ਜਾਂ ਪਾਕਿਸਤਾਨ ਵਿਚ ਵੀ ਸ਼ਾਮਿਲ ਹੋ ਸਕਦੀਆਂ ਸਨ। ਉਂਝ ਹਕੀਕਤ ਵਿਚ ਇਨ੍ਹਾਂ ਤਮਾਮ ਰਿਆਸਤਾਂ ਲਈ ਇਹ ਬਦਲ ਦੀ ਚੋਣ ਜਾਂ ਆਜ਼ਾਦੀ ਇਕ ਹੋਰ ਛਲਾਵਾ ਜਾਂ ਭਰਮ ਹੀ ਸੀ। ਇਸ ਕਾਰਨ ਇਨ੍ਹਾਂ ਤਮਾਮ ਰਿਆਸਤਾਂ ਦਾ ਅੰਤ ਭਾਰਤ ਜਾਂ ਪਾਕਿਸਤਾਨ ਵਿਚ ਰਲੇਵੇਂ ਵਿਚ ਹੀ ਨਿਹਿਤ ਸੀ ਤੇ ਹੋਇਆ ਵੀ ਇੰਝ ਹੀ। ਰਿਆਸਤ-ਏ-ਕਸ਼ਮੀਰ ਦੇ ਉਸ ਸਮੇਂ ਦੇ ਰਾਜਾ ਹਰੀ ਸਿੰਘ ਨੇ ਇਕ ਆਜ਼ਾਦ ਦੇਸ਼ ਵਜੋਂ ਕਸ਼ਮੀਰ ਦੀ ਖ਼ੁਦਮੁਖਤਿਆਰੀ ਨੂੰ ਕਾਇਮ ਰੱਖਣ ਦਾ ਹੀਆ ਕੀਤਾ। ਰਿਆਸਤ-ਏ-ਕਸ਼ਮੀਰ ਦਾ ਇਹ ਫੈਸਲਾ ਨਾ ਭਾਰਤ ਨੂੰ ਤੇ ਨਾ ਹੀ ਪਾਕਿਸਤਾਨ ਨੂੰ ਹਜ਼ਮ ਹੋਣ ਵਾਲਾ ਸੀ। ਪਾਕਿਸਤਾਨ ਨੇ ਪਹਿਲ ਕੀਤੀ ਤੇ ਕਬਾਇਲੀਆਂ ਦੀ ਆੜ ਵਿਚ ਕਸ਼ਮੀਰ ਉਤੇ ਧਾਵਾ ਬੋਲ ਦਿੱਤਾ। ਮਜਬੂਰੀਵੱਸ ਆਪਣੀ ਖ਼ੁਦਮੁਖਤਿਆਰੀ ਨੂੰ ਬਚਾਉਣ ਲਈ ਰਾਜਾ ਹਰੀ ਸਿੰਘ ਨੇ ਭਾਰਤ ਤੋਂ ਮਦਦ ਲੈਣ ਲਈ ਇਕ ਸਮਝੌਤਾ ਸਹੀਬੰਦ ਕਰ ਲਿਆ। ਇਹ ਸਮਝੌਤਾ ਹੀ ਆਜ਼ਾਦ ਕਸ਼ਮੀਰ ਦੀ ਅੱਜ ਤਕ ਹੋ ਰਹੀ ਦੁਰਗਤੀ ਤੇ ਜੰਗ ਦਾ ਮੈਦਾਨ ਬਣੇ ਰਹਿਣ ਦਾ ਕਾਰਨ ਬਣਿਆ ਆ ਰਿਹਾ ਹੈ। ਭਾਰਤ ਤੇ ਰਿਆਸਤ-ਏ-ਕਸ਼ਮੀਰ ਦਰਮਿਆਨ ਹੋਏ ਇਸ ਸਮਝੌਤੇ ਦਾ ਮਤਲਬ ਕਦੇ ਵੀ ਉਸ ਦਾ ਭਾਰਤ ਵਿਚ ਰਲਣਾ ਨਹੀਂ ਸੀ, ਜਿਹਾ ਕਿ ਇਕ ਸੋਚੀ-ਸਮਝੀ ਰਣਨੀਤੀ ਤਹਿਤ ਭਾਰਤ ਸਰਕਾਰ ਤੇ ਮੀਡੀਆ ਪ੍ਰਾਪੇਗੰਡੇ ਨੇ ਇਥੋਂ ਦੇ ਆਮ ਲੋਕਾਂ ਦੇ ਮਨ ਵਿਚ ਪੱਕਾ ਬਿਠਾ ਦਿੱਤਾ ਹੈ। ਇਹ ਸਮਝੌਤਾ ਸਗੋਂ ਭਾਰਤ ਨਾਲ਼ ਮਿਲਵਰਤਣ ਦੀ ਸੰਧੀ (Treaty of Accession) ਸੀ। ਇਸ ਸੰਧੀ ਤਹਿਤ ਕਸ਼ਮੀਰ ਦਾ ਆਪਣਾ ਵੱਖਰਾ ਸੰਵਿਧਾਨ, ਝੰਡਾ ਤੇ ਵੱਖਰੇ ਕਾਨੂੰਨ (ਵਿਦੇਸ਼ੀ ਮਾਮਲੇ, ਸੰਚਾਰ, ਅਤੇ ਸੁਰੱਖਿਆ ਨੂੰ ਛੱਡ ਕੇ) ਬਣਾਉਣ ਦਾ ਹੱਕ ਬਰਕਰਾਰ ਸੀ ਤੇ ਉਸ ਦੀ ਇਕ ਖ਼ੁਦਮੁਖਤਿਆਰ ਰਾਜ ਦੀ ਹੈਸੀਅਤ ਸੀ। ਇਹੋ ਸਮਝੌਤਾ ਭਾਰਤੀ ਸੰਵਿਧਾਨ ਵਿਚ 17 ਅਕਤੂਬਰ 1949 ਨੂੰ ਧਾਰਾ-370 ਦਰਜ ਕਰਨ ਦਾ ਅਧਾਰ ਬਣਿਆ ਸੀ।

ਰਾਸ਼ਟਰਪਤੀ ਦੇ ਹੁਕਮ ਤਹਿਤ ਧਾਰਾ 35-ਏ ਬਾਅਦ ਵਿਚ ਸੰਨ 1954 ਵਿਚ ਹੋਂਦ ਵਿਚ ਆਈ ਸੀ। ਦਰਅਸਲ ਜੰਮੂ-ਕਸ਼ਮੀਰ ਵਿਚ ਮਹਾਰਾਜਾ ਹਰੀ ਸਿੰਘ ਦਾ ਸਟੇਟ ਸਬਜੈਕਟ ਦਾ ਕਾਨੂੰਨ ਸੀ। ਸੋ ਆਰਟੀਕਲ-370 ਵਿਚੋਂ ਹੀ ਰਾਸ਼ਟਰਪਤੀ ਦੇ ਹੁਕਮ ਨਾਲ ਧਾਰਾ 35-ਏ ਤਹਿਤ ਆਜ਼ਾਦ ਸੂਬਿਆਂ ਨੂੰ ਇਹ ਤਾਕਤ ਦਿੱਤੀ ਗਈ ਸੀ ਕਿ ਉਹ ਆਪਣੇ ਕਾਨੂੰਨ ਬਣਾ ਸਕਦੇ ਹਨ ਅਤੇ ਇਹਨਾਂ ਕਾਨੂੰਨਾਂ ਦੀ ਰਾਖੀ ਵੀ ਕਰ ਸਕਦੇ ਹਨ। ਇਸ ਅਨੁਸਾਰ ਹੀ ਹੁਣ ਤਕ ਕਸ਼ਮੀਰ ਵਿਚ ਸਿਰਫ ਓਹੀ ਲੋਕ ਜਾਇਦਾਦ ਖਰੀਦ ਸਕਦੇ ਸਨ, ਜੋ ਓਥੋਂ ਦੇ ਪੱਕੇ ਵਸਨੀਕ ਸਨ। ਇਸੇ ਤਹਿਤ ਕਸ਼ਮੀਰ ਵਿਚ ਨੌਕਰੀਆਂ, ਵਜੀਫੇ ਅਤੇ ਹੋਰ ਸਰਕਾਰੀ ਸਹੂਲਤਾਂ ਉਥੋਂ ਦੇ ਪੱਕੇ ਵਸਨੀਕਾਂ ਨੂੰ ਹੀ ਦੇਣ ਦਾ ਹੱਕ ਵੀ ਅਸੈਂਬਲੀ ਕੋਲ ਸੀ।

ਇਸ ਤਰ੍ਹਾਂ ਕਸ਼ਮੀਰ ਘਾਟੀ ਵਿਚ ਦਹਾਕਿਆਂ ਤੋਂ ਹੋ ਰਹੇ ਜ਼ੁਲਮ ਤੇ ਅਨਿਆਂ ਦਾ ਮੂਲ ਕਾਰਨ ਉਸ ਦੇ ਦੋ ਗਵਾਂਢੀ ਮੁਲਕਾਂ ਭਾਰਤ ਤੇ ਪਾਕਿਸਤਾਨ ਦੁਆਰਾ ਕਸ਼ਮੀਰ ਦੀ ਆਜ਼ਾਦੀ ਤੇ ਖ਼ੁਦਮੁਖਤਿਆਰੀ ਨੂੰ ਹੜੱਪ ਕਰ ਕੇ ਆਪਣੀ ਸਾਮਰਾਜਵਾਦੀ ਸੋਚ ਨੂੰ ਲਾਗੂ ਕਰਨ ਦੀ ਹਿਰਸ ਹੈ। ਸੰਨ-1947 ਵਿਚ ਅੱਧਾ ਕਸ਼ਮੀਰ ਪਾਕਿਸਤਾਨ ਨੇ ਫੌਜੀ ਹਮਲਾ ਕਰ ਕੇ ਆਪਣੇ ਕਬਜ਼ੇ ਵਿਚ ਕਰ ਲਿਆ ਤੇ ਬਾਕੀ ਅੱਧਾ ਭਾਰਤ ਨੇ ਸੰਧੀ ਦੀ ਆੜ ਵਿਚ ਆਪਣੇ ਕਬਜ਼ੇ ਵਿਚ ਕਰ ਲਿਆ। ਕਸ਼ਮੀਰ ਵਿਚ ਲਗਾਤਾਰ ਕਈ ਦਹਾਕਿਆਂ ਤੋਂ ਫੌਜ ਦੀ ਤੈਨਾਤੀ ਕਰਕੇ (ਕੌਮੀ ਸੁਰੱਖਿਆ ਕਾਨੂੰਨ ਤੇ ਜਨਤਕ ਸੁਰੱਖਿਆ ਕਾਨੂੰਨਾਂ ਤਹਿਤ), ਹਥਿਆਰਬੰਦ ਸੁਰੱਖਿਆ ਫੋਰਸਾਂ ਰਾਹੀਂ ਤਸ਼ੱਦਦ ਕੀਤਾ ਜਾ ਰਿਹਾ ਹੈ। ਇਕ ਅੰਦਾਜ਼ੇ ਮੁਤਾਬਕ ਸੰਨ 1989 ਤੋਂ ਲੈ ਕੇ ਹੁਣ ਤਕ ਇਕ ਲੱਖ ਤੋਂ ਵੱਧ ਆਮ ਕਸ਼ਮੀਰੀ ਸ਼ਹਿਰੀਆਂ ਨੂੰ ਮਾਰ ਦਿੱਤਾ ਗਿਆ ਹੈ।

ਲੋਕਾਂ ਉਤੇ ਢਾਹੇ ਗਏ ਜਬਰ ਦੇ ਪ੍ਰਤੀਕਰਮ ਵਜੋਂ ਉਥੇ ਹਥਿਆਰਬੰਦ ਖਾੜਕੂ ਲਹਿਰ ਨੇ ਜਨਮ ਲਿਆ। ਪਾਕਿਸਤਾਨ ਨੇ ਆਪਣੇ ਹਿੱਤ ਸਾਧਣ ਲਈ ਇਸ ਲਹਿਰ ਦੇ ਵੱਡੇ ਹਿੱਸੇ ਉਪਰ ਪ੍ਰਭਾਵ ਜਮਾ ਕੇ ਕਸ਼ਮੀਰ ਦੀ ਮੁਕੰਮਲ ਆਜ਼ਾਦੀ ਦੀ ਮੰਗ ਦੀ ਥਾਂ, ਕਸ਼ਮੀਰ ਦੇ ਪਾਕਿਸਤਾਨ ਵਿਚ ਰਲੇਵੇਂ ਦੀ ਮੰਗ ਨੂੰ ਜ਼ੋਰ-ਸ਼ੋਰ ਨਾਲ ਪਰਚਾਰਿਆ। ਫਲਸਰੂਪ ਅੱਜ ਕਸ਼ਮੀਰ ਵਾਦੀ ਵਿਚ ਭਾਰਤ ਤੇ ਪਾਕਿਸਤਾਨ ਤੋਂ ਬਰਾਬਰ ਆਜ਼ਾਦੀ ਦੀ ਮੰਗ ਹੀ ਗੌਣ ਹੋ ਕੇ ਰਹਿ ਗਈ ਹੈ। ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਨਾਂ ਦੀ ਜਥੇਬੰਦੀ ਨੇ ਸ਼ੁਰੂਆਤ ਵਿਚ ਲੋਕਾਂ ਦੀ ਇਕ ਜਥੇਬੰਦ ਜਮਹੂਰੀ ਲਹਿਰ ਖੜ੍ਹੀ ਕਰ ਕੇ ਆਪਣੀ ਸੰਪੂਰਨ ਆਜ਼ਾਦੀ ਦੀ ਮੰਗ ਹੀ ਕੀਤੀ ਸੀ।

ਮੂੰਹਜ਼ੋਰ ਪ੍ਰਾਪੇਗੰਡਾ ਦੇ ਪ੍ਰਭਾਵ ਵਿਚ ਭਾਰਤੀ ਲੋਕਾਂ ਦਾ ਵੱਡਾ ਹਿੱਸਾ ਕਸ਼ਮੀਰ ਨੂੰ ਦੇਸ਼ ਦੀ ਸੁਰੱਖਿਆ ਲਈ ਇਕ ਖਤਰੇ ਵਜੋਂ ਵੇਖਣ ਲੱਗ ਪਿਆ ਹੈ। ਸੱਤਾ 'ਤੇ ਕਾਬਜ਼ ਭਗਵਿਆਂ ਦਾ ਧਾਰਾ 370 ਅਤੇ 35-ਏ ਨੂੰ ਹਟਾਉਣ ਦਾ ਏਜੰਡਾ ਵੀ ਸਿਆਸਤ ਤੋਂ ਹੀ ਪ੍ਰੇਰਿਤ ਸੀ। ਉਹ ਆਮ ਭਾਰਤੀ ਦੇ ਅੰਦਰਲੇ ਡਰ ਨੂੰ ਆਪਣੇ ਪੱਖ ਵਿਚ ਭੁਨਾਉਣ ਲਈ ਇਹ ਧਾਰਾਵਾਂ ਹਟਾਉਣ ਦਾ ਰਾਗ ਅਲਾਪਦੇ ਆ ਰਹੇ ਸਨ। ਉਂਝ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਆਪਣੇ ਲਫਜ਼ਾਂ ਵਿਚ ਇਹ ਮਹਿਜ਼ ਇਕ ਕਾਗਜ਼ ਦਾ ਟੁਕੜਾ ਹੀ ਸੀ। ਕਸ਼ਮੀਰ ਘਾਟੀ ਦੇ ਇਸ ਹਿੱਸੇ ਉਤੇ ਪਹਿਲਾਂ ਹੀ ਭਾਰਤ ਦਾ ਮੁਕੰਮਲ ਕਬਜ਼ਾ ਹੈ। ਹੁਣ ਵੀ ਧਾਰਾ-370 ਅਤੇ 35-ਏ ਨੂੰ ਹਟਾਉਣ ਦਾ ਮਾਮਲਾ ਭਗਵਿਆਂ ਦੇ ਹੱਕ ਵਿਚ ਲੋਕ ਲਹਿਰ ਖੜ੍ਹੀ ਕਰ ਕੇ ਰਾਸ਼ਟਰੀ ਸਵੈ ਸੇਵਕ ਸੰਘ ਦੇ ਗੁੱਝੇ ਏਜੰਡੇ, ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਕਰਨ ਵਾਸਤੇ ਜ਼ਮੀਨ ਤਿਆਰ ਕਰਨੀ ਜ਼ਿਆਦਾ ਜਾਪਦਾ ਹੈ। ਯਾਦ ਰਹੇ ਕਿ ਦੇਸ-ਪੰਜਾਬ ਤੇ ਸਿੱਖ ਆਗੂਆਂ ਨਾਲ ਖ਼ੁਦਮੁਖਤਿਆਰੀ ਦੇਣ ਦੇ ਕੀਤੇ ਜ਼ੁਬਾਨੀ ਵਾਅਦਿਆਂ ਤੋਂ ਵੀ ਹਿੰਦੋਸਤਾਨ ਦੀ ਹਕੂਮਤ ਆਜ਼ਾਦੀ ਮਿਲਦਿਆਂ ਹੀ ਮੁੱਕਰ ਗਈ ਸੀ। ਕਸ਼ਮੀਰ ਨੂੰ ਖ਼ੁਦਮੁਖਤਿਆਰੀ ਦੇਣ ਦੇ ਕੀਤੇ ਲਿਖਤੀ ਸਮਝੌਤਿਆਂ ਤੋਂ ਵੀ ਇਹ ਮੁੱਕਰ ਗਏ ਹਨ। ਤਾਜ਼ਾ ਸੰਕੇਤ ਮਿਲ ਰਹੇ ਹਨ ਕਿ ਗੋਬਲਜ਼ ਦੀਆਂ ਔਲਾਦਾਂ ਹੁਣ ਪੰਜਾਬ ਸਮੇਤ ਦੱਖਣੀ ਤੇ ਉਤਰ-ਪੂਰਬੀ ਰਾਜਾਂ ਨੂੰ ਅਗਲਾ ਨਿਸ਼ਾਨਾ ਬਣਾਉਣਗੀਆਂ। ਪੰਜਾਬ ਦੇ ਪਾਣੀਆਂ ਉਤੇ ਇਹਨਾਂ ਦੀ ਚਿਰੋਕਣੀ ਅੱਖ ਹੈ ਤੇ ਅੱਧੇ ਤੋਂ ਵੱਧ ਪਾਣੀ ਇਹਨਾਂ ਖੋਹ ਵੀ ਲਿਆ ਹੈ। ਸਿੱਖ ਤਰਜ਼ੇ ਜ਼ਿੰਦਗੀ ਬਿਪਰਵਾਦ ਦੀਆਂ ਅੱਖਾਂ ਵਿਚ ਕੋਕਰੂ ਵਾਂਗ ਰੜਕਦੀ ਆ ਰਹੀ ਹੈ। ਸਿੱਖ ਪੰਥ ਕਸ਼ਮੀਰੀ ਭਰਾਵਾਂ ਉਤੇ ਹੋ ਰਹੇ ਜ਼ੁਲਮ ਖਿਲਾਫ ਵੀ ਡਟ ਕੇ ਖੜ੍ਹਾ ਹੈ। ਸੋ ਵੋਟ-ਬਟੋਰੂ ਪਾਰਟੀਆਂ ਦੀ ਝੂਠੀ-ਸੱਚੀ ਬਿਆਨਬਾਜ਼ੀ ਵਿਚ ਉਲਝਣ ਦੀ ਬਜਾਇ ਪੰਥ ਤੇ ਪੰਜਾਬ ਦਰਦੀਆਂ ਨੂੰ ਭਵਿੱਖੀ ਖਤਰੇ ਤੋਂ ਸਾਵਧਾਨ ਹੋਣ ਦੀ ਲੋੜ ਹੈ।

# ਕਸ਼ਮੀਰ ਤਾਲੇ ਵਿਚ ਬੰਦ ਹੈ

**ਰਵੀਸ਼ ਕੁਮਾਰ (ਸੀਨੀਅਰ ਪੱਤਰਕਾਰ)**

ਕਸ਼ਮੀਰ ਤਾਲੇ ਵਿਚ ਬੰਦ ਹੈ। ਕਸ਼ਮੀਰ ਦੀ ਕੋਈ ਖ਼ਬਰ ਨਹੀਂ ਹੈ। ਸਾਰੇ ਭਾਰਤ ਵਿਚ ਕਸ਼ਮੀਰ ਨੂੰ ਲੈ ਕੇ ਜਸ਼ਨ ਹੈ। ਸਾਰੇ ਭਾਰਤ ਨੂੰ ਕਸ਼ਮੀਰ ਦੀ



ਖ਼ਬਰ ਨਾਲ ਮਤਲਬ ਨਹੀਂ ਹੈ। ਇਕ ਦਾ ਦਰਵਾਜ਼ਾ ਬੰਦ ਕਰ ਦਿੱਤਾ ਗਿਆ ਹੈ। ਇਕ ਨੇ ਦਰਵਾਜ਼ਾ ਬੰਦ ਕਰ ਲਿਆ ਹੈ। ਜੰਮੂ-ਕਸ਼ਮੀਰ ਅਤੇ ਲੱਦਾਖ ਦਾ ਪੁਨਰਗਠਨ ਬਿੱਲ ਪੇਸ਼ ਹੁੰਦਾ ਹੈ। ਜ਼ਾਹਰ ਹੈ ਇਹ ਮਹੱਤਵਪੂਰਨ ਹੈ ਅਤੇ ਇਤਿਹਾਸਕ ਵੀ। ਰਾਜ ਸਭਾ ਵਿਚ ਪੇਸ਼ ਹੁੰਦਾ ਹੈ ਅਤੇ ਵਿਚਾਰ ਲਈ ਸਮਾਂ ਵੀ ਨਹੀਂ ਦਿੱਤਾ ਜਾਂਦਾ। ਜਿਵੇਂ ਕਸ਼ਮੀਰ ਬੰਦ ਹੈ, ਉਵੇਂ ਹੀ ਸੰਸਦ ਵੀ ਇਕ ਤਰ੍ਹਾਂ ਨਾਲ ਬੰਦ ਸੀ ਪਰ ਕਾਂਗਰਸ ਨੇ ਵੀ ਅਜਿਹਾ ਹੀ ਕੀਤਾ ਸੀ, ਇਸ ਲਈ ਸਾਰਿਆਂ ਨੇ ਸੁੱਖ ਦਾ ਸਾਹ ਲਿਆ। ਕਾਂਗਰਸ ਨੇ ਭਾਜਪਾ 'ਤੇ ਬਹੁਤ ਅਹਿਸਾਨ ਕੀਤੇ ਹਨ।

ਸੜਕ 'ਤੇ ਢੋਲ ਵੱਜ ਰਹੇ ਹਨ। ਕਿਸੇ ਨੂੰ ਪਤਾ ਨਹੀਂ, ਕੀ ਹੋਇਆ ਹੈ, ਕਿਵੇਂ ਹੋਇਆ ਹੈ ਅਤੇ ਕਿਉਂ ਹੋਇਆ ਹੈ। ਬਸ, ਇਕ ਪੰਕਤੀ ਪਤਾ ਹੈ, ਜੋ ਕਈ ਸਾਲਾਂ ਤੋਂ ਪਤਾ ਹੈ।



ਰਾਸ਼ਟਰਪਤੀ, ਰਾਜਪਾਲ ਦੀ ਸਹਿਮਤੀ ਦਾ ਵਰਨਣ ਕਰਦੇ ਹਨ। ਰਾਜਪਾਲ ਦੋ ਦਿਨ ਪਹਿਲਾਂ ਤਕ ਕਹਿ ਰਹੇ ਹਨ ਕਿ ਮੈਨੂੰ ਕੁਝ ਪਤਾ ਨਹੀਂ। ਕੱਲ੍ਹ ਕੀ ਹੋਵੇਗਾ, ਪਤਾ ਨਹੀਂ। ਰਾਜਪਾਲ ਕੇਂਦਰ ਦਾ ਪ੍ਰਤੀਨਿਧੀ ਹੁੰਦਾ ਹੈ। ਰਾਸ਼ਟਰਪਤੀ ਨੇ ਕੇਂਦਰ ਦੀ ਰਾਇ ਨੂੰ ਸੂਬੇ ਦੀ ਰਾਇ ਬਣਾ ਦਿੱਤਾ। ਦਸਤਖ਼ਤ ਕਰ ਦਿੱਤੇ। ਜੰਮੂ-ਕਸ਼ਮੀਰ ਅਤੇ ਲੱਦਾਖ ਹੁਣ ਸੂਬਾ ਨਹੀਂ ਹੈ। ਦੋ ਕੇਂਦਰ ਸ਼ਾਸਤ ਸੂਬਿਆਂ ਵਿਚ ਵੰਡ ਦਿੱਤੇ ਗਏ ਹਨ। ਰਾਜਪਾਲ ਦਾ ਅਹੁਦਾ ਸਮਾਪਤ। ਮੁੱਖ ਮੰਤਰੀ ਦਾ ਅਹੁਦਾ ਸਮਾਪਤ। ਸਿਆਸੀ ਅਧਿਕਾਰ ਅਤੇ ਪਛਾਣ ਦੀ ਕਾਂਟ-ਛਾਂਟ ਹੋ ਜਾਂਦੀ ਹੈ। ਇਤਿਹਾਸ ਬਣ ਜਾਂਦਾ ਹੈ। ਸਾਰਾ ਭਾਰਤ, ਖ਼ਾਸ ਕਰ ਉੱਤਰ ਭਾਰਤ ਵਿਚ ਧਾਰਾ 370 ਦੀ ਆਪਣੀ ਸਮਝ ਹੈ। ਕੀ ਹੈ ਅਤੇ ਕਿਉਂ ਹੈ, ਇਸ ਨਾਲ ਮਤਲਬ ਨਹੀਂ ਹੈ। ਇਹ ਹਟੀ ਹੈ, ਇਸ ਨੂੰ ਲੈ ਕੇ ਜਸ਼ਨ ਹੈ। ਇਸ ਦੇ ਦੋ ਭਾਗ ਹਟੇ ਹਨ ਅਤੇ ਇਕ ਬਚਿਆ ਹੈ। ਉਹ ਵੀ ਹਟ ਸਕਦਾ ਹੈ ਪਰ ਹੁਣ ਉਸ ਦਾ ਕੋਈ ਮਤਲਬ ਨਹੀਂ।

ਜਸ਼ਨ ਮਨਾਉਣ ਵਾਲਿਆਂ ਵਿਚ ਇਕ ਗੱਲ ਸਾਫ਼ ਹੈ। ਉਨ੍ਹਾਂ ਨੂੰ ਹੁਣ ਸੰਸਦੀ ਪ੍ਰਕਿਰਿਆਵਾਂ ਦੀਆਂ ਨਿਯਮਾਂਵਲੀਆਂ ਵਿਚ ਕੋਈ ਵਿਸ਼ਵਾਸ ਨਹੀਂ। ਉਹ ਨਾ ਨਿਆਂਪਾਲਿਕਾ ਦੀ ਪ੍ਰਵਾਹ ਕਰਦੇ ਹਨ ਅਤੇ ਨਾ ਵਿਧਾਨ ਸਭਾਵਾਂ ਦੀ। ਸੰਸਥਾਵਾਂ ਦੀ ਚਿੰਤਾ ਦਾ ਸਵਾਲ ਮਰਿਆ ਹੋਇਆ ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਲੋਕ ਅਮਰਤਵ ਪ੍ਰਾਪਤ ਕਰ ਚੁੱਕੇ ਹਨ। ਇਹ ਹਨੇਰਾ ਨਹੀਂ ਹੈ, ਬਹੁਤ ਤੇਜ਼ ਪ੍ਰਕਾਸ਼ ਹੈ। ਸੁਣਦਾ ਜ਼ਿਆਦਾ ਹੈ ਪਰ ਦਿਸਦਾ ਘੱਟ ਹੈ। ਲੋਕਾਂ ਨੇ ਲੋਕਤੰਤਰ ਨੂੰ ਖਾਰਜ ਕਰ ਦਿੱਤਾ ਹੈ। ਪ੍ਰੇਸ਼ਾਨ ਹੋਣ ਦੀ ਲੋੜ ਨਹੀਂ ਹੈ। ਲੋਕਾਂ ਨੂੰ ਆਪਣੇ ਵਿਚ ਕੋਈ ਦੁਸ਼ਮਣ ਮਿਲ ਗਿਆ ਹੈ। ਕਦੇ ਉਹ ਮੁਸਲਮਾਨ ਹੋ ਜਾਂਦਾ ਹੈ, ਕਦੇ ਕਸ਼ਮੀਰੀ। ਨਫ਼ਰਤ ਦੇ ਕਈ ਕੋਡਾਂ ਨਾਲ ਲੋਕਾਂ ਦੀ ਪ੍ਰੋਗਰਾਮਿੰਗ ਕੀਤੀ ਜਾ ਚੁੱਕੀ ਹੈ। ਉਨ੍ਹਾਂ ਨੂੰ ਬਸ ਇਸ ਨਾਲ ਸਬੰਧਿਤ ਸ਼ਬਦ ਦਿਸ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਪ੍ਰਤੀਕਰਮ ਸਾਹਮਣੇ ਆ ਜਾਂਦਾ ਹੈ।

ਧਾਰਾ 370 ਨੂੰ ਲੈ ਕੇ ਸਾਰਿਆਂ ਨੇ ਸਿਆਸਤ ਕੀਤੀ ਹੈ। ਭਾਜਪਾ ਤੋਂ ਪਹਿਲਾਂ ਕਾਂਗਰਸ ਨੇ ਇਸ ਦਾ ਦੁਰਉਪਯੋਗ ਕੀਤਾ ਹੈ। ਧਾਰਾ 370 ਦੇ ਰਹਿੰਦਿਆਂ ਉਸ ਨੇ ਆਪਣੀ ਮਰਜ਼ੀ ਚਲਾਈ। ਉਸ ਨੂੰ ਪ੍ਰਭਾਵਹੀਣ ਬਣਾ ਦਿੱਤਾ। ਇਸ ਖੇਡ ਵਿਚ ਸੂਬੇ ਦੇ ਸਿਆਸੀ ਦਲ ਵੀ ਸ਼ਾਮਿਲ ਰਹੇ ਜਾਂ ਫਿਰ ਉਨ੍ਹਾਂ ਦੀਆਂ ਨਾਕਾਮੀਆਂ ਨੂੰ ਧਾਰਾ 370 ਦੀ ਨਾਕਾਮੀ ਦੱਸ ਦਿੱਤਾ ਗਿਆ। ਕਸ਼ਮੀਰ ਦੀ ਸਮੱਸਿਆ ਨੂੰ ਕਾਫੀ ਲਪੇਟਿਆ ਗਿਆ ਅਤੇ ਲਟਕਾਇਆ ਗਿਆ। ਇਸ ਦੌਰਾਨ ਬਹੁਤ ਸਾਰੇ ਘਪਲੇ ਭਾਜਪਾ ਦੇ ਆਉਣ ਤੋਂ ਪਹਿਲਾਂ ਹੋਏ। ਭਾਜਪਾ ਨੇ ਵੀ ਸਿਆਸਤ ਖੇਡਦਿਆਂ ਖੁੱਲ੍ਹ ਕੇ ਕਿਹਾ ਕਿ ਧਾਰਾ 370 ਹਟਾ ਦੇਵਾਂਗੇ ਅਤੇ ਹਟਾ ਦਿੱਤੀ। 35-ਏ ਤਾਂ ਹਟਾ ਹੀ ਦਿੱਤੀ ਪਰ ਕਦੋਂ ਕਿਹਾ ਸੀ ਕਿ ਧਾਰਾ 370 ਹਟਾਵਾਂਗੇ, ਤਾਂ ਸੂਬਾ ਹੀ ਸਮਾਪਤ ਕਰ ਦਿਆਂਗੇ ? ਇਹ ਸਵਾਲ ਤਾਂ ਹੈ ਪਰ ਜਿਸ ਲਈ ਹੈ, ਉਸ ਨੂੰ ਇਸ ਨਾਲ ਮਤਲਬ ਨਹੀਂ ਹੈ। ਨੋਟਬੰਦੀ ਸਮੇਂ ਕਿਹਾ ਗਿਆ ਸੀ ਕਿ ਅੱਤਵਾਦ ਦਾ ਲੱਕ ਟੁੱਟ ਜਾਵੇਗਾ ਪਰ ਨਹੀਂ ਟੁੱਟਿਆ। ਉਮੀਦ ਹੈ ਇਸ ਵਾਰ ਕਸ਼ਮੀਰ ਦੇ ਹਾਲਾਤ ਆਮ ਵਰਗੇ ਹੋਣਗੇ। ਹੁਣ ਉਥੋਂ ਦੇ ਲੋਕਾਂ ਨਾਲ ਗੱਲਬਾਤ ਦਾ ਤਾਂ ਸਵਾਲ ਹੀ ਨਹੀਂ। ਸਾਰਿਆਂ ਲਈ ਇਕੋ ਨਾਪ ਦਾ ਸਵੈਟਰ ਬੁਣਿਆ ਗਿਆ ਹੈ, ਪਾਉਣਾ ਹੀ ਪਵੇਗਾ। ਸੂਬੇ ਬਾਰੇ ਫ਼ੈਸਲਾ ਹੋ ਗਿਆ, ਸੂਬੇ ਨੂੰ ਪਤਾ ਹੀ ਨਹੀਂ। ਕਸ਼ਮੀਰੀ ਪੰਡਿਤਾਂ ਦੀ ਹੱਤਿਆ ਅਤੇ ਹਿਜ਼ਰਤ ਦਾ ਦੁੱਖ ਅੱਜ ਵੀ ਹੈ। ਉਨ੍ਹਾਂ ਦੀ ਵਾਪਸੀ ਦੀ ਇਸ ਵਿਚ ਕੀ ਯੋਜਨਾ ਹੈ, ਕਿਸੇ ਨੂੰ ਪਤਾ ਹੀ ਨਹੀਂ। ਤੁਸੀਂ ਇਹ ਨਹੀਂ ਕਹਿ ਸਕਦੇ ਕਿ ਕੋਈ ਯੋਜਨਾ ਨਹੀਂ ਹੈ, ਕਿਉਂਕਿ ਕਿਸੇ ਨੂੰ ਕੁਝ ਪਤਾ ਨਹੀਂ। ਇਹ ਉਹ ਸਵਾਲ ਹੈ, ਜੋ ਸਾਰਿਆਂ ਨੂੰ ਲਾਜਵਾਬ ਕਰਦਾ ਹੈ। ਕਸ਼ਮੀਰੀ ਪੰਡਿਤ ਖ਼ੁਸ਼ ਹਨ।

ਘਾਟੀ ਵਿਚ ਅੱਜ ਵੀ ਹਜ਼ਾਰਾਂ ਕਸ਼ਮੀਰੀ ਪੰਡਿਤ ਰਹਿੰਦੇ ਹਨ। ਵੱਡੀ ਗਿਣਤੀ ਵਿਚ ਸਿੱਖ ਵੀ ਰਹਿੰਦੇ ਹਨ। ਇਹ ਕਿਵੇਂ ਰਹਿੰਦੇ ਹਨ ਅਤੇ ਇਨ੍ਹਾਂ ਦਾ ਕੀ ਤਜਰਬਾ ਹੈ ? ਕਸ਼ਮੀਰ ਦੇ ਸਬੰਧ ਵਿਚ ਇਨ੍ਹਾਂ ਦੀ ਕੋਈ ਕਥਾ ਨਹੀਂ ਹੈ। ਅਸੀਂ ਲੋਕ ਨਹੀਂ ਜਾਣਦੇ। ਅਮਿਤ ਸ਼ਾਹ ਨੇ ਧਾਰਾ 370 ਨੂੰ ਕਸ਼ਮੀਰ ਦੀ ਹਰ ਸਮੱਸਿਆ ਦਾ ਕਾਰਨ ਦੱਸ ਦਿੱਤਾ। ਗ਼ਰੀਬੀ ਤੋਂ ਲੈ ਕੇ ਭ੍ਰਿਸ਼ਟਾਚਾਰ ਤਕ ਦਾ ਕਾਰਨ, ਅੱਤਵਾਦ ਦਾ ਕਾਰਨ ਤਾਂ ਦੱਸਿਆ ਹੀ। ਰੁਜ਼ਗਾਰ ਮਿਲੇਗਾ, ਉਦਯੋਗ ਆਏਗਾ। ਅਜਿਹਾ ਲੱਗ ਰਿਹਾ ਹੈ ਕਿ 1990 ਦਾ ਆਰਥਿਕ ਉਦਾਰੀਕਰਨ ਲਾਗੂ ਹੋ ਰਿਹਾ ਹੈ। ਇਸ ਲਿਹਾਜ਼ ਨਾਲ ਉੱਤਰ ਪ੍ਰਦੇਸ਼ ਵਿਚ ਬਹੁਤ ਬੇਰੁਜ਼ਗਾਰੀ ਹੈ। ਹੁਣ ਉਸ ਨੂੰ ਰੁਜ਼ਗਾਰ ਅਤੇ ਫੈਕਟਰੀ ਦੇ ਨਾਂਅ 'ਤੇ ਕੋਈ 5 ਕੇਂਦਰ ਸ਼ਾਸਤ ਸੂਬਿਆਂ ਵਿਚ ਨਾ ਵੰਡ ਦੇਵੇ। ਇਕ ਅਸਥਾਈ ਪ੍ਰਬੰਧ ਹਟਾ ਕੇ ਦੂਜਾ ਅਸਥਾਈ ਪ੍ਰਬੰਧ ਲਿਆਂਦਾ ਗਿਆ ਹੈ। ਅਮਿਤ ਸ਼ਾਹ ਨੇ ਕਿਹਾ ਕਿ ਹਾਲਾਤ ਆਮ ਵਰਗੇ ਹੋਣਗੇ ਤਾਂ ਫਿਰ ਤੋਂ ਸੂਬਾ ਬਣਾ ਦੇਵਾਂਗੇ। ਭਾਵ ਹਮੇਸ਼ਾ ਲਈ ਦੋਵੇਂ ਕੇਂਦਰ ਸ਼ਾਸਿਤ ਸੂਬੇ ਨਹੀਂ ਬਣਨਗੇ। ਇਹ ਸਾਫ਼ ਨਹੀਂ ਹੈ ਕਿ ਜਦੋਂ ਹਾਲਾਤ ਆਮ ਹੋਣਗੇ ਤਾਂ ਤਿੰਨਾਂ ਨੂੰ ਵਾਪਸ ਪਹਿਲਾਂ ਦੀ ਸਥਿਤੀ ਵਿਚ ਲਿਆਂਦਾ ਜਾਵੇਗਾ ਜਾਂ ਫਿਰ ਜੰਮੂ-ਕਸ਼ਮੀਰ ਹੀ ਸੂਬਾ ਬਣੇਗਾ। ਹੁਣ ਅਜਿਹੇ ਹਾਲਾਤ ਕੀ ਸਨ ਕਿ ਸੂਬੇ ਦਾ ਦਰਜਾ ਹੀ ਖ਼ਤਮ ਕਰ ਦਿੱਤਾ ? ਉਮੀਦ ਹੈ ਕਸ਼ਮੀਰ ਵਿਚ ਕਰਫਿਊ ਦੀ ਮਿਆਦ ਲੰਮੀ ਨਹੀਂ ਹੋਵੇਗੀ। ਹਾਲਾਤ ਆਮ ਵਰਗੇ ਹੋਣਗੇ। ਕਸ਼ਮੀਰ ਦੇ ਲੋਕਾਂ ਦਾ ਆਪਸੀ ਸੰਪਰਕ ਟੁੱਟ ਚੁੱਕਾ ਹੈ। ਜੋ ਕਸ਼ਮੀਰ ਤੋਂ ਬਾਹਰ ਹਨ, ਉਹ ਆਪਣੇ ਘਰਾਂ ਨਾਲ ਸੰਪਰਕ ਨਹੀਂ ਕਰ ਪਾ ਰਹੇ ਹਨ। ਇਸ ਸਥਿਤੀ ਵਿਚ ਜਸ਼ਨ ਮਨਾਉਣ ਵਾਲਿਆਂ ਦਾ ਦਿਲ ਦੱਸ ਰਿਹਾ ਹੈ ਕਿ ਅਸੀਂ ਕੀ ਬਣ ਚੁੱਕੇ ਹਾਂ।

ਇਕ ਭੀੜ ਹੈ ਜੋ ਮੰਗ ਰਹੀ ਹੈ ਕਿ ਕੀ ਤੁਸੀਂ ਸਵਾਗਤ ਕਰ ਰਹੇ ਹੋ ਜਾਂ ਨਹੀਂ। ਖ਼ੁਦ ਭਾਜਪਾ ਧਾਰਾ 370 ਦਾ ਵਿਰੋਧ ਕਰਨ ਵਾਲੇ ਜਨਤਾ ਦਲ (ਯੂ) ਦੇ ਨਾਲ ਗੰਢ-ਤੁੱਪ ਕਰ ਰਹੀ ਹੈ। ਵਿਰੋਧ ਦੇ ਬਾਅਦ ਵੀ ਉਨ੍ਹਾਂ ਦੇ ਨਾਲ ਸਰਕਾਰ ਵਿਚ ਹੈ। ਤੁਸੀਂ ਪ੍ਰਕਿਰਿਆ 'ਤੇ ਸਵਾਲ ਉਠਾ ਦਿਓਗੇ ਤਾਂ ਗਾਲ੍ਹ ਦੇਣ ਵਾਲਿਆਂ ਦਾ ਦਸਤਾ ਟੁੱਟ ਪਏਗਾ। ਉਥੇ ਬਿਹਾਰ ਵਿਚ ਭਾਜਪਾ ਮੰਤਰੀਆਂ ਦੇ ਅਹੁਦਿਆਂ ਦਾ ਸੁੱਖ ਭੋਗਦੀ ਰਹੇਗੀ। ਕਸ਼ਮੀਰ ਵਿਚ ਜ਼ਮੀਨ ਖ਼ਰੀਦਣ ਦੀ ਖ਼ੁਸ਼ੀ ਹੈ। ਦੂਜੇ ਸੂਬਿਆਂ ਤੋਂ ਵੀ ਅਜਿਹੇ ਪ੍ਰਬੰਧ ਹਟਾਉਣ ਦੀ ਖ਼ੁਸ਼ੀ ਦੀ ਮੰਗ ਕਰਨੀ ਚਾਹੀਦੀ ਹੈ। ਉਨ੍ਹਾਂ ਆਦਿਵਾਸੀ ਇਲਾਕਿਆਂ ਵਿਚ ਜਿਥੇ ਪੰਜਵੀਂ ਅਨੁਸੂਚੀ ਦੇ ਤਹਿਤ ਜ਼ਮੀਨ ਖ਼ਰੀਦਣ ਦੀ ਬੰਦਿਸ਼ ਹੈ, ਉਥੇ ਵੀ ਨਾਅਰਾ ਲੱਗ ਸਕਦਾ ਹੈ ਕਿ ਜਦੋਂ ਤਕ ਇਹ ਨਹੀਂ ਹਟੇਗਾ, ਭਾਰਤ ਇਕ ਨਹੀਂ ਹੋਵੇਗਾ ਤੇ ਕੀ ਇਕ ਭਾਰਤ ਦੀ ਮੰਗ ਕਰਨ ਵਾਲੇ ਆਪਣੇ ਇਸ ਨਾਅਰੇ ਨੂੰ ਲੈ ਕੇ ਪੂਰਬ-ਉੱਤਰ ਦੇ ਸੂਬਿਆਂ ਵਿਚ ਜਾਣਗੇ ਜਾਂ ਫਿਰ ਕਸ਼ਮੀਰ ਤਕ ਹੀ ਸੀਮਤ ਰਹਿਣਗੇ ? ਜੰਮੂ-ਕਸ਼ਮੀਰ ਵਿਚ ਅਪਣਾਇਆ ਤਰੀਕਾ ਤਾਂ ਚੰਗਾ ਨਹੀਂ ਸੀ। ਦੁਆ ਕਰੋ ਕਿ ਨਤੀਜਾ ਚੰਗਾ ਹੋਵੇ। ਪਰ ਨੀਅਤ ਠੀਕ ਨਾ ਹੋਵੇ ਤਾਂ ਨਤੀਜਾ ਕਿਵੇਂ ਚੰਗਾ ਹੋ ਸਕਦਾ ਹੈ ? ਕਸ਼ਮੀਰ ਨੂੰ ਇਸ ਦੀ ਕਾਫੀ ਕੀਮਤ ਚੁਕਾਉਣੀ ਪੈ ਰਹੀ ਸੀ। ਸ਼ਾਇਦ ਕਸ਼ਮੀਰ ਨੂੰ ਸਾਰੇ ਭਾਰਤ ਦੀ ਅੱਧੀ-ਅਧੂਰੀ ਜਾਣਕਾਰੀ ਦੀ ਮਾਰ ਨਾ ਝੱਲਣੀ ਪਵੇ। ਕੀ ਅਜਿਹਾ ਹੋਵੇਗਾ ? ਕਿਸੇ ਨੂੰ ਕੁਝ ਪਤਾ ਨਹੀਂ ਹੈ। ਕਸ਼ਮੀਰੀ ਲੋਕਾਂ ਦੀ ਚਿੰਤਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਗਲੇ ਲਗਾਉਣ ਦਾ ਸਮਾਂ ਹੈ। ਤੁਸੀਂ ਜਨਤਾ ਹੋ। ਤੁਹਾਡੇ ਵਿਚੋਂ ਕੋਈ ਸੰਦੇਸ਼ ਭੇਜ ਰਿਹਾ ਹੈ ਕਿ ਉਨ੍ਹਾਂ ਦੀਆਂ ਬਹੂ-ਬੇਟੀਆਂ ਨਾਲ ਕੀ ਕੀਤਾ ਜਾਵੇਗਾ ? ਜੇਕਰ ਤੁਸੀਂ ਸਚਮੁੱਚ ਆਪਣੇ ਜਸ਼ਨ ਪ੍ਰਤੀ ਇਮਾਨਦਾਰ ਹੋ ਤਾਂ ਦੱਸੋ ਅਜਿਹੀ ਮਾਨਸਿਕਤਾ ਵਾਲੇ ਲੋਕਾਂ ਨੂੰ ਲੈ ਕੇ ਤੁਹਾਡਾ ਜਸ਼ਨ ਸ਼ਾਨਦਾਰ ਕਿਵੇਂ ਹੋ ਸਕਦਾ ਹੈ ? ਜਸ਼ਨ ਮਨਾਉਂਦੇ ਹੋਏ ਲੋਕਾਂ ਦਾ ਦਿਲ ਬਹੁਤ ਵੱਡਾ ਹੈ। ਉਨ੍ਹਾਂ ਕੋਲ ਬਹੁਤ ਸਾਰੇ ਝੂਠ ਅਤੇ ਬਹੁਤ ਸਾਰੀਆਂ ਨਾਇਨਸਾਫ਼ੀਆਂ ਤੋਂ ਮੂੰਹ ਫੇਰ ਲੈਣ ਦਾ ਸਾਹਸ ਹੈ। ਤਰਕ ਅਤੇ ਤੱਥ ਮਹੱਤਵਪੂਰਨ ਨਹੀਂ ਹਨ। ਹਾਂ ਅਤੇ ਨਾਂਹ ਜ਼ਰੂਰੀ ਹੈ। ਲੋਕ ਜੋ ਸੁਣਨਾ ਚਾਹੁੰਦੇ ਹਨ, ਉਹ ਕਹੋ, ਕਈ ਲੋਕਾਂ ਨੇ ਇਹ ਨੇਕ ਸਲਾਹ ਦਿੱਤੀ ਹੈ। ਕਸ਼ਮੀਰ ਭੀੜ ਦੀ ਪ੍ਰੋਗਰਾਮਿੰਗ ਨੂੰ ਨਿਸ਼ਾਨਾ ਬਣਾ ਸਕਦਾ ਹੈ। ਇਸ ਲਈ ਚੁੱਪ ਰਹਿਣ ਦੀ ਸਲਾਹ ਦਿੱਤੀ ਗਈ।

ਇਤਿਹਾਸ ਬਣ ਰਿਹਾ ਹੈ। ਇਕ ਕਾਰਖਾਨਾ ਖੁੱਲ੍ਹਾ ਹੈ। ਉਸ ਵਿਚੋਂ ਕਦੋਂ ਕਿਹੜਾ ਇਤਿਹਾਸ ਬਣ ਕੇ ਬਾਹਰ ਆ ਜਾਵੇ, ਕਿਸੇ ਨੂੰ ਪਤਾ ਨਹੀਂ ਲਗਦਾ। ਜਿਥੇ ਇਤਿਹਾਸ ਬਣਿਆ ਹੈ, ਉਥੇ ਖਾਮੋਸ਼ੀ ਹੈ। ਜਿਥੇ ਜਸ਼ਨ ਹੈ ਉਥੇ ਪਹਿਲਾਂ ਦੇ ਕਿਸੇ ਇਤਿਹਾਸ ਨਾਲ ਕੋਈ ਮਤਲਬ ਨਹੀਂ ਹੈ। ਜਦੋਂ ਮਤਲਬ ਹੁੰਦਾ ਹੈ ਤਾਂ ਇਤਿਹਾਸ ਨੂੰ ਆਪਣੇ ਹੀ ਹਿਸਾਬ ਨਾਲ ਬਣਾ ਲੈਂਦੇ ਹਨ। ਸਦਨ ਵਿਚ ਅਮਿਤ ਸ਼ਾਹ ਨੇ ਕਿਹਾ ਕਿ ਨਹਿਰੂ ਕਸ਼ਮੀਰ ਮਸਲੇ ਨਾਲ ਨਿਪਟ ਰਹੇ ਸਨ, ਸਰਦਾਰ ਪਟੇਲ ਨਹੀਂ। ਇਹ ਇਤਿਹਾਸ ਨਹੀਂ ਹੈ ਪਰ ਹੁਣ ਇਤਿਹਾਸ ਹੋ ਜਾਵੇਗਾ ਕਿਉਂਕਿ ਅਮਿਤ ਸ਼ਾਹ ਨੇ ਕਿਹਾ ਹੈ। ਉਨ੍ਹਾਂ ਤੋਂ ਵੱਡਾ ਕੋਈ ਇਤਿਹਾਸਕਾਰ ਨਹੀਂ ਹੈ।

# ਪੰਜਾਬ ਦਾ ਲੱਜਪਾਲ ਪੁੱਤਰ ਪੋਰਸ

**ਪੋਰਸ ਅਤੇ ਸਿਕੰਦਰ ਦੀ ਲੜਾਈ ਬਾਰੇ ਹੁਣ ਤਕ ਇਹੀ ਮਸ਼ਹੂਰ ਹੈ ਕਿ ਸਿਕੰਦਰ ਨੇ ਪੋਰਸ ਨੂੰ ਹਰਾਇਆ, ਪਰ ਲਹਿੰਦੇ ਪੰਜਾਬ ਦਾ ਦਾਨਿਸ਼ਵਰ ਮੁਹੰਮਦ ਅਜ਼ਹਰ ਵਿਰਕ ਇਸ ਵਿਚਾਰ ਨੂੰ ਤੱਥਾਂ ਸਹਿਤ ਉਲਟਾ ਸੁੱਟਦਾ ਹੈ। ਉਸ ਮੁਤਾਬਕ, ਦੋਹਾਂ ਵਿਚਕਾਰ ਸੁਲ੍ਹਾ ਹੋਈ ਸੀ। ਪੋਰਸ ਦੀ ਹਾਰ ਵਾਲੀ ਗੱਲ ਪੱਛਮੀ ਵਿਦਵਾਨਾਂ ਦੇ ਦਿਮਾਗ ਦੀ ਹੀ ਕਾਢ ਹੈ। ਇਸ ਦਿਲਚਸਪ ਲੇਖ ਵਿਚ ਮੁਹੰਮਦ ਅਜ਼ਹਰ ਵਿਰਕ ਨੇ ਪੰਜਾਬ ਦੇ ਇਸ ਲੱਜਪਾਲ ਪੁੱਤਰ ਦੀ ਕਹਾਣੀ ਛੇੜੀ ਹੈ। ਲੇਖ ਦਾ ਲਿਪੀਅੰਤਰ ਰਾਜਵਿੰਦਰ ਸਿੰਘ ਸਿੱਧੂ (ਫੋਨ: +91-98555-0 3224) ਨੇ ਕੀਤਾ ਹੈ।**
**-ਸੰਪਾਦਕ**



**ਮੁਹੰਮਦ ਅਜ਼ਹਰ ਵਿਰਕ**
(ਫੋਨ :+92-30042-31622)

ਸਿਕੰਦਰ ਯੂਨਾਨ ਦਾ ਰਹਿਣ ਵਾਲਾ ਸੀ ਜੋ ਪੂਰੀ ਦੁਨੀਆ ਨੂੰ ਫਤਹਿ ਕਰਨ ਦਾ ਸੁਪਨਾ ਲੈ ਕੇ ਆਪਣੇ ਦੇਸ਼ ਤੋਂ ਤੁਰਿਆ। ਪੇਸ਼ਾਵਰ ਤੇ ਟੈਕਸਲਾ ਦੀਆਂ ਰਿਆਸਤਾਂ ਨੂੰ ਫਤਹਿ ਕਰ ਕੇ ਅੱਗੇ ਉਸ ਦਾ ਪਿੜ ਪੰਜਾਬ ਦੇ ਲੱਜਪਾਲ ਪੁੱਤਰ ਨਾਲ ਪੈ ਗਿਆ। ਇਸ ਪੰਜਾਬੀ ਪੁੱਤਰ ਦਾ ਨਾਂ ਪੋਰਸ ਸੀ। ਇਹ ਵਾਕਿਆ ਈਸਾ ਪੂਰਬ ਦਾ ਹੈ। ਰਾਜਾ ਪੋਰਸ ਨੇ ਸਿਕੰਦਰ ਨੂੰ ਏਨਾ ਔਖਾ ਵਕਤ ਦਿਖਾਇਆ ਕਿ ਉਹ ਅੱਗੇ ਤੁਰਨ ਦੇ ਕਾਬਿਲ ਨਾ ਰਿਹਾ।

ਜਿਸ ਵਕਤ ਸਿਕੰਦਰ ਨੇ ਟੈਕਸਲਾ ਦੀ ਰਿਆਸਤ ਨੂੰ ਜਿੱਤ ਲਿਆ ਤਾਂ ਉਸ ਨੇ ਪੰਜਾਬ ਦੀ ਰਿਆਸਤ ਪਾਰਾਵਤ ਦੇ ਰਾਜਾ ਪੋਰਸ ਨੂੰ ਸੁਨੇਹਾ ਭੇਜਿਆ- 'ਮੇਰਾ ਇਸਤਕਬਾਲ ਤੂੰ ਟੈਕਸਲਾ ਆ ਕੇ ਕਰ, ਜਾਂ ਫਿਰ ਆਪਣੀ ਰਿਆਸਤ ਮੇਰੇ ਹਵਾਲੇ ਕਰ ਕੇ ਮੇਰੀ ਹੁਕਮਰਾਨੀ ਦਾ ਐਲਾਨ ਕਰ।' ਪੰਜਾਬ ਦੇ ਗ਼ੈਰਤਮੰਦ ਪੁੱਤਰ ਨੇ ਜਵਾਬ ਦਿੱਤਾ ਜਿਹੜਾ ਤਾਰੀਖ ਦਾ ਹਿੱਸਾ ਬਣ ਗਿਆ- 'ਸਿਕੰਦਰ ਮੈਂ ਤੇਰਾ ਇਸਤਕਬਾਲ ਜ਼ਰੂਰ ਕਰਾਂਗਾ ਪਰ ਤਲਵਾਰ ਨਾਲ ਤੇ ਇਹ ਤਲਵਾਰ ਹੀ ਮੇਰੇ ਮੁਲਕ ਦੀ ਕਿਸਮਤ ਦਾ ਫੈਸਲਾ ਕਰੇਗੀ।'

ਰਾਜਾ ਪੋਰਸ ਦੀ ਰਿਆਸਤ ਦਾ ਨਾਂ ਪਾਰਾਵਤ ਸੀ ਜੋ ਦਰਿਆ ਜਿਹਲਮ ਤੇ ਚਨਾਬ ਦੇ ਦਰਮਿਆਨੀ ਇਲਾਕੇ ਵਿਚ ਸੀ। ਪੋਰਸ ਬੜੀ ਅਮੀਰ ਰਿਆਸਤ ਦਾ ਮਾਲਕ ਸੀ ਤੇ ਉਹ ਲੰਮੇ-ਚੌੜੇ ਇਲਾਕੇ 'ਤੇ ਹੁਕਮਰਾਨੀ ਕਰ ਰਿਹਾ ਸੀ। ਲਹਿੰਦੇ ਪੰਜਾਬ ਦੇ ਮੌਜੂਦਾ ਜ਼ਿਲ੍ਹਾ ਗੁਜਰਾਤ, ਮੰਡੀ ਬਹਾਊਦੀਨ, ਸਰਗੋਧਾ ਤੇ ਕੁਝ ਇਲਾਕਾ ਝੰਗ ਦਾ ਇਸ ਦੀ ਰਿਆਸਤ ਵਿਚ ਸ਼ਾਮਿਲ ਸੀ।

ਪੋਰਸ ਜਿਹਲਮ ਨੇੜੇ ਇਕ ਪਿੰਡ ਵਿਚ ਪੈਦਾ ਹੋਇਆ। ਇਸ ਦੀ ਜਨਮ ਮਿਤੀ ਬਾਰੇ ਕੋਈ ਢੁਕਵੀਂ ਜਾਣਕਾਰੀ ਨਹੀਂ ਮਿਲ ਸਕੀ। ਪੋਰਸ ਦਾ ਕੱਦ 7 ਫੁੱਟ 4 ਇੰਚ ਸੀ। ਉਹ ਬੜਾ ਹੀ ਖ਼ੂਬਸੂਰਤ ਤੇ ਰੋਅਬ ਵਾਲਾ ਜਵਾਨ ਸੀ। ਇਸ ਮਜ਼ਬੂਤ ਜਿਸਮਾਨੀ ਅਜ਼ਾ ਦੇ ਮਾਲਕ ਪੰਜਾਬੀ ਪੁੱਤਰ ਦਾ ਹਕੂਮਤੀ ਦੌਰ 317 ਈਸਾ ਪੂਰਬ ਦਾ ਹੈ। ਰਾਜਾ ਪੋਰਸ ਨੂੰ ਪੋਰੋ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਜੰਗ-ਏ-ਜਿਹਲਮ (326 ਈਸਾ ਪੂਰਬ) ਜੁਲਾਈ ਮਹੀਨੇ ਲੜੀ ਗਈ। ਲਹਿੰਦੇ ਪੰਜਾਬ ਦੇ ਮੌਜੂਦਾ ਜ਼ਿਲ੍ਹੇ ਮੰਡੀ ਬਹਾਊਦੀਨ ਤੋਂ 10 ਕਿਲੋਮੀਟਰ ਦੂਰ ਨਿਕਾਸਾ ਨਾਂ ਦੇ ਪਿੰਡ, ਜਿਸ ਦਾ ਮੌਜੂਦਾ ਨਾਂ ਮੌਂਗ ਹੈ, ਸਿਕੰਦਰ ਤੇ ਪੋਰਸ ਦੀਆਂ ਫ਼ੌਜਾਂ ਵਿਚਾਲੇ ਮੈਦਾਨ-ਏ-ਜੰਗ ਬਣਿਆ। ਪੋਰਸ ਦੀਆਂ ਫ਼ੌਜਾਂ ਜਿਹਲਮ ਦਰਿਆ ਦੇ ਪੂਰਬੀ ਕੰਢੇ ਅਤੇ ਸਿਕੰਦਰ ਦੀਆਂ ਪੱਛਮੀ ਕੰਢੇ 'ਤੇ ਕਸਬਾ ਹਰਨਪੁਰ ਕੋਲ ਮੌਜੂਦ ਸਨ। ਇਥੇ ਸਿਕੰਦਰ ਤੇ ਪੋਰਸ ਦੀਆਂ ਫ਼ੌਜਾਂ ਦਾ ਵੇਰਵਾ ਸਾਂਝਾ ਕਰਨਾ ਜ਼ਰੂਰੀ ਹੈ- ਪੋਰਸ ਦੀਆਂ ਫ਼ੌਜਾਂ: 30000 ਪੈਦਲ ਸੈਨਿਕ, 4000 ਘੋੜ ਸਵਾਰ, 200 ਹਾਥੀ, 1000 ਰੱਥ; ਸਿਕੰਦਰ ਦੀਆਂ ਫ਼ੌਜਾਂ: 15000 ਪੈਦਲ ਸੈਨਿਕ, 3000 ਘੋੜ ਸਵਾਰ, 80 ਹਾਥੀ, ਰੱਥ ਕੋਈ ਨਹੀਂ।

ਸਿਕੰਦਰ ਨੇ ਹਰਨਪੁਰ ਨੇੜੇ ਜਲਾਲਪੁਰ ਦੇ ਮੁਕਾਮ ਤੋਂ ਜਿਹਲਮ ਨੂੰ ਪਾਰ ਕੀਤਾ ਤੇ ਮੌਜੂਦਾ ਪਿੰਡ ਮੌਂਗ ਪੁੱਜਾ। ਪੋਰਸ ਦੇ ਜਾਸੂਸ ਦਰਿਆ 'ਤੇ ਪੂਰੀ ਨਿਗਰਾਨੀ ਰੱਖ ਰਹੇ ਸਨ। ਇਸ ਜਾਸੂਸ ਦਸਤੇ ਨੇ ਸਿਕੰਦਰ ਨੂੰ ਦਰਿਆ ਪਾਰ ਕਰਦੇ ਵੇਖ ਲਿਆ। ਇਸ ਦਸਤੇ ਦੀ ਕਮਾਨ ਪੋਰਸ ਦੇ 19 ਸਾਲਾ ਪੁੱਤਰ ਦੇ ਹੱਥ ਸੀ। ਸਿਕੰਦਰ ਦੇ ਦਰਿਆ ਪਾਰ ਕਰਦਿਆਂ ਹੀ ਦੋਹਾਂ ਧਿਰਾਂ ਵਿਚ ਤਕੜੀ ਝੜਪ ਹੋਈ। ਇਸ ਵਿਚ ਸਿਕੰਦਰ ਦਾ ਪਿਆਰਾ ਘੋੜਾ ਬੋਸੀ ਪੌਲਿਸ ਮਾਰਿਆ ਗਿਆ ਜਿਸ ਦੀ ਯਾਦ ਵਿਚ ਉਸ ਨੇ ਫਾਲੀਆ ਸ਼ਹਿਰ ਆਬਾਦ ਕੀਤਾ ਜੋ ਹੁਣ ਮੰਡੀ ਬਹਾਊਦੀਨ ਜ਼ਿਲ੍ਹੇ ਦਾ ਤਹਿਸੀਲ ਹੈੱਡਕੁਆਰਟਰ ਹੈ। ਇਸ ਜੰਗ ਵਿਚ ਸਿਕੰਦਰ ਆਪ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਕੇ ਮੂੰਹ ਪਰਨੇ ਡਿੱਗ ਪਿਆ ਤੇ ਉਸ ਨੂੰ ਉਸ ਦੇ ਸੈਨਿਕਾਂ ਨੇ ਚੁੱਕਿਆ। ਇਸ ਲੜਾਈ ਵਿਚ ਪੋਰਸ ਦਾ ਜਵਾਨ ਪੁੱਤਰ ਮਾਰਿਆ ਗਿਆ।

ਇਸ ਤੋਂ ਬਾਅਦ ਬਕਾਇਦਾ ਜੰਗ ਸ਼ੁਰੂ ਹੋਈ। ਜੰਗ ਦੌਰਾਨ ਪੋਰਸ ਆਪਣੇ ਵੱਡੇ ਹਾਥੀ 'ਤੇ ਸਵਾਰ ਸੀ। ਜਦੋਂ ਸਿਕੰਦਰ ਨੇ ਪੋਰਸ ਨੂੰ ਪਹਿਲੀ ਵਾਰ ਤੱਕਿਆ ਤਾਂ ਉਸ ਨੇ ਤਾਰੀਖੀ ਗੱਲ ਕੀਤੀ- 'ਅੱਜ ਮੇਰੇ ਸਾਹਮਣੇ ਇਹੋ ਜਿਹਾ ਜਵਾਨ ਮੌਜੂਦ ਹੈ ਜਿਹੜਾ ਮੇਰੀ ਹਿੰਮਤ, ਹੌਸਲੇ ਤੇ ਸ਼ਾਨ 'ਤੇ ਪੂਰਾ ਉਤਰਦਾ ਹੈ। ਮੈਨੂੰ ਅੱਜ ਪੋਰਸ ਦੇ ਬਹਾਦਰ ਸਿਪਾਹੀਆਂ ਤੇ ਵਹਿਸ਼ੀ ਹਾਥੀਆਂ ਦਾ ਮੁਕਾਬਲਾ ਕਰਨਾ ਪਵੇਗਾ।'

ਤਾਰੀਖ ਗਵਾਹ ਹੈ ਕਿ ਇਹ ਜੰਗ ਪਿਛਲੀਆਂ ਜੰਗਾਂ ਤੋਂ ਵੱਧ ਖ਼ੂਨੀ ਸੀ। ਇਸ ਦੀ ਵਜ੍ਹਾ ਇਹ ਸੀ ਕਿ ਇਸ ਵਿਚ ਖ਼ੂੰਖਾਰ ਹਾਥੀ ਸ਼ਾਮਿਲ ਸਨ। ਸਭ ਤੋਂ ਵੱਡੀ ਝੜਪ ਅੱਠ ਘੰਟੇ ਦੀ ਹੋਈ। ਸਿਕੰਦਰ ਦੀਆਂ ਫ਼ੌਜਾਂ ਦਾ ਵੱਡਾ ਹਿੱਸਾ ਤਬਾਹ ਹੋ ਗਿਆ। ਪੋਰਸ ਨੂੰ ਇਸ ਜੰਗ ਵਿਚ ਨੌਂ ਜ਼ਖ਼ਮ ਲੱਗੇ। ਸਭ ਤੋਂ ਵੱਡਾ ਜ਼ਖ਼ਮ ਉਸ ਦੇ ਸੱਜੇ ਮੋਢੇ 'ਤੇ ਲੱਗਾ। ਦੋਹੀਂ ਪਾਸੇ ਬੜੀ ਤਬਾਹੀ ਹੋਈ ਪਰ ਕੋਈ ਵੀ ਹਾਰ ਮੰਨਣ ਲਈ ਤਿਆਰ ਨਹੀਂ ਸੀ।

ਹਬਸ਼ੀ ਅਹਿਦਨਾਮੇ ਵਿਚ ਯੂਨਾਨੀ ਫ਼ੌਜਾਂ ਦਾ ਹਸ਼ਰ ਇੰਜ ਲਿਖਿਆ ਹੈ- 'ਸਿਕੰਦਰ ਦੇ ਫ਼ੌਜੀ ਕੁੱਤਿਆਂ ਵਾਂਗ ਉਚੀ ਉਚੀ ਰੋ ਰੋ ਕੀਰਨੇ ਪਾ ਰਹੇ ਸਨ। ਉਹ ਹਥਿਆਰ ਸੁੱਟ ਕੇ ਪੋਰਸ ਨਾਲ ਮਿਲਣ ਦੀ ਖਾਹਿਸ਼ ਰੱਖਦੇ ਸਨ। ਜਦੋਂ ਸਿਕੰਦਰ ਨੂੰ ਪਤਾ ਲੱਗਾ ਉਹ ਫੌਰਨ ਉਨ੍ਹਾਂ ਕੋਲ ਗਿਆ ਅਤੇ ਉਨ੍ਹਾਂ ਦਾ ਹੌਸਲਾ ਵਧਾਇਆ ਪਰ ਸੱਚੀ ਗੱਲ ਇਹ ਹੈ ਕਿ ਸਿਕੰਦਰ ਆਪ ਵੀ ਥੱਕ ਗਿਆ ਸੀ। ਢਿੱਡੋਂ ਉਹ ਵੀ ਚਾਹੁੰਦਾ ਸੀ ਕਿ ਜੰਗ ਕਿਸੇ ਨਾ ਕਿਸੇ ਤਰ੍ਹਾਂ ਮੁੱਕ ਜਾਵੇ।'

'ਹਿਸਟਰੀ ਆਫ ਦਿ ਜਿਊਸ' ਵਿਚ ਯਹੂਦੀ ਇਤਿਹਾਸਕਾਰ ਜੋਸਫ ਬਿਨ ਗੋਰੀਆਨ ਲਿਖਦਾ ਹੈ, 'ਜੰਗ ਏਨੀ ਤੇਜ਼ ਤੇ ਖਤਰਨਾਕ ਸੀ ਕਿ ਇਸ ਵਿਚ ਸਿਕੰਦਰ ਦੀਆਂ ਫ਼ੌਜਾਂ ਦਾ ਚੋਖਾ ਹਿੱਸਾ ਤਬਾਹ ਹੋ ਗਿਆ। ਸਿਕੰਦਰ ਦੇ ਵੱਡੀ ਗਿਣਤੀ ਫ਼ੌਜੀਆਂ ਦੀ ਇਹ ਸੋਚ ਬਣ ਗਈ ਸੀ ਕਿ 'ਅਸੀਂ ਸਿਕੰਦਰ ਨਾਲ ਬਗ਼ਾਵਤ ਕਰ ਕੇ ਪੋਰਸ ਦੀਆਂ ਫ਼ੌਜਾਂ ਵਿਚ ਸ਼ਾਮਿਲ ਹੋ ਜਾਈਏ।'

ਹਬਸ਼ੀ ਅਹਿਦਨਾਮੇ ਦੇ ਮੁਤਾਬਿਕ ਜਦੋਂ ਜੰਗ ਬਹੁਤਾ ਜ਼ੋਰ ਫੜ ਗਈ, ਫਿਰ ਸਿਕੰਦਰ ਸੰਘ ਪਾੜ ਕੇ ਬੋਲਿਆ, 'ਓ ਹਿੰਦੋਸਤਾਨ ਦੇ ਰਾਜਿਆ! ਓ ਪੰਜਾਬ ਦੇ ਰਾਜਿਆ! ਮੈਂ ਤੇਰੀ ਤਾਕਤ ਦਾ ਅੰਦਾਜ਼ਾ ਲਾ ਲਿਆ ਹੈ। ਅਸੀਂ ਆਪਣੇ ਫ਼ੌਜੀ ਨਾ ਮਰਵਾਈਏ। ਅਸੀਂ ਜੰਗ ਬੰਦ ਕਰ ਕੇ ਦੋਵੇਂ ਆਪਸ ਵਿਚ ਲੜਦੇ ਹਾਂ।'

ਇਹ ਗੱਲ ਸਿਕੰਦਰ ਨੇ ਉਸ ਸਮੇਂ ਕੀਤੀ ਜਦੋਂ ਉਸ ਨੂੰ ਆਪਣੀਆਂ ਫ਼ੌਜਾਂ ਦੀ ਇਸ ਗੱਲ ਦਾ ਯਕੀਨ ਹੋ ਗਿਆ ਕਿ ਸਿਕੰਦਰ ਨੂੰ ਫੜ ਕੇ ਪੋਰਸ ਦੇ ਹਵਾਲੇ ਕਰ ਦਿੱਤਾ ਜਾਵੇ। ਜਦੋਂ ਸਿਕੰਦਰ ਨੂੰ ਆਪਣੀਆਂ ਫ਼ੌਜਾਂ ਦੇ ਖਿਆਲਾਂ ਦਾ ਪਤਾ ਲੱਗਾ, ਉਸ ਵਕਤ ਸਿਕੰਦਰ ਨੇ ਪੋਰਸ ਨੂੰ ਜੰਗਬੰਦੀ ਦੀ ਪੇਸ਼ਕਸ਼ ਕੀਤੀ, ਜਾਂ ਫਿਰ ਪੋਰਸ ਨੂੰ ਆਹਮੋ-ਸਾਹਮਣੇ ਲੜਨ ਲਈ ਆਖਿਆ।

ਇਰਾਨੀ ਸ਼ਾਇਰ ਫਿਰਦੌਸੀ ਨੇ ਆਪਣੀ ਕਿਤਾਬ 'ਸ਼ਾਹਨਾਮਾ ਇਸਲਾਮ' ਵਿਚ ਸਿਕੰਦਰ ਅਤੇ ਪੋਰਸ ਦੀ ਲੜਾਈ ਦਾ ਜ਼ਿਕਰ ਇਨ੍ਹਾਂ ਅਲਫਾਜ਼ ਨਾਲ ਕੀਤਾ ਹੈ, 'ਜਦੋਂ ਜੰਗ ਵਿਚ ਬੜੀ ਤਬਾਹੀ ਤੇ ਖ਼ੂਨ-ਖਰਾਬਾ ਹੋਇਆ ਤਾਂ ਸਿਕੰਦਰ ਨੇ ਉਚੀ ਆਵਾਜ਼ ਨਾਲ ਪੋਰਸ ਨੂੰ ਆਖਿਆ, 'ਐ ਪੰਜਾਬ ਦੇ ਵੱਡੇ ਇਨਸਾਨ! ਸਾਡੀਆਂ ਫ਼ੌਜਾਂ ਲੜਦੀਆਂ ਲੜਦੀਆਂ ਥੱਕ ਗਈਆਂ ਨੇ। ਜੰਗਲੀ ਦਰਿੰਦੇ ਹਾਥੀ, ਫ਼ੌਜਾਂ ਦੀਆਂ ਖੋਪੜੀਆਂ ਲਿਤਾੜ ਰਹੇ ਨੇ। ਘੋੜਿਆਂ ਦੇ ਪੌੜ ਸਿਪਾਹੀਆਂ ਦੀਆਂ ਲੱਤਾਂ ਭੰਨ ਰਹੇ ਨੇ। ਅਸੀਂ ਦੋਵੇਂ ਬਹਾਦਰ ਇਨਸਾਨ ਹਾਂ ਤੇ ਅਸੀਂ ਇਕ ਦੂਜੇ ਦੇ ਮੁਤਾਬਿਕ ਜ਼ਹੀਨ ਤੇ ਜ਼ਬਰਦਸਤ ਹਾਂ, ਫਿਰ ਅਸੀਂ ਆਪਣੀਆਂ ਫ਼ੌਜਾਂ ਕਿਉਂ ਮਰਵਾ ਰਹੇ ਹਾਂ।'

ਜਦੋਂ ਇਸ ਖ਼ੂਨੀ ਜੰਗ ਦਾ ਕੋਈ ਸਿੱਟਾ ਨਾ ਨਿਕਲਿਆ ਤਾਂ ਫਿਰ ਸਿਕੰਦਰ ਦਾ ਸੁਲ੍ਹਾ ਵੱਲ ਧਿਆਨ ਗਿਆ। ਇਸ ਸਾਰੀ ਕਹਾਣੀ ਬਾਰੇ ਆਰੀਅਨ ਲਿਖਦਾ ਹੈ ਕਿ ਸਿਕੰਦਰ ਨੇ ਆਪਣਾ ਆਦਮੀ ਸੁਲ੍ਹਾ ਲਈ ਪੋਰਸ ਕੋਲ ਭੇਜਿਆ। ਸੁਨੇਹਾ ਲੈ ਕੇ ਆਉਣ ਵਾਲੇ ਨੂੰ ਪੋਰਸ ਨੇ ਗੁੱਸੇ ਵਿਚ ਤੀਰ ਮਾਰਿਆ ਪਰ ਉਹ ਆਦਮੀ ਬਚ ਗਿਆ। ਪੋਰਸ ਸੁਲ੍ਹਾ ਵਾਲੇ ਪਾਸੇ ਨਹੀਂ ਸੀ, ਬਲਕਿ ਜੰਗ ਲਈ ਬਜ਼ਿੱਦ ਸੀ। ਆਖਰ ਸਿਕੰਦਰ ਨੇ ਇਕ ਐਸੇ ਬੰਦੇ ਦਾ ਪਤਾ ਕਰਾਇਆ ਜਿਹੜਾ ਪੋਰਸ ਦਾ ਬੜਾ ਕਰੀਬੀ ਸੱਜਣ ਸੀ। ਇਸ ਬੰਦੇ ਦਾ ਨਾਂ ਮਿਰੋਜ਼ ਸੀ। ਸਿਕੰਦਰ ਨੇ ਇਸ ਨੂੰ ਸੁਲ੍ਹਾ ਲਈ ਪੋਰਸ ਕੋਲ ਭੇਜਿਆ। ਪੋਰਸ ਦੇ ਇਸ ਬੇਲੀ ਨੇ ਉਸ ਨੂੰ ਸਮਝਾਇਆ। ਆਖਰ ਗੱਲ ਸੁਲ੍ਹਾ-ਸਫਾਈ 'ਤੇ ਮੁੱਕ ਗਈ। ਇਕ ਸਾਂਝੇ ਮੁਕਾਮ 'ਤੇ ਪੋਰਸ ਆਪਣੇ ਬੇਲੀ ਨਾਲ ਸਿਕੰਦਰ ਨੂੰ ਮਿਲਣ ਲਈ ਮੰਨ ਗਿਆ। ਜਦੋਂ ਸਿਕੰਦਰ ਤੇ ਪੋਰਸ ਪਹਿਲੀ ਵਾਰ ਆਹਮੋ-ਸਾਹਮਣੇ ਹੋਏ ਤਾਂ ਸਿਕੰਦਰ ਪੋਰਸ ਨੂੰ ਵੇਖ ਕੇ ਹੈਰਾਨ ਹੋ ਗਿਆ। ਸਿਕੰਦਰ ਦਾ ਕੱਦ 5 ਫੁੱਟ 5 ਇੰਚ ਸੀ ਅਤੇ ਪੋਰਸ ਦਾ 7 ਫੁੱਟ 4 ਇੰਚ। ਪੋਰਸ ਦੀ ਖਾਸੀਅਤ ਤੇ ਕੱਦ ਨੂੰ ਵੇਖ ਕੇ ਸਿਕੰਦਰ ਘਬਰਾ ਗਿਆ ਤੇ ਫੌਰਨ ਗੱਲ ਕਰਨ ਵਿਚ ਪਹਿਲ ਕੀਤੀ ਤੇ ਆਪਣਾ ਹੱਥ ਅੱਗੇ ਵਧਾਇਆ। ਸਿਕੰਦਰ ਆਖਣ ਲੱਗਾ- 'ਮੈਂ ਜੰਗਬੰਦੀ ਚਾਹੁੰਦਾ ਹਾਂ। ਤੁਹਾਡੀਆਂ ਹਰ ਤਰ੍ਹਾਂ ਦੀਆਂ ਸ਼ਰਤਾਂ ਦਾ ਇਹਤਰਾਮ ਵੀ ਕਰਾਂਗਾ। ਅਸੀਂ ਦੋਵੇਂ ਇਕ ਦੂਸਰੇ ਲਈ ਕੀ ਕਰ ਸਕਦੇ ਹਾਂ?'

ਰਾਜਾ ਪੋਰਸ ਬੜੇ ਮਜ਼ਬੂਤ ਇਰਾਦੇ ਅਤੇ ਪੱਕੇ ਕਿਰਦਾਰ ਨਾਲ ਸਿਕੰਦਰ ਵੱਲ ਵੇਖਦਾ ਰਿਹਾ ਤੇ ਆਖਣ ਲੱਗਾ, 'ਉਹ ਸਭ ਕੁਝ ਜੋ ਇਕ ਬਾਦਸ਼ਾਹ ਦੂਜੇ ਬਾਦਸ਼ਾਹ ਲਈ ਕਰ ਸਕਦਾ ਹੈ', ਪਰ ਪੱਛਮੀ ਤੇ ਯੂਰਪੀ ਲਿਖਾਰੀਆਂ ਨੇ ਪੋਰਸ ਬਾਰੇ ਬੜੇ ਗਲਤ ਤੇ ਮਨਘੜਤ ਫਿਕਰੇ ਘੜੇ- 'ਦੱਸ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ' ਜੋ ਗ਼ਲਤ ਹੈ। ਪੋਰਸ ਕੋਈ ਜੰਗੀ ਕੈਦੀ ਨਹੀਂ ਸੀ, ਜਿਹੜਾ ਸਿਕੰਦਰ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ ਸੀ, ਬਲਕਿ ਇਹ ਸੁਲ੍ਹਾ ਬਰਾਬਰੀ ਦੀ ਬੁਨਿਆਦ 'ਤੇ ਹੋਈ ਸੀ। ਇਕ ਸਾਲਸੀ ਕਿਰਦਾਰ ਮੌਜੂਦ ਸੀ, ਬਲਕਿ ਪੋਰਸ ਨੇ ਸਿਕੰਦਰ ਨੂੰ ਨਾ ਤਾਂ ਕੋਈ ਯਕੀਨ-ਦਹਾਨੀ ਅਤੇ ਨਾ ਹੀ ਕੋਈ ਆਜਜ਼ੀ ਵਿਖਾਈ। ਪੋਰਸ ਨੇ ਸਿਕੰਦਰ ਸਾਹਮਣੇ ਪੰਜਾਬ ਦੀ ਗ਼ੈਰਤ ਉਸੇ ਤਰ੍ਹਾਂ ਕਾਇਮ ਰੱਖੀ, ਜਿਵੇਂ ਆਧੁਨਿਕ ਦੌਰ ਵਿਚ ਭਗਤ ਸਿੰਘ ਨੇ ਪੰਜਾਬੀ ਗ਼ੈਰਤ ਨੂੰ ਅੰਗਰੇਜ਼ਾਂ ਸਾਹਮਣੇ ਕਾਇਮ ਰੱਖਿਆ। ਬਰਾਬਰੀ ਦੀ ਬੁਨਿਆਦ 'ਤੇ ਹੋਈ ਸੁਲ੍ਹਾ ਦੇ ਦੋ ਨੁਕਤੇ ਬੜੇ ਸਾਫ ਸਨ :

ਪਹਿਲਾ ਇਹ ਕਿ ਸਿਕੰਦਰ ਨੇ ਰਿਆਸਤ 'ਤੇ ਪੋਰਸ ਦਾ ਹੱਕ ਮੰਨ ਲਿਆ। ਦੂਸਰਾ ਇਹ ਕਿ ਪੋਰਸ ਨੇ ਸਿਕੰਦਰ ਨੂੰ ਆਪਣੀ ਰਿਆਸਤ ਵਿਚੋਂ ਸਹੀ ਸਲਾਮਤ ਨਿਕਲ ਜਾਣ ਦੀ ਯਕੀਨ-ਦਹਾਨੀ ਕਰਵਾਈ।

ਸੁਲ੍ਹਾ ਤੋਂ ਬਾਅਦ ਸਿਕੰਦਰ ਤੇ ਪੋਰਸ ਇਕ ਦੂਜੇ ਦੇ ਬੇਲੀ ਬਣ ਗਏ। ਜੰਗ ਤੋਂ ਬਾਅਦ ਪੋਰਸ ਦੀ ਹਕੂਮਤ ਕਾਇਮ ਰਹੀ। ਸਿਕੰਦਰ ਨੇ ਜੰਗਬੰਦੀ ਤੋਂ ਬਾਅਦ ਪੋਰਸ ਦੀ ਰਿਆਸਤ ਵਿਚ ਇਕ ਮਹੀਨਾ ਗੁਜ਼ਾਰਿਆ। ਪੋਰਸ ਨੇ ਉਸ ਦਾ ਪੂਰਾ ਖਿਆਲ ਰੱਖਿਆ। ਸਿਕੰਦਰ ਜਦੋਂ ਪੋਰਸ ਦੀ ਰਿਆਸਤ ਤੋਂ ਅੱਗੇ ਵਧਣ ਲਈ ਤੁਰ ਪਿਆ ਤਾਂ ਉਸ ਨੇ ਕੁਝ ਹੋਰ ਇਲਾਕੇ ਪੋਰਸ ਨੂੰ ਦੇ ਦਿੱਤੇ ਜਿਹੜੇ ਪੋਰਸ ਦੀ ਰਿਆਸਤ ਦਾ ਹਿੱਸਾ ਨਹੀਂ ਸਨ। ਇਹ ਇਲਾਕੇ ਮਿਲਣ ਨਾਲ ਪੋਰਸ ਦੀ ਰਿਆਸਤ ਹੋਰ ਵੱਡੀ ਤੇ ਮਜ਼ਬੂਤ ਹੋ ਗਈ। ਇਨ੍ਹਾਂ ਇਲਾਕਿਆਂ ਦਾ ਰਕਬਾ ਪੋਰਸ ਦੀ ਆਪਣੀ ਰਿਆਸਤ ਤੋਂ ਵੱਡਾ ਸੀ। ਇਹ ਇਲਾਕਾ ਖਾਹਰੀਆਂ, ਲਾਲਾ ਮੂਸਾ, ਜਲਾਲਪੁਰ, ਮਰਾਲਾ, ਬਿਮਬਰ ਤੇ ਮੁਸਤਮਲ ਸੀ।

ਇਸ ਜੰਗ ਦਾ ਕੀ ਨਤੀਜਾ ਨਿਕਲਿਆ? ਕੌਣ ਜਿੱਤਿਆ ਤੇ ਕੌਣ ਹਾਰਿਆ? ਇਸ ਬਾਰੇ ਪੱਛਮੀ ਅਤੇ ਯੂਰਪੀ ਲੇਖਕਾਂ ਨੇ ਪੋਰਸ ਨੂੰ ਹਾਰੀ ਹੋਈ ਧਿਰ ਵਜੋਂ ਸਾਬਿਤ ਕਰਨ ਲਈ ਟਿੱਲ ਲਾਇਆ। ਇਹ ਲਿਖਾਰੀ ਪੋਰਸ ਦੀ ਹਾਰ ਹੋਈ ਮੰਨ ਕੇ ਉਸ ਨੂੰ ਕੈਦੀ ਬਣਾ ਕੇ ਸਿਕੰਦਰ ਦੇ ਦਰਬਾਰ ਵਿਚ ਪੇਸ਼ ਕਰਦੇ ਹਨ। ਤਾਰੀਖ ਗਵਾਹ ਹੈ ਕਿ ਸਿਕੰਦਰ ਨੇ ਇਸ ਹਮਲੇ ਤੋਂ ਪਹਿਲਾਂ ਜਿੰਨੇ ਇਲਾਕੇ ਫਤਹਿ ਕੀਤੇ, ਉਥੋਂ ਦੇ ਹੁਕਮਰਾਨਾਂ ਨਾਲ ਉਸ ਨੇ ਬੜਾ ਭੈੜਾ ਸਲੂਕ ਕੀਤਾ। ਫਿਰ ਸਵਾਲ ਹੈ ਕਿ ਸਿਕੰਦਰ ਨੇ ਪੋਰਸ ਨਾਲ ਚੰਗਾ ਸਲੂਕ ਕਿਉਂ ਕੀਤਾ? ਇਸ ਦੀ ਵਜ੍ਹਾ ਬਿਲਕੁਲ ਸਾਫ ਹੈ ਕਿ ਪੋਰਸ ਸਿਕੰਦਰ ਤੋਂ ਵੱਧ ਤਾਕਤਵਰ ਸੀ। ਇਹ ਜੰਗ ਬਰਾਬਰੀ ਦੀ ਬੁਨਿਆਦ 'ਤੇ ਬੰਦ ਹੋਈ ਸੀ। ਇਕ ਦੂਜੇ ਦੀ ਚੌਧਰ ਅਤੇ ਹੱਕ ਨੂੰ ਮੰਨਿਆ ਗਿਆ। ਇਹੋ ਵਜ੍ਹਾ ਸੀ ਕਿ ਸਿਕੰਦਰ ਨੇ ਪੋਰਸ ਨੂੰ ਜੰਗ ਤੋਂ ਬਾਅਦ ਉਸ ਦੀ ਹਕੂਮਤ ਦੇ ਨਾਲ-ਨਾਲ ਦੂਸਰਾ ਫਤਹਿ ਕੀਤਾ ਹੋਇਆ ਇਲਾਕਾ ਵੀ ਦੇ ਦਿਤਾ। ਏਸ਼ੀਆਈ, ਇਰਾਨੀ ਤੇ ਅਫਰੀਕੀ ਖੋਜਕਾਰ ਇਸ ਜੰਗ ਦੀ ਅਸਲੀਅਤ ਦਿਖਾਉਂਦੇ ਹਨ। ਉਹ ਮੰਨਦੇ ਹਨ ਕਿ ਇਨ੍ਹਾਂ ਦੋਵਾਂ ਬਹਾਦਰਾਂ ਦਰਮਿਆਨ ਸਮਝੌਤੇ ਦੀ ਤੰਦ ਸਿਰਫ ਤੇ ਸਿਰਫ ਬਰਾਬਰ ਦੀ ਤਾਕਤ ਦੀ ਸੀ।

ਸਿਕੰਦਰ ਪੰਜਾਬ ਸਮੇਤ ਵਾਦੀ-ਏ-ਸਿੰਧ ਵਿਚ ਦੋ ਵਰ੍ਹੇ ਯਾਨੀ 326 ਈਸਾ ਪੂਰਬ ਤੋਂ 324 ਈਸਾ ਪੂਰਬ ਤਕ ਰਿਹਾ। ਇਸ ਸਮੇਂ ਦੌਰਾਨ ਘੱਟ ਤੋਂ ਘੱਟ 12 ਜੰਗਾਂ ਹੋਈਆਂ। ਨਿੱਕੀਆਂ ਝੜਪਾਂ ਦਾ ਕੋਈ ਹਿਸਾਬ ਨਹੀਂ। ਇਥੇ ਹੀ ਇਕ ਝੜਪ ਸ਼ਾਹਕੋਟ ਜ਼ਿਲ੍ਹਾ ਨਨਕਾਣਾ ਸਾਹਿਬ (ਪੁਰਾਣਾ ਜ਼ਿਲ੍ਹਾ ਸ਼ੇਖਪੁਰਾ) ਦੇ ਬਹਾਦਰ ਜਵਾਨ ਵੀਰੂ ਰਸਲ ਨਾਲ ਹੋਈ। ਵੀਰੂ ਰਸਲ ਰਾਜਪੂਤ ਸੀ। ਵੀਰੂ ਰਸਲ ਨਾਲ ਸਿਕੰਦਰ ਦੀ ਬੜੀ ਵੱਡੀ ਝੜਪ ਹੋਈ। ਇਸ ਝੜਪ ਵਿਚ ਵੀ ਸਿਕੰਦਰ ਨੂੰ ਬੜਾ ਫਿਕਰਮੰਦ ਹੋਣਾ ਪਿਆ, ਕਿਉਂਕਿ ਇਸ ਜਵਾਨ ਨੇ ਸਿਕੰਦਰ ਦਾ ਰਸਤਾ ਰੋਕਣ ਦੀ ਪੱਕੀ ਨੀਤੀ ਧਾਰੀ ਹੋਈ ਸੀ। ਵੀਰੂ ਰਸਲ ਨੇ ਖਤ ਤੀਰ ਵਿਚ ਪਰੋ ਕੇ ਇਕ ਖਾਸ ਮੁਕਾਮ ਤੋਂ ਸਿਕੰਦਰ ਦੇ ਖੇਮੇ ਵਿਚ ਮਾਰਿਆ। ਵੀਰੂ ਰਸਲ ਮਾਹਿਰ ਨਿਸ਼ਾਨੇਬਾਜ਼ ਸੀ। ਉਸ ਖਤ ਵਿਚ ਲਿਖਿਆ ਸੀ- 'ਮੰਨਿਆ ਤੂੰ ਸਿਕੰਦਰ ਹੈਂ ਤੇ ਤੂੰ ਦੁਨੀਆ ਫਤਹਿ ਕਰਨ ਲਈ ਨਿਕਲਿਆ ਹੈਂ, ਪਰ ਅੱਗੇ ਥੋੜ੍ਹਾ ਜਿਹਾ ਸੋਚ ਕੇ ਚੱਲੀਂ, ਇਹ ਪੰਜਾਬ ਦੇ ਪੁੱਤਰ ਵੀਰੂ ਰਸਲ ਦਾ ਇਲਾਕਾ ਹੈ ਤੇ ਪਿੰਡ ਮੇਰਾ ਸ਼ਾਹਕੋਟ ਹੈ। ਦਰਿਆ ਰਾਵੀ ਇਸ ਪਿੰਡ ਦੇ ਬਿਲਕੁਲ ਨਾਲ ਖਹਿ ਕੇ ਲੰਘਦਾ ਸੀ। ਦਰੱਖਤਾਂ ਦੇ ਝੁੰਡ ਇਸ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਗਾਉਂਦੇ ਸਨ। ਸੁਬਹ ਸਵੇਰੇ ਜਦੋਂ ਸੂਰਜ ਦੀਆਂ ਕਿਰਨਾਂ ਇਨ੍ਹਾਂ ਦਰਖਤਾਂ ਵਿਚੋਂ ਲੰਘ ਕੇ ਦਰਿਆ ਦੇ ਪਾਣੀ 'ਤੇ ਪੈਂਦੀਆਂ ਸਨ ਤਾਂ ਅਜੀਬ ਨਜ਼ਾਰਾ ਬਣਦਾ ਸੀ।' ਇਹ ਵੀਰੂ ਰਸਲ ਦੀ ਛੋਟੀ ਜਿਹੀ ਰਿਆਸਤ ਸੀ। ਇਥੇ ਹੀ ਉਸ ਦੀ ਸਿਕੰਦਰ ਨਾਲ ਵੱਡੀ ਝੜਪ ਹੋਈ। ਘਮਸਾਣ ਦੀ ਜੰਗ ਹੋਈ। ਇਸ ਵਿਚ ਵੀ ਸਿਕੰਦਰ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਤਾਰੀਖ ਮੁਤਾਬਕ ਵੀਰੂ ਰਸਲ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ ਕਿ ਇਹ ਬੰਦਾ ਮਰ ਗਿਆ ਸੀ, ਜਾਂ ਨੱਸ ਗਿਆ, ਜਾਂ ਕੈਦੀ ਬਣਾ ਲਿਆ ਗਿਆ; ਪਰ ਯਕੀਨਨ ਇਹ ਲੜਦਾ-ਲੜਦਾ ਸ਼ਹੀਦ ਹੋ ਗਿਆ ਹੋਵੇਗਾ।

ਇਥੇ ਹੀ ਫਿਰ ਸਿਕੰਦਰ ਨੇ ਕਿਹਾ ਸੀ ਕਿ ਮੈਂ ਪੰਜਾਬ ਦੀ ਧਰਤੀ ਉਤੇ ਜਗ੍ਹਾ ਜਗ੍ਹਾ 'ਤੇ

**ਬਾਕੀ ਸਫ਼ਾ 32 'ਤੇ**

# ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਅਪੀਲ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ, ਜੋ ਆਉਣ ਵਾਲੇ ਦਿਨਾਂ ਵਿਚ ਹੋਣ ਜਾ ਰਹੀਆਂ ਹਨ, ਉਸ ਲਈ ਆਪ ਜੀ ਦੀ ਵੋਟ ਬਣਨੀ ਅਤੇ ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਅਗਰ ਆਪ ਜੀ ਦੇ ਪਰਿਵਾਰ ਵਿਚ ਕਿਸੇ ਮੈਂਬਰ ਦੀ ਹਾਲੇ ਤੱਕ ਵੋਟ ਨਹੀਂ ਬਣੀ, ਤਾਂ ਜ਼ਰੂਰ ਬਣਾਉ ਜੀ। ਜੇਕਰ ਆਪ ਜੀ ਦੇ ਪਰਿਵਾਰ ਦਾ ਮੈਂਬਰ, ਰਿਸ਼ਤੇਦਾਰ, ਦੋਸਤ-ਮਿੱਤਰ ਜਾਂ ਕੋਈ ਹੋਰ ਸਾਕ-ਸੰਬੰਧੀ, ਸੈਂਟਾ ਕਲਾਰਾ, ਸੈਨ ਮੈਟੀਉ, ਸੈਂਟਾ ਕਰੂਜ਼, ਮੋਨਟਰੇਅ, ਸੈਨ ਬਨੀਤੋ ਅਤੇ ਕਾਂਟਰਾ ਕੋਸਟਾ ਕਾਊਂਟੀਆਂ ਵਿਚ ਰਹਿੰਦਾ ਹੈ, ਤਾਂ ਉਸ ਦੀ ਵੋਟ ਵੀ ਜ਼ਰੂਰ ਬਣਾਉ ਜੀ। ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗੇ ਜੀ।



ਡਾ. ਤਰਲੋਚਨ ਸਿੰਘ ਨਾਹਲ | ਬਲਬੀਰ ਸਿੰਘ ਢਿੱਲੋਂ | ਜਸਪਾਲ ਸੈਣੀ | ਭੁਪਿੰਦਰ ਸਿੰਘ ਚੀਮਾ | ਬਲਵਿੰਦਰ ਸਿੰਘ ਲੰਗੜੋਆ | ਹਰਪ੍ਰੀਤ ਸਿੰਘ | ਹਰਪ੍ਰੀਤ ਸਿੰਘ ਗਿੱਲ | ਓਂਕਾਰ ਸਿੰਘ ਨਾਹਲ | ਭਾਈ ਗੁਰਮੇਲ ਸਿੰਘ ਖਾਲਸ | ਨੀਟੂ ਸਿੰਘ ਕਾਹਲੋਂ | ਹਰਬਖਸ਼ ਸਿੰਘ ਰਾਉਕੇ



ਸਰਬਜੋਤ ਸਿੰਘ ਸਵੱਦੀ | ਉਪਿੰਦਰ ਸਿੰਘ | ਪ੍ਰੀਤ ਸਿੰਘ ਰੰਧਾਵਾ | ਜਗਜੀਤ ਸਿੰਘ ਮੰਡ | ਬਲਕਾਰ ਸਿੰਘ | ਵਿਕਰਮ ਸਿੰਘ | ਕਸ਼ਮੀਰ ਸਿੰਘ ਸੀਵੀਆ | ਸੁਖਵਿੰਦਰ ਸਿੰਘ ਮਾਨ | ਇੰਦਰਜੀਤ ਸਿੰਘ ਬਿਦ | ਜਰਨੈਲ ਸਿੰਘ ਰਾਜਾ | ਮਨਪ੍ਰੀਤ ਸਿੰਘ ਬਦੇਸ਼ਾ



ਸੁਰਿੰਦਰ ਸਿੰਘ ਮਾਹਲ | ਹਰਦੁੰਮਣ ਸਿੰਘ ਬਿੱਲਾ ਸੰਘੇੜਾ | ਸੁਖਵਿੰਦਰ ਸਿੰਘ ਗਰੇਵਾਲ | ਇਕਬਾਲ ਸਿੰਘ ਮਾਨ | ਮਹਿੰਦਰ ਸਿੰਘ ਮਾਨ | ਤਰਸੇਮ ਸਿੰਘ ਅਟਵਾਲ | ਪ੍ਰਿਤਪਾਲ ਸਿੰਘ ਗਿਰਨ | ਬੱਗਾ ਸਿੰਘ ਰੰਧਾਵਾ | ਅਵਤਾਰ ਸਿੰਘ ਖੇਲਾ | ਜਗਜੀਤ ਸਿੰਘ ਕੰਗ | ਗੁਰਿੰਦਰ ਸਿੰਘ ਢਿੱਲੋਂ



ਜੋਗਿੰਦਰ ਸਿੰਘ ਮਾਨ | ਰਣਜੀਤ ਸਿੰਘ ਅਖਾੜਾ | ਜਸਵੰਤ ਸਿੰਘ ਹੋਠੀ | ਜਰਨੈਲ ਸਿੰਘ ਰਾਏ | ਸ਼ਿਵਰਾਜ ਸਿੰਘ ਸੰਧੂ | ਸਤਪਾਲ ਸਿੰਘ ਸਿੱਧੂ | ਗੁਰਦੇਵ ਸਿੰਘ ਕਲਸੀ | ਹਰਪਾਲ ਸਿੰਘ ਚਾਹਲ | ਗੁਰਦੇਵ ਸਿੰਘ ਬੰਗਾ | ਕਮਲਜੀਤ ਸਿੰਘ ਚੀਮਾ | ਹਰਕੇਵਲ ਸਿੰਘ ਸੰਧੂ



ਸੰਦੀਪ ਸਿੰਘ ਸੰਧੂ | ਜੰਗ ਸਿੰਘ ਬਦੇਸ਼ਾ | ਪਰਮਜੀਤ ਸਿੰਘ ਗਿਰਨ | ਜੈਸੀ ਸਿੰਘ | ਅਵਤਾਰ ਸਿੰਘ ਗਿਰਨ | ਸੁਖਦੀਪ ਸਿੰਘ ਵੜੈਚ | ਹਰਦਿਆਲ ਸਿੰਘ ਗਰੇਵਾਲ | ਭੁਪਿੰਦਰ ਸਿੰਘ ਗਿੱਲ | ਅਮਰਜੀਤ ਸਿੰਘ ਦਿਓਲ | ਹਰਜਿੰਦਰ ਸਿੰਘ ਸੈਣੀ | ਬਘੇਲ ਸਿੰਘ ਜੱਸਵਾਲ | ਕੈਪਟਨ ਦਰਸ਼ਨ ਸਿੰਘ



ਗੁਰਮੀਤ ਸਿੰਘ ਸੈਣੀ | ਗੁਰਸੇਵਕ ਸਿੰਘ ਭੰਗੂ | ਗੁਰਜੀਤ ਸਿੰਘ ਗਿੱਲ | ਗੁਰਮੀਤ ਸਿੰਘ ਸਿੱਧੂ | ਜੇ.ਪੀ. ਸਿੰਘ | ਬਲਜੀਤ ਸਿੰਘ | ਰਣਜੀਤ ਸਿੰਘ ਨਾਗਰਾ | ਸੰਦੀਪ ਸਿੰਘ ਸੰਧੂ | ਇੰਦਰਜੀਤ ਸਿੰਘ | ਪਰਮਿੰਦਰ ਸਿੰਘ ਸਹੋਤਾ | ਰਵਿੰਦਰ ਸਿੰਘ ਮਿਨਹਾਸ | ਸੁਖਵਿੰਦਰ ਸਿੰਘ ਸੰਧੂ

Designed By Punjab Mail USA

ਵੱਲੋਂ

## ਸਾਧ ਸੰਗਤ ਸਲੇਟ

408-449-1639

# ਅਕਾਲ ਤਖ਼ਤ ਵੱਲੋਂ ਗ਼ਦਰੀ ਬਾਬਿਆਂ ਵਿਰੁੱਧ 'ਹੁਕਮਨਾਮੇ' ਦਾ ਕੱਚ-ਸੱਚ

**ਅਜਮੇਰ ਸਿੰਘ**



ਖੱਬੇ ਪੱਖੀ ਵਿਚਾਰਧਾਰਾ ਦੇ ਮੁਰੀਦਾਂ ਵੱਲੋਂ ਇਹ ਗੱਲ ਵਿਆਪਕ ਪੈਮਾਨੇ 'ਤੇ ਪਰਚਾਰੀ ਤੇ ਉਛਾਲੀ ਗਈ ਹੈ ਕਿ ਅਕਾਲ ਤਖ਼ਤ ਵੱਲੋਂ ਸਿੱਖ ਗ਼ਦਰੀਆਂ ਖ਼ਿਲਾਫ਼ 'ਹੁਕਮਨਾਮਾ' ਜਾਰੀ ਕਰਕੇ, ਉਨ੍ਹਾਂ ਨੂੰ 'ਅਸਿੱਖ' ਕਰਾਰ ਦਿੱਤਾ ਗਿਆ ਸੀ। ਇਸ ਤੱਥ ਦੀ ਓਟ ਲੈ ਕੇ ਨਾ ਕੇਵਲ ਸਿੱਖ ਸੰਸਥਾਵਾਂ ਨੂੰ ਬਦਨਾਮ ਕਰਨ, ਸਗੋਂ ਇਸ ਦੀ ਆੜ ਹੇਠ ਆਮ ਰੂਪ ਵਿਚ ਹੀ ਸਿੱਖ ਧਰਮ ਵਿਰੁੱਧ ਮਨੋਭਾਵ ਪੈਦਾ ਕਰਨ ਦੇ ਯਤਨ ਕੀਤੇ ਗਏ ਤੇ ਕੀਤੇ ਜਾ ਰਹੇ ਹਨ।

**ਪਰ ਸੱਚ ਕੀ ਹੈ ?-**

ਕਾਮਾਗਾਟਾ ਮਾਰੂ (ਗੁਰੂ ਨਾਨਕ ਜਹਾਜ਼) 26 ਸਤੰਬਰ 1914 ਨੂੰ ਕਲਕੱਤੇ ਬਜਬਜ ਘਾਟ 'ਤੇ ਪੁੱਜਾ ਸੀ। 29 ਸਤੰਬਰ ਨੂੰ ਅੰਗਰੇਜ਼ ਹਕੂਮਤ ਦੀ ਪੁਲੀਸ ਨੇ ਇਸ ਦੇ ਮੁਸਾਫ਼ਰਾਂ ਉੱਤੇ ਅੰਨ੍ਹੇਵਾਹ ਗੋਲੀਬਾਰੀ ਕਰ ਦਿੱਤੀ ਜਿਸ ਨਾਲ 20 ਮੁਸਾਫ਼ਰਾਂ ਦੀ ਮੌਤ ਹੋ ਗਈ ਤੇ ਇਸ ਤੋਂ ਵੱਧ ਜ਼ਖ਼ਮੀ ਹੋ ਗਏ ਸਨ। ਇਸ ਖ਼ੂਨੀ ਸਾਕੇ ਵਿਰੁੱਧ ਦੇਸ਼ ਦੇ ਲੋਕਾਂ, ਖ਼ਾਸ ਕਰਕੇ ਸਿੱਖ ਭਾਈਚਾਰੇ ਅੰਦਰ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਰੋਸ ਤੇ ਗੁੱਸੇ ਦੀ ਜ਼ਬਰਦਸਤ ਲਹਿਰ ਪੈਦਾ ਹੋ ਗਈ ਸੀ। ਇਸ ਹਾਲਤ ਤੋਂ ਘਬਰਾ ਕੇ ਅੰਗਰੇਜ਼ ਹਾਕਮਾਂ ਨੇ ਸਿੱਖ ਸਮਾਜ ਅੰਦਰਲੇ ਆਪਣੇ ਵਫ਼ਾਦਾਰ ਵਰਗ ਦੀਆਂ ਸੇਵਾਵਾਂ ਲੈਣ ਦਾ ਪੈਂਤੜਾ ਧਾਰਨ ਕੀਤਾ। ਉਸ ਵੇਲੇ ਅਰੂੜ ਸਿੰਘ ਦਰਬਾਰ ਸਾਹਿਬ ਦਾ ਸਰਕਾਰ ਵੱਲੋਂ ਥਾਪਿਆ ਸਰਬਰਾਹ (ਮੈਨੇਜਰ) ਸੀ ਅਤੇ ਸਰਦਾਰ ਸੁੰਦਰ ਸਿੰਘ ਮਜੀਠੀਆ ਚੀਫ਼ ਖ਼ਾਲਸਾ ਦੀਵਾਨ ਦਾ ਕਰਤਾ- ਧਰਤਾ ਸੀ। 6 ਅਕਤੂਬਰ ਨੂੰ ਕੁਝ ਪੰਜਾਬੀ ਅਖ਼ਬਾਰਾਂ ਵਿੱਚ ਅਰੂੜ ਸਿੰਘ ਵੱਲੋਂ ਅਕਾਲ ਬੁੰਗੇ ਦੇ ਸਾਹਮਣੇ ਗਿਆਨੀ ਗੁਰਬਖ਼ਸ਼ ਸਿੰਘ ਦੀ ਸਕੱਤਰੀ ਹੇਠ ਇਕ ਜਲਸਾ ਕੀਤੇ ਜਾਣ ਦੀ ਖ਼ਬਰ ਛਪੀ ਸੀ, ਜਿਸ ਵਿਚ ਇਹ ਕਿਹਾ ਗਿਆ ਸੀ ਕਿ ਜਲਸੇ ਨੇ ਕਾਮਾਗਾਟੂ ਮਾਰੂ ਜਹਾਜ਼ ਦੇ ਮੁਸਾਫ਼ਰਾਂ ਵਿਰੁੱਧ ਪਾਸ ਕੀਤੇ ਇਕ ਮਤੇ ਰਾਹੀਂ ਉਨ੍ਹਾਂ ਨੂੰ 'ਅਸਿੱਖ' ਕਹਿ ਕੇ ਪੰਥ ਵਿਚੋਂ ਖ਼ਾਰਜ ਕਰ ਦਿੱਤਾ ਹੈ। ਦੇਸ਼ ਅਖ਼ਬਾਰ ਵਿਚ ਛਪੀ ਖ਼ਬਰ ਵਿਚ ਇਹ ਦਾਅਵਾ ਕੀਤਾ ਗਿਆ ਸੀ ਕਿ ਸਰਦਾਰ ਸੁੰਦਰ ਸਿੰਘ ਮਜੀਠੀਏ ਦੇ ਪੁੱਤਰ ਨੇ ਜਲਸੇ ਅੰਦਰ ਇਸ ਮਤੇ ਦੀ ਪ੍ਰੋੜ੍ਹਤਾ ਕੀਤੀ। ਇਸ ਖ਼ਬਰ ਦੇ ਛਪਣ ਤੋਂ ਤੀਸਰੇ ਦਿਨ 8 ਅਕਤੂਬਰ ਨੂੰ ਮਜੀਠੀਆ ਪਰਿਵਾਰ ਨੇ ਖਾਲਸਾ ਸਮਾਚਾਰ ਅਖ਼ਬਾਰ ਰਾਹੀਂ ਇਸ ਖ਼ਬਰ ਦੀ ਤਰਦੀਦ ਕਰਕੇ ਸਪਸ਼ਟ ਕਰ ਦਿੱਤਾ ਕਿ ਸੁੰਦਰ ਸਿੰਘ ਮਜੀਠੀਆ ਦਾ ਪੁੱਤਰ ਤਾਂ ਉਸ ਦਿਨ ਅੰਮ੍ਰਿਤਸਰ ਹਾਜ਼ਰ ਹੀ ਨਹੀਂ ਸੀ। ਅਕਾਲ ਬੁੰਗੇ ਸਾਹਮਣੇ ਹੋਏ ਦੱਸੇ ਜਾਂਦੇ ਜਲਸੇ ਵਿਚ ਥੋੜ੍ਹੀ ਜਿਹੀ ਗਿਣਤੀ ਵਿਚ ਸਰਕਾਰ ਪੱਖੀ ਸਿੱਖ ਹੀ ਸ਼ਾਮਲ ਹੋਏ ਸਨ। ਇਸ ਕਰਕੇ ਇਸ ਵਿਚ ਪਾਸ ਕੀਤੇ ਮਤੇ ਨੂੰ ਥੋੜ੍ਹੇ ਜਿਹੇ ਸਰਕਾਰ-ਭਗਤ ਵਿਅਕਤੀਆਂ ਵੱਲੋਂ ਆਪਹੁਦਰੇ ਢੰਗ ਨਾਲ ਜਾਰੀ ਕੀਤਾ ਗਿਆ ਫ਼ਤਵਾ ਤਾਂ ਕਿਹਾ ਜਾ ਸਕਦਾ ਹੈ ਪਰ ਇਸ ਨੂੰ ਹੁਕਮਨਾਮਾ ਕਹਿਣਾ ਉੱਕਾ ਹੀ ਉਚਿਤ ਨਹੀਂ। ਕਿਉਂਕਿ ਹੁਕਮਨਾਮਾ ਜਾਰੀ ਕਰਨ ਦਾ ਪੰਥ ਵੱਲੋਂ ਇਕ ਬਕਾਇਦਾ ਅਮਲ ਤਰੀਕਾ ਤੈਅ ਕੀਤਾ ਗਿਆ ਹੈ। ਇੱਥੇ ਇਹ ਗੱਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਬਜਬਜ ਘਾਟ ਦੇ ਮੁਸਾਫ਼ਰਾਂ ਵਿਰੁੱਧ ਜਾਰੀ ਕੀਤੇ ਇਸ ਫ਼ਤਵੇ ਨੂੰ ਖੱਬੇ ਪੱਖੀ ਧਰਮ-ਨਿੰਦਕਾਂ ਨੇ ਆਪਣੇ ਵੱਲੋਂ ਹੀ ਸਾਰੀ ਗ਼ਦਰ ਲਹਿਰ ਨਾਲ ਜੋੜ ਦਿੱਤਾ, ਹਾਲਾਂਕਿ ਇਸ ਫਤਵੇ ਵਿਚ ਗ਼ਦਰ ਪਾਰਟੀ ਜਾਂ ਲਹਿਰ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਗੁਰਚਰਨ ਸਿੰਘ ਸੈਂਸਰਾ ਨੇ ਗ਼ਦਰ ਲਹਿਰ ਦਾ ਜੋ ਇਤਿਹਾਸ ਲਿਖਿਆ ਹੈ, ਉਸ ਵਿਚ ਉਸ ਨੇ ਕਿਹਾ ਹੈ ਕਿ ਕਲਕੱਤੇ ਹੈਰੀਸਨ ਗੁਰਦੁਆਰੇ ਵਿਚ ਹੋਏ ਸਿੱਖ ਦੀਵਾਨ ਨੇ ਕਾਮਾਗਾਟੂਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ 'ਫ਼ਸਾਦੀ' ਕਹਿ ਕੇ ਉਨ੍ਹਾਂ ਦੀ ਨਿੰਦਿਆ ਕੀਤੀ। ਉਸ ਨੇ ਇਸ ਦੀਵਾਨ ਦੇ ਮੋਢੀ ਜਿਨ੍ਹਾਂ ਵਿਅਕਤੀਆਂ/ਪ੍ਰਬੰਧਕਾਂ ਦੇ ਨਾਂ ਗਿਣਾਏ ਹਨ ਉਨ੍ਹਾਂ ਵਿੱਚੋਂ (ਸੁੰਦਰ ਲਾਲ ਮਿਸਰ ਤੇ ਪੰਡਤ ਅਮਰਨਾਥ ਸ਼ਰਮਾ) ਤੇ ਦੋ ਸਰਕਾਰ-ਭਗਤ ਸਿੱਖ ਸਨ। ਇਸ ਕਰਕੇ ਥੋੜ੍ਹੇ ਜਿਹੇ ਸਰਕਾਰੀ ਝੋਲੀ ਚੁੱਕਾਂ ਦੀ ਇਸ ਕਾਰਵਾਈ ਨੂੰ ਸਿੱਖ ਸੰਗਤ ਜਾਂ ਦੀਵਾਨ ਦਾ ਫੈਸਲਾ ਕਹਿਣਾ ਕਿਸੇ ਵੀ ਪੱਖੋਂ ਉਚਿਤ ਨਹੀਂ ਹੈ।

ਪਰ ਇਸ ਤਕਨੀਕੀ ਨੁਕਤੇ ਤੋਂ ਇਲਾਵਾ ਇਸ ਮਾਮਲੇ ਦਾ ਸਮਾਜੀ ਤੇ ਰਾਜਸੀ ਪਹਿਲੂ ਜ਼ਿਆਦਾ ਮਹੱਤਵਪੂਰਨ ਹੈ। ਜਿਸ ਵਿਅਕਤੀ ਨੂੰ 'ਅਸਿੱਖ'ਕਹਿ ਕੇ ਸਿੱਖ ਪੰਥ ਵਿੱਚੋਂ ਖ਼ਾਰਜ ਕਰ ਦਿੱਤਾ ਜਾਂਦਾ ਹੈ, ਕਿਸੇ ਸਿੱਖ ਵਿਅਕਤੀ ਤੇ ਸੰਸਥਾ ਵੱਲੋਂ ਉਸ ਨਾਲ ਕਿਸੇ ਪ੍ਰਕਾਰ ਦਾ ਮੇਲ-ਜੋਲ ਰੱਖਣਾ ਹੁਕਮਨਾਮੇ ਦੀ ਅਵੱਗਿਆ ਗਿਣੀ ਜਾਂਦੀ ਹੈ ਅਤੇ ਇਸ ਦੋਸ਼ ਦੀ ਸਜ਼ਾ ਤੈਅ ਕੀਤੀ ਜਾਂਦੀ ਹੈ। ਆਓ ਦੇਖੀਏ ਸਿੱਖ ਪੰਥ ਨੇ ਤੇ ਜਿਨ੍ਹਾਂ ਵਿਰੁੱਧ ਇਹ ਫ਼ਤਵਾ ਜਾਰੀ ਹੋਇਆ, ਉਨ੍ਹਾਂ ਲੋਕਾਂ ਨੇ ਇਸ ਬਾਰੇ ਕਿਹੋ ਜਿਹਾ ਪ੍ਰਤਿਕਰਮ ਪ੍ਰਗਟਾਇਆ ਸੀ ?



**ਬਾਬਾ ਗੁਰਦਿੱਤ ਸਿੰਘ :** ਬਾਬਾ ਜੀ ਜਦੋਂ ਜੇਲ੍ਹ ਤੋਂ ਰਿਹਾ ਹੋ ਕੇ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਜਾ ਰਹੇ ਸਨ ਤਾਂ ਅੰਮ੍ਰਿਤਸਰ ਦੇ ਲੋਕਾਂ ਨੇ ਉਨ੍ਹਾਂ ਦੇ ਸਨਮਾਨ ਵਿਚ ਰਸਤੇ ਵਿੱਚ ਥਾਂ ਥਾਂ ਸਜੀਲੇ ਗੇਟ ਬਣਾਏ ਹੋਏ ਸਨ ਅਤੇ ਮਕਾਨਾਂ ਤੇ ਦੁਕਾਨਾਂ ਨੂੰ ਵੀ ਕੀਮਤੀ ਸਾਮਾਨ ਨਾਲ ਸਜਾਇਆ ਗਿਆ ਸੀ। ਸਾਰੇ ਰਸਤੇ ਵਿੱਚ ਫੁੱਲਾਂ ਦੀ ਛਹਿਬਰ ਲਾਈ ਹੋਈ ਸੀ ਅਤੇ ਅਤਰ ਛਿੜਕਿਆ ਗਿਆ ਸੀ। ਲੋਕਾਂ ਦੇ ਇਸ ਉਤਸ਼ਾਹ ਨੂੰ ਦੇਖ ਕੇ ਅੰਗਰੇਜ਼ ਸਰਕਾਰ ਨੇ ਬਾਬਾ ਜੀ ਨੂੰ ਰਾਹ ਵਿਚ ਹੀ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਦਰਬਾਰ ਸਾਹਿਬ ਜਾਣ ਤੋਂ ਰੋਕ ਦਿੱਤਾ ਸੀ। ਇਸ ਬਾਰੇ ਬਾਬਾ ਗੁਰਦਿੱਤ ਸਿੰਘ ਨੇ ਆਪਣੇ ਦਿਲੀ ਜਜ਼ਬਾਤ ਇਨ੍ਹਾਂ ਲਫ਼ਜ਼ਾਂ ਵਿੱਚ ਪ੍ਰਗਟ ਕੀਤੇ ਸਨ : "ਸਰਕਾਰ ਨੇ ਮੇਰਾ ਮਾਲੀ ਨੁਕਸਾਨ ਕਰਕੇ ਹੀ ਬਸ ਨਹੀਂ ਕਰ ਦਿੱਤੀ, ਸਗੋਂ ਮੇਰੇ ਧਰਮ ਅਤੇ ਜਜ਼ਬਾਤ ਨੂੰ ਉਹ ਸੱਟ ਮਾਰੀ ਹੈ ਜੋ ਲਿਖਣੀ ਅਸੰਭਵ ਹੈ। ਸਰਕਾਰ ਨੇ ਦੁਨੀਆ ਵਿਚ ਮੈਨੂੰ ਠੱਗ ਅਤੇ ਬਾਗ਼ੀ ਦੰਗਾਕਾਰੀ ਬਣਾ ਕੇ ਬਦਨਾਮ ਕਰਨ ਦੀ ਨਿਸਫ਼ਲ ਕੋਸ਼ਿਸ਼ ਕਰਕੇ ਵੀ ਸਬਰ ਨਹੀਂ ਕੀਤਾ, ਸਗੋਂ ਮੇਰੇ ਨਾਮ ਧਰੀਕ ਧਰਮ-ਵੇਚੂ ਸਿੱਖਾਂ ਪਾਸੋਂ ਫ਼ਤਵਾ ਦਿਲਾਇਆ ਕਿ ਸ੍ਰੀ ਗੁਰੂ ਨਾਨਕ ਜਹਾਜ਼ ਵਾਲੇ ਮੁਸਾਫ਼ਰ ਸਿੱਖ ਨਹੀਂ ਹਨ,ਹੁਣ ਮੈਂ ਸ੍ਰੀ ਦਰਬਾਰ ਸਾਹਿਬ ਜਾ ਕੇ ਸਿੱਖ ਧਰਮ ਅਨੁਸਾਰ ਰਸਮ ਰਿਵਾਜ਼ ਕਰ ਨਹੀਂ ਸਕਦਾ ਜੋ ਪ੍ਰਦੇਸ ਤੋਂ ਆਏ ਹੋ ਕੇ (ਸਿੱਖ) ਕਰਵਾਉਂਦੇ ਹਨ। ਮੈਨੂੰ ਸ਼ਾਇਦ ਇਸ ਲਈ ਗ੍ਰਿਫ਼ਤਾਰ ਕਰ ਲਿਆ ਗਿਆ ਕਿ ਮੈਨੂੰ ਪਿਛਲੀ ਗੱਲ ਛੇੜਨ ਦਾ ਮੌਕਾ ਨਾ ਮਿਲੇ ਜਿਸ ਦੀ ਜ਼ਿੰਮੇਵਾਰ ਸਰਕਾਰ ਹੈ ਜਿਸ ਨੇ ਮਹਾਰਾਜਾ ਪਟਿਆਲਾ, ਰੂੜ ਸਿੰਘ ਸਰਬਰਾਹ ਦਰਬਾਰ ਸਾਹਿਬ ਅਤੇ ਹੋਰ ਖ਼ੁਸ਼ਾਮਦੀ ਸਿੱਖਾਂ ਪਾਸੋਂ ਮੇਰੇ ਅਤੇ ਸਾਥੀਆਂ ਦੇ ਧਰਮ 'ਤੇ ਬੇਹੁਦਾ ਹਮਲਾ ਕਰਵਾਇਆ ਤੇ ਸਰਕਾਰ ਨੂੰ ਸ਼ੱਕ ਸੀ ਕਿ ਮੈਂ ਸਰਕਾਰ ਪਾਸੋਂ ਇਸ ਦਾ ਜੁਆਬ ਪੁੱਛਾਂਗਾ ਕਿ ਸਾਡੇ ਵਿਚ ਕਿਹੜੀ ਘਾਟ (ਗ਼ੁਨਾਹ) ਹੈ ਜਿਸ ਕਰਕੇ ਸਰਕਾਰ ਨੇ ਸਾਨੂੰ ਸਿੱਖੀ ਤੋਂ ਖ਼ਾਰਜ ਕਰਵਾਇਆ। ਸਿੱਖ ਨੂੰ ਅਸਿੱਖ ਆਖਣਾ ਉਸ ਦੇ ਸਿਰ ਕੱਟ ਲੈਣ ਨਾਲੋਂ ਜ਼ਿਆਦਾ ਬੁਰਾ ਹੈ, ਪੰਜ ਪਿਆਰਿਆਂ ਨੇ ਸਿੱਖ ਬਣਨ ਲਈ ਸੀਸ ਭੇਟ ਕੀਤੇ ਸਨ। ਹਜ਼ਾਰਾਂ ਮਿਸਾਲਾਂ ਅਜਿਹੀਆਂ ਮਿਲਦੀਆਂ ਹਨ ਜੋ ਸਿੱਖਾਂ ਨੇ ਅਸਿੱਖ ਬਣਨ ਨਾਲੋਂ ਮਰਨਾ ਪਸੰਦ ਕੀਤਾ।" (ਜ਼ੁਲਮੀ ਕਥਾ, ਸਫ਼ੇ 63-64)।

**ਬਾਬਾ ਸੋਹਣ ਸਿੰਘ ਭਕਨਾ :** ਪ੍ਰੋ. ਪ੍ਰੇਮ ਸਿੰਘ ਬਜਾਜ ਨਾਲ ਗੱਲਬਾਤ ਕਰਦਿਆਂ ਬਾਬਾ ਭਕਨਾ ਨੇ ਜਦੋਂ ਜੇਲ੍ਹਾਂ ਅੰਦਰ ਉਨ੍ਹਾਂ ਵੱਲੋਂ ਸਿੱਖ ਮਰਿਆਦਾ ਦੀ ਰੱਖਿਆ ਲਈ ਝੱਲੇ ਕਸ਼ਟਾਂ ਦੀ ਵਿਥਿਆ ਸੁਣਾਈ, ਤਾਂ ਪ੍ਰੋ. ਬਜਾਜ ਨੇ ਇਕਦਮ ਅੱਗੋਂ ਸੁਆਲ ਕੀਤਾ ਕਿ 'ਤੁਸੀਂ ਤਾਂ ਸਿੱਖੀ ਦੀ ਖਾਤਰ ਲੜਦੇ ਰਹੇ ਪਰ ਕੀ ਉਨ੍ਹਾਂ ਦਿਨਾਂ (1915) ਵਿੱਚ ਗ਼ਦਰੀਆਂ ਨੂੰ ਅਕਾਲ ਤਖ਼ਤ ਤੋਂ ਸਿੱਖ ਨਾ ਹੋਣ ਦਾ ਫ਼ਤਵਾ ਨਹੀਂ ਸੀ ਮਿਲਿਆ?' ਬਾਬਾ ਜੀ ਦਾ ਸ਼ਾਂਤ ਪਰ ਦ੍ਰਿੜ੍ਹ ਜੁਆਬ ਸੀ, "ਜਿੱਥੇ ਕੌਮੀ ਅਣਖ ਤੇ ਧਰਮ ਦੀ ਹਾਨੀ ਹੋਵੇ ਅਸੀਂ ਸਦਾ ਅੜ ਜਾਂਦੇ ਸਾਂ। ਉਹ ਫ਼ਤਵਾ ਦਿਵਾਉਣ ਵਿੱਚ ਤਾਂ ਸਰਕਾਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਵਾਲੇ ਕੁਝ ਝੋਲੀ ਚੁੱਕਾਂ ਦਾ ਹੱਥ ਸੀ।" (ਪ੍ਰੋ : ਬਜਾਜ, ਸਫ਼ੇ 69-70)।

ਉਪਰੋਕਤ ਦੋਵਾਂ ਹਵਾਲਿਆਂ ਤੋਂ ਜ਼ਾਹਰ ਹੁੰਦਾ ਹੈ ਕਿ ਗ਼ਦਰੀ ਬਾਬਿਆਂ ਨੇ ਇਸ ਫ਼ਤਵੇ ਲਈ ਅੰਗਰੇਜ਼ ਸਰਕਾਰ ਨੂੰ ਮੁੱਖ ਦੋਸ਼ੀ ਠਹਿਰਾਇਆ ਜਿਸ ਨੇ ਆਪਣੇ ਗਿਣਤੀ ਦੇ ਝੋਲੀ ਚੁੱਕ ਸਿੱਖਾਂ ਕੋਲੋਂ ਇਹ ਕਾਰਾ ਕਰਵਾਇਆ ਸੀ। ਬਾਬਿਆਂ ਨੇ ਆਪਣੇ ਸਾਰੇ ਜੀਵਨ ਦੌਰਾਨ ਕਿਤੇ ਵੀ ਇਸ ਦੇ ਲਈ ਕਿਸੇ ਸਿੱਖ ਸੰਸਥਾ ਨੂੰ ਦੋਸ਼ ਨਹੀਂ ਦਿੱਤਾ। ਉਨ੍ਹਾਂ ਨੇ ਕਦੇ ਵੀ ਕਿਸੇ ਸਿੱਖ ਸੰਸਥਾ ਦੀ ਨੁਕਤਾਚੀਨੀ ਨਹੀਂ ਕੀਤੀ, ਹਮੇਸ਼ਾ ਸਰਕਾਰ ਪੱਖੀ ਵਿਅਕਤੀਆਂ ਨੂੰ ਹੀ ਨਿੰਦਿਆ।

**ਪੰਥਕ ਮੁੱਖ ਧਾਰਾ-**

ਪੰਥ ਦੀ ਮੁੱਖ ਧਾਰਾ ਨੇ ਇਸ ਕਥਿਤ ਫ਼ਤਵੇ ਦੇ ਖ਼ਿਲਾਫ਼ ਬਹੁਤ ਹੀ ਗੁੱਸੇ ਭਰਿਆ ਪ੍ਰਤਿਕਰਮ ਪ੍ਰਗਟਾਇਆ ਸੀ। ਸਿੱਖ ਸੰਗਤਾਂ ਨੇ ਜਗ੍ਹਾ-ਜਗ੍ਹਾ ਭਰਵੇਂ ਇਕੱਠ (ਦੀਵਾਨ) ਕਰਕੇ ਇਸ ਫ਼ਤਵੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਿਆ ਕਰਦੇ ਹੋਏ ਗੁਰਮਤੇ ਪਾਸ ਕਰਨ ਦੀ ਮੁਹਿੰਮ ਵਿੱਢ ਦਿੱਤੀ ਸੀ ਅਤੇ ਸਰਕਾਰ ਦੇ ਝੋਲੀ ਚੁੱਕ ਨਾਮਨਿਹਾਦ ਸਿੱਖ ਆਗੂਆਂ ਨੂੰ ਭਰੇ ਦੀਵਾਨਾਂ ਅੰਦਰ ਫਿੱਟ ਲਾਹਨਤਾਂ ਪਾਈਆਂ ਜਿਸ ਸਦਕਾ ਅਰੂੜ ਸਿੰਘ ਤੇ ਸੁੰਦਰ ਸਿੰਘ ਮਜੀਠੀਆ ਨੂੰ ਸਿੱਖ ਪੰਥ ਕੋਲੋਂ ਦੋਵੇਂ ਹੱਥ ਜੋੜ ਕੇ ਮਾਫ਼ੀਆਂ ਮੰਗਣੀਆਂ ਪਈਆਂ ਸਨ। ਬਾਬਾ ਗੁਰਦਿੱਤ ਸਿੰਘ ਜੀ ਨੇ ਆਪਣੀ 'ਜ਼ੁਲਮੀ ਕਥਾ' ਵਿਚ ਲਿਖਿਆ ਹੈ ਕਿ 26-11-1921 ਨੂੰ ਮੈਂ ਨਣਕਾਣੇ ਸਾਹਿਬ ਵਿਖੇ ਆਪ ਹੀ ਪੁਲੀਸ ਦੇ ਹਵਾਲੇ ਹੋਣ ਗਿਆ ਅਤੇ ਲੱਖ-ਸਵਾ ਲੱਖ ਦੇ ਲਗਪਗ ਆਦਮੀਆਂ ਦਾ ਇਕੱਠ ਮੇਰੇ ਨਾਲ ਸੀ ਜੋ ਬਗੈਰ ਕਿਸੇ ਦੇ ਬੁਲਾਏ ਕੁਦਰਤੀ ਹੀ ਹਮਦਰਦੀ ਲਈ ਆ ਗਏ ਸਨ ਅਤੇ ਜਿਨ੍ਹਾਂ ਦੀ ਮੁਰਾਦ ਮੈਨੂੰ ਆਪਣੇ ਪਾਸ ਰੱਖਣ ਦੀ ਅਤੇ ਪੁਲੀਸ ਦੇ ਹਵਾਲੇ ਨਾ ਹੋਣ ਦੇਣ ਦੀ ਸੀ। (ਜ਼ੁਲਮੀ ਕਥਾ, ਸਫ਼ਾ 59)। ਇਸ ਤੋਂ ਪਤਾ ਚਲਦਾ ਹੈ ਕਿ ਸਿੱਖ ਪੰਥ ਨੇ ਫ਼ਤਵੇ ਨੂੰ ਸਮੂਹਿਕ ਤੌਰ 'ਤੇ ਹਿਕਾਰਤ ਨਾਲ ਠੁਕਰਾ ਦਿੱਤਾ ਸੀ ਅਤੇ ਸਿੱਖ ਜਗਤ ਅੰਦਰ ਬਾਬਾ ਗੁਰਦਿੱਤ ਸਿੰਘ ਤੇ ਦੂਸਰੇ ਗ਼ਦਰੀ ਦੇਸ਼ਭਗਤਾਂ ਦੇ ਪੱਖ ਵਿਚ ਜ਼ਬਰਦਸਤ ਲਹਿਰ ਪੈਦਾ ਹੋ ਗਈ ਸੀ।

24 ਜੂਨ 1920 ਨੂੰ ਵਿਛੋਏ ਵਿਖੇ ਇਕ ਅਦੁੱਤੀ ਦੀਵਾਨ ਵਿਚ ਪੰਜ ਤੋਂ ਦਸ ਹਜ਼ਾਰ ਸੰਗਤਾਂ ਸ਼ਾਮਲ ਹੋਈਆਂ ਅਤੇ ਇਸ ਵਿਚ ਸਰਕਾਰ ਦੇ ਜੀ ਹਜ਼ੂਰੀਆਂ ਨੂੰ ਪੰਜ-ਪੰਜ ਲਾਹਨਤਾਂ ਪਾਈਆਂ ਗਈਆਂ ਅਤੇ ਫਜ਼ਲਾਬਾਦ ਦੇ ਦੀਵਾਨ ਵਾਲੇ ਉਕਤ ਮਤੇ ਦੀ ਪ੍ਰੋੜ੍ਹਤਾ ਕੀਤੀ ਗਈ। ਇਕ ਹੋਰ ਮਤੇ ਵਿਚ 'ਕਾਮਾਗਾਟਾਮਾਰੂ ਤੇ ਹੋਰ ਸਾਰੇ ਸਿੱਖ ਮੁਲਕੀ ਕੈਦੀਆਂ' ਨਾਲ ਹਮਦਰਦੀ ਕੀਤੀ ਗਈ। ਸਮੂਹ ਸੰਗਤ ਨੇ ਉੱਚੀ ਆਵਾਜ਼ ਵਿੱਚ ਪੰਜ ਵੇਰਾਂ ਕਿਹਾ ਕਿ ਅਰੂੜ ਸਿੰਘ ਸਰਬਰਾਹ, ਸਿੱਖ ਨਹੀਂ ਹੈ ਤੇ ਉਸ ਨੂੰ ਲਾਹਨਤ ਹੈ।

'ਅਕਾਲੀ' ਅਖ਼ਬਾਰ ਦੇ 1 ਜੁਲਾਈ 1920 ਦੇ ਅੰਕ ਵਿਚ ਚੀਫ਼ ਖਾਲਸਾ ਦੀਵਾਨ ਬਾਰੇ ਇਕ ਲੇਖ ਛਪਿਆ ਜਿਸ ਵਿਚ ਜਿੱਥੇ ਪਹਿਲੇ ਸਮਿਆਂ ਅੰਦਰ ਇਸ ਦੀਆਂ ਪੰਥ ਪ੍ਰਤੀ ਘਾਲਣਾਵਾਂ ਦੀ ਸ਼ਲਾਘਾ ਕੀਤੀ ਗਈ, ਉਥੇ ਬਾਅਦ ਵਿਚ ਇਸ ਦੇ ਰਾਜਸੀ ਰੋਲ ਦੀ ਤਿੱਖੀ ਨੁਕਤਾਚੀਨੀ ਕੀਤੀ ਗਈ। ਇਸ ਗੱਲ 'ਤੇ ਭਾਰੀ ਰੋਸ ਜਤਾਇਆ ਗਿਆ ਕਿ ਇਸ ਦੇ 'ਪਤਵੰਤੇ' ਬਹਾਦਰਾਂ ਨੇ ਲਾਹੌਰ ਆ ਕੇ ਓਡਵਾਇਰ ਜਿਹੇ ਜ਼ਾਲਮ ਹਾਕਮਾਂ ਨੂੰ ਵੀ ਵਿਦਾਇਗੀ ਪੱਤਰ ਦਿੱਤਾ। ਇਸ ਤੋਂ ਇਲਾਵਾ ਲੇਖ ਵਿਚ ਇਹ ਕਿਹਾ ਗਿਆ ਕਿ ਕੌਮ ਦੀਵਾਨ ਉੱਤੇ ਇਕ ਹੋਰ ਦੋਸ਼ ਲਾਉਂਦੀ ਹੈ। ਉਹ ਇਹ ਹੈ ਕਿ ਸਾਡੇ ਪ੍ਰਦੇਸਾਂ ਵਿਚ ਗਏ ਹੋਏ ਵੀਰਾਂ ਦੇ ਦਿਲਾਂ ਵਿਚ ਕੌਮੀ ਜੋਸ਼, ਪੰਥਕ ਪਿਆਰ ਅਤੇ ਦੇਸ਼ ਸੇਵਾ ਦਾ ਚਾਉ ਅਤੇ ਉਤਸ਼ਾਹ ਠਾਠਾਂ ਮਾਰ ਰਿਹਾ ਸੀ। ਬਹੁਤ ਸਾਰਿਆਂ ਦਾ ਹਿਰਦਾ ਇਤਨਾ ਪਵਿੱਤਰ ਅਤੇ ਉੱਚਾ ਸੀ ਕਿ ਉਹ ਕੌਮ ਅਤੇ ਦੇਸ਼ ਲਈ ਕੁਰਬਾਨ ਹੋ ਜਾਣ ਵਿੱਚ ਸੱਚੀ ਖ਼ੁਸ਼ੀ ਅਤੇ ਪੂਰਨ ਆਨੰਦ ਸਮਝਦੇ ਸੀ। ਉਹ ਵਿਚਾਰੇ ਜਦੋਂ ਕਈ ਸਾਲਾਂ ਤੋਂ ਕੈਨੇਡਾ ਅਤੇ ਅੰਗਰੇਜ਼ੀ ਇਨਸਾਫ਼ ਤੋਂ ਸਤੇ ਹੋਏ ਜਦੋਂ ਮੁੜ ਆਪਣੇ ਪਿਆਰੇ ਵਤਨ ਨੂੰ ਆਏ, ਜਦੋਂ ਉਨ੍ਹਾਂ ਸੋਹਣੀਆਂ ਸੂਰਤਾਂ, ਪਵਿੱਤਰ ਆਤਮਾਵਾਂ, ਖਾਲਸਾ ਕੌਮ ਦੇ ਫੁੱਲਾਂ ਦਾ ਬੰਦੂਕਾਂ ਨਾਲ ਸੁਆਗਤ ਕੀਤਾ ਗਿਆ ਤਾਂ ਪੰਥ ਦੇ ਪਤਵੰਤਿਆਂ ਨੇ ਪੰਥ ਦੀ ਪੱਤ ਕਿਵੇਂ ਰੱਖੀ ਅਤੇ ਕੀ-ਕੀ ਨੀਚਤਾਈਆਂ ਕੀਤੀਆਂ, ਕਿਸੇ ਕੋਲੋਂ ਗੁੱਝੀਆਂ ਨਹੀਂ। ਉਫ਼! ਪੱਥਰ-ਦਿਲ ਦੀਵਾਨ ਨੇ ਆਪਣੇ ਜਿਗਰ ਦੇ ਟੋਟੇ ਨੂੰ, ਆਪਣੇ ਲਹੂ ਨੂੰ, ਆਖ ਦਿੱਤਾ ਕਿ ਇਹ ਤਾਂ ਸਿੱਖ ਹੀ ਨਹੀਂ। ਇਸ ਦਾ ਨਤੀਜਾ ਇਹ ਹੋਇਆ ਕਿ ਕਈ ਤਾਂ ਫਾਂਸੀ ਲਟਕਾਏ ਗਏ, ਕਈ ਜੇਲ੍ਹਾਂ ਵਿਚ ਤੜਫ਼ਦੇ ਰਹੇ ਅਤੇ ਕਈ ਪਿੰਡਾਂ ਵਿੱਚ ਨਜ਼ਰਬੰਦ ਪਏ ਹਨ।

18 ਜੁਲਾਈ ਨੂੰ ਲਾਲਾਮੂਸਾ ਦੇ ਖਾਸ ਜੋੜ ਮੇਲੇ ਵਿੱਚ ਮਤਾ ਪਾਸ ਕਰਕੇ ਬਾਵਾ ਗੁਰਬਖਸ਼ ਸਿੰਘ ਤੇ ਸਰਬਰਾਹ ਅਰੂੜ ਸਿੰਘ ਨੂੰ ਸਿੱਖਾਂ ਦੇ ਪ੍ਰਤੀਨਿਧ ਮੰਨਣ ਤੋਂ ਇਨਕਾਰ ਕੀਤਾ ਗਿਆ। ਸਿੱਖ ਪੰਥ ਅੰਦਰ ਅਰੂੜ ਸਿੰਘ ਦੇ ਖ਼ਿਲਾਫ਼ ਪੈਦਾ ਹੋਏ ਰੋਹ ਨੂੰ ਦੇਖਦਿਆਂ ਸਰਕਾਰ ਨੇ 18 ਅਗਸਤ 1920 ਨੂੰ ਅਰੂੜ ਸਿੰਘ ਨੂੰ ਹਟਾ ਕੇ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਨੂੰ ਸਰਬਰਾਹ ਥਾਪ ਦਿੱਤਾ ਸੀ।

23 ਅਗਸਤ ਨੂੰ ਜਲ੍ਹਿਆਂਵਾਲੇ ਬਾਗ ਵਿਚ ਭਾਰੀ ਜੋੜ ਮੇਲਾ ਹੋਇਆ। ਜਸਵੰਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਹੁਣ ਅਰੂੜ ਸਿੰਘ ਦਾ ਛੁਟਕਾਰਾ ਹੋਣਾ ਕਠਿਨ ਹੈ। ਉਸ ਨੂੰ ਦਰਬਾਰ ਸਾਹਿਬ ਦਾ ਪੂਰਾ-ਪੂਰਾ ਹਿਸਾਬ ਦੇਣਾ ਪਵੇਗਾ। ਡਾਇਰ ਜ਼ਾਲਮ ਨੂੰ ਗੁਰੂ ਪਿਆਰਿਆਂ ਦੀ ਸ਼ਰਧਾ ਦੀ ਭੇਟਾ ਵਿੱਚੋਂ ਹਜ਼ਾਰ ਰੁਪਏ ਦੇ ਕੇ ਸਿੱਖਾਂ ਦੇ ਦਿਲਾਂ ਨੂੰ ਚੀਰਨ ਦਾ ਬਦਲਾ ਦੇਣਾ ਪਵੇਗਾ।

ਇਸ ਤੋਂ 24 ਘੰਟੇ ਬਾਅਦ ਹੀ ਅਰੂੜ ਸਿੰਘ ਨੇ ਮੁਆਫ਼ੀ ਮੰਗ ਲਈ। ਜਿਸ ਬਾਰੇ 27 ਅਗਸਤ ਦੇ 'ਅਕਾਲੀ' ਅਖ਼ਬਾਰ ਵਿਚ ਇਹ ਰਿਪੋਰਟ ਛਪੀ :

"ਕੱਲ੍ਹ 24 ਤਰੀਕ ਸ਼ਾਮ ਦੇ 6 ਵਜੇ ਜਲ੍ਹਿਆਂਵਾਲੇ ਬਾਗ਼ ਵਿੱਚ ਗੁਰਦੁਆਰਾ ਸੇਵਕ ਕਮੇਟੀ ਅੰਮ੍ਰਿਤਸਰ ਦੇ ਪ੍ਰਬੰਧ ਹੇਠ ਭਾਰੀ ਦੀਵਾਨ ਸਜਿਆ। ਅਜੇ ਦੀਵਾਨ ਸਜਨਾ ਹੀ ਸੀ ਕਿ ਸਰਦਾਰ ਬਸੰਤ ਸਿੰਘ ਰਸਾਲਦਾਰ ਤੇ ਚੰਦਾ ਸਿੰਘ ਅਟਾਰੀ ਵਾਲੇ ਸੇਵਕਾਂ ਕੋਲ ਆਏ ਕਿ ਜੇਕਰ ਅਰੂੜ ਸਿੰਘ ਆ ਕੇ ਮੁਆਫ਼ੀ ਮੰਗ ਲਵੇ ਤਾਂ ਤੁਸੀਂ ਜਨਾਜ਼ਾ ਤਾਂ ਨਾ ਕੱਢੋਗੇ ਤੇ ਜੇ ਉਹ ਇੱਥੇ ਆਵੇ ਤਾਂ ਉਹਦੀ ਬੇ-ਅਦਬੀ ਤਾਂ ਨਾ ਕਰੋਗੇ। ਜਿਸ ਪਰ ਮਾਸਟਰ ਚੰਦਾ ਸਿੰਘ ਜੀ ਨੇ ਸਭ ਸੰਗਤ 'ਤੇ ਭਰੋਸਾ ਰੱਖਦੇ ਹੋਏ ਬਚਨ ਦਿੱਤਾ ਕਿ ਜੇਕਰ ਅਰੂੜ ਸਿੰਘ ਆ ਕੇ ਮੁਆਫ਼ੀ ਮੰਗੇ ਤਾਂ ਬੇ-ਅਦਬੀ ਵੀ ਨਹੀਂ ਕਰਾਂਗੇ ਤੇ ਜਨਾਜ਼ਾ ਵੀ ਨਹੀਂ ਕੱਢਾਂਗੇ। ਸਵਾ ਘੰਟੇ ਦੀ ਮੁਹਲਤ ਉਨ੍ਹਾਂ ਨੂੰ ਦਿੱਤੀ ਗਈ ਤੇ ਦੀਵਾਨ ਸਜ ਕੇ ਕੀਰਤਨ ਹੋਣ ਲੱਗ ਪਿਆ। ਅੱਧੇ ਘੰਟੇ ਬਾਅਦ ਜਦ ਦੀਵਾਨ ਆਰੰਭ ਹੋਣ ਦਾ ਅਰਦਾਸਾ ਹੋਣਾ ਸ਼ੁਰੂ ਹੋਇਆ ਤਾਂ ਅਰੂੜ ਸਿੰਘ ਵੀ ਆ ਪੁੱਜਾ। ਅਰਦਾਸ ਤੋਂ ਪਿੱਛੋਂ ਮਾਸਟਰ ਚੰਦਾ ਸਿੰਘ, ਸੇਵਾ ਸਿੰਘ, ਜਸਵੰਤ ਸਿੰਘ ਆਦਿ ਬੋਲੇ। ਉਸ ਤੋਂ ਪਿੱਛੋਂ ਅਰੂੜ ਸਿੰਘ ਨੇ ਖੜ੍ਹੋ ਕੇ ਹੱਥ ਜੋੜ ਕੇ ਆਖਿਆ ਕਿ ਖਾਲਸਾ ਜੀ ਮੈਂ ਅਠਾਰ੍ਹਾਂ ਵਰ੍ਹੇ ਗੁਰੂ ਰਾਮਦਾਸ ਜੀ ਦੀ ਤੇ ਖਾਲਸੇ ਦੀ ਸੇਵਾ ਕੀਤੀ ਹੈ। ਚੰਗੀ ਕੀਤੀ ਜਾਂ ਮੰਦੀ ਆਪ ਪਰਵਾਨ ਕਰੋ ਤੇ ਹੁਣ ਮੈਂ ਅਸਤੀਫ਼ਾ ਦਿੰਦਾ ਹਾਂ ਤੇ ਆਪ ਜਨਾਜ਼ਾ ਨਾ ਕੱਢੋ। ਜਿਸ ਪਰ ਸੰਗਤ ਨੇ ਫੈਸਲਾ ਦੇ ਦਿੱਤਾ ਕਿ ਜਨਾਜ਼ਾ ਨਹੀਂ ਕੱਢਿਆ ਜਾਵੇਗਾ।

ਇਸ ਫੈਸਲੇ ਦਾ ਇਹ ਮਤਲਬ ਖਾਲਸੇ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ 18 ਸਾਲਾ ਕਾਰਵਾਈ ਦਾ ਹਿਸਾਬ ਅਰੂੜ ਸਿੰਘ ਨੂੰ ਛੱਡ ਦਿੱਤਾ ਗਿਆ ਹੈ ਜਾਂ ਉਹਦੇ ਔਗੁਣ ਮੁਆਫ਼ ਹੋ ਗਏ ਹਨ। 24 ਤਰੀਕ ਦੀ ਕਾਰਵਾਈ ਸਿਰਫ਼ ਏਨੀ ਹੀ ਸੀ ਕਿ ਅਰੂੜ ਸਿੰਘ ਨੇ ਸਰਬਰਾਹੀ ਛੱਡ ਦਿੱਤੀ ਤੇ ਖਾਲਸੇ ਨੇ ਜਨਾਜ਼ਾ ਨਹੀਂ ਕੱਢਣਾ। ਹੁਣ ਜਨਾਜ਼ਾ (ਤਾਂ) ਨਹੀਂ ਨਿਕਲੇਗਾ ਪਰ ਹਿਸਾਬ ਦੀ ਪੜਤਾਲ ਜਾਂ ਔਗੁਣਾਂ ਦੀ ਮੁਆਫ਼ੀ ਦਾ ਫੈਸਲਾ ਪਿੱਛੋਂ ਹੋਵੇਗਾ ਜਦ ਉਹ ਹਿਸਾਬ ਦੇ ਦੇਵੇਗਾ ਤੇ ਮੁਆਫ਼ੀ ਮੰਗੇਗਾ।"

(ਬਾਕੀ ਅਗਲੇ ਹਫ਼ਤੇ)

**24 ਜੂਨ 1920 ਨੂੰ ਵਿਛੋਏ ਵਿਖੇ ਇਕ ਅਦੁੱਤੀ ਦੀਵਾਨ ਵਿਚ ਪੰਜ ਤੋਂ ਦਸ ਹਜ਼ਾਰ ਸੰਗਤਾਂ ਸ਼ਾਮਲ ਹੋਈਆਂ ਅਤੇ ਇਸ ਵਿਚ ਸਰਕਾਰ ਦੇ ਜੀ ਹਜ਼ੂਰੀਆਂ ਨੂੰ ਪੰਜ-ਪੰਜ ਲਾਹਨਤਾਂ ਪਾਈਆਂ ਗਈਆਂ ਅਤੇ ਫਜ਼ਲਾਬਾਦ ਦੇ ਦੀਵਾਨ ਵਾਲੇ ਉਕਤ ਮਤੇ ਦੀ ਪ੍ਰੋੜ੍ਹਤਾ ਕੀਤੀ ਗਈ। ਇਕ ਹੋਰ ਮਤੇ ਵਿਚ 'ਕਾਮਾਗਾਟਾਮਾਰੂ ਤੇ ਹੋਰ ਸਾਰੇ ਸਿੱਖ ਮੁਲਕੀ ਕੈਦੀਆਂ' ਨਾਲ ਹਮਦਰਦੀ ਕੀਤੀ ਗਈ। ਸਮੂਹ ਸੰਗਤ ਨੇ ਉੱਚੀ ਆਵਾਜ਼ ਵਿੱਚ ਪੰਜ ਵੇਰਾਂ ਕਿਹਾ ਕਿ ਅਰੂੜ ਸਿੰਘ ਸਰਬਰਾਹ, ਸਿੱਖ ਨਹੀਂ ਹੈ ਤੇ ਉਸ ਨੂੰ ਲਾਹਨਤ ਹੈ।**



MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed


APNA VIRSA ASSOCIATION
APNA VIRSA ASSOCIATION
Presents
ਗੁਰਮੁਖੀ ਦਾ ਬੇਟਾ
Live
in Concert
Jaswant Singh Shaad
(Host)
STOCKTON
Bob Hope Theatre
Stockton, USA
242 E Main at STOCKTON
SATURDAY AUGUST 17, 2019
SHOW STARTS AT 7:30 PM & DOORS OPEN AT 7:00 PM
MANNA BARING : 209-495-6992
LAKHVIR SINGH : 209-985-9310
RUPINDER MANGAT : 510-371-2571
HARSIMRAN SINGH : 209-735-0240
BIKRAM GILL : 408-824-8692



SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300




Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# INDIA ASSOCIATION OF LOS ANGELES

(San Fernando Valley) Presents **20th Annual**

# INDIA INDEPENDENCE DAY CELEBRATION

## Birmingham High School
**17000 Haynes st, Van Nuys, CA 91406**

**Partly Sponsored by: DCA**
DCA DEPARTMENT OF CULTURAL AFFAIRS *City of Los Angeles*

## Saturday, August 17th 2019
## 3:00 PM - 10:00 PM

**FREE ADMISSION** **AMPLE PARKING**

## GUESTS OF HONOR



Congressman
**Brad Sherman**
U.S. Represtative
(30th District)



Consul General
Ambassador
**Sanjay Panda**

## FREE HEALTH FAIR | 5pm - 7pm

**Attend the Celebrations and Consult with**

- Physicians for Health Related Problems
- Blood Sugar and Blood Pressure Screening by Nurses
- Nutrition Educators/Dietitians for Preventing and Managing Cholesterol, Diabetes, Weight & other Medical Problems

## CULTURAL SHOW

**5:30pm - 10pm**
**Last Date for Cultural Program Consideration - August 2nd, 2019**
For Cultural Show Info. Contact:
**Aishveryaa Nidhi: 747-238-1566**
**Kavita Puri: 818-271-9690**
**Manjeet Wahi: 661-309-7543**
**Falguni Zala: 818-644-2536**
**Hezal Shah: 618-580-7377,**
**Hema Chopra: 818-943-1390**

## BOOTHS

**Discounted Booth Pricing Available for Limited Time !**
**Contact:**
**Pramesh Shah 310-597-2078**
**Manmohan Chopra: 818-335-8454**

Media Partners: INDIA JOURNAL TV ASIA

### IALA Board of Directors

Vineet Puri, Chairman
Inder Singh
Kumar Jawa
Raman Chadha
Vinod Manchhani
Manmohan Chopra
Ranjit Joea
Satish Tomar
Harbans "Bob" Bawa
Iqbal Samra
Shamsher Sidhu
Bavi Sharma
Jack Khangura
Robin Paik

### IALA 2019 Executive Committee

| | |
|---|---|
| President | Sunil Agrawal |
| Exec Vice President | Ouseph Poulose |
| Secretary | Pramesh Shah |
| Joint Secretary | Prem Seem |
| Treasurer | Rajni Thakkar |
| V.P. Finance | Kanaksinh Zala |
| VP Cultural Affairs | Aishveryaa Nidhi |
| VP Publicity | Navdeep "Bittu" Singh |
| VP Public Relations | Nalini Natarajan |
| VP Youth Affairs | Sunil "Bobby" Prabhakar |
| VP Health | Bama Sridhar, Deepi Singh |
| Executive Member | Hema Chopra, Ram Bali, Falguni Ba Zala, Jugal Kishore, Dr Akash Ahuja, Ashish Khamkar, Yogi Patel, Manjeet Wahi |

**GRAND SPONSOR**
TURKISH AIRLINES

**GOLD SPONSOR** hotstar
Use Promo Code IALA2019 at US.HotStar.com for discounted price

**For Booklet Advertisement and Sponsorship Contact:**

| | |
|---|---|
| Sunil Agrawal: | 310-343-9471 |
| Kumar Jawa: | 818-968-9980 |
| Vineet Puri: | 805-380-8520 |
| Kanaksinh Zala: | 818-644-2826 |
| Raman Chadha: | 818-458-5595 |
| Iqbal Samra: | 818-219-3090 |
| Yogi Patel: | 626-731-9715 |
| Vinod Manchhani | 310-261-8816 |

India Journal

## Ph: 818-600-1495
## www.IndiaAssociationLA.org

**Last Date to accept Booklet Advertisements: August 2, 2019**

- Food Booths with Delicious Indian Cuisine
- Jumpers For Kids
- Traditional Indian Jewellery and Fashion Booths
- Many Information and Non Profit Booths & Much Much More

**YEAR'S BIGGEST & MOST EAGERLY AWAITED FAMILY EVENT!**


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1, 2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
Major League Kabaddi Federation
ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
ਤੀਰਥ ਗਾਖਲ
ਰੰਗ ਕਬੱਡੀ ਦੇ
Amolak Singh Gakhal
Chief Patron, United Sports Club
Sponsor of 1st Prize
Jagjit Singh Rakkar
Ocean Transport
Kuljit Singh Nijjar
White Hawlk
Sponsor of 2nd Prize
Jugraj Singh Sahota & Narinder Singh Sahota of Sahota Family
Sponsor of 3rd Prize
Jaswinder Boparai, Dalbir Boparai
Malkit Bopari, Gurdev Boparai
Diamond Sponsor
Inder Dosanjh
Dosanjh Family
Auto Group Inc.
Diamond Sponsor
In the loving Memory of
Late S. Mehnga Singh Sarai
By: Sarai Family
Sponsor of U-25
1st Prize Sponsored by
TAKHAR FAMILY
in loving memory of Late. Santokh Singh Takhar Apna Punjab & Northern California Club
ਮੁੱਖ ਮਹਿਮਾਨ
ਮਿੰਨੀ ਗਰੇਵਾਲ
OPENING
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਮੇਜਰ ਸਿੰਘ ਬੈਂਸ
ਵਿਸ਼ੇਸ਼ ਮਹਿਮਾਨ
ਗਾਖਲ ਭਰਾਵਾਂ ਵਲੋਂ ਆਪਣੇ ਪਿਤਾ ਸ੍ਰ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ ਅਤੇ ਸੁਲਤਾਨ ਸ਼ਮਸ਼ਪੁਰ ਦਾ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ
ਗੋਲਡ ਮੈਡਲ ਨਾਲ ਸਨਮਾਨ
ਨੇਕੀ ਸਿੱਧਵਾਂ
ਮੰਗੀ ਬੱਗਾ ਪਿੰਡ
ਸੰਦੀਪ ਨੰਗਲ ਅੰਬੀਆਂ
ਪਾਲਾ ਜਲਾਲਪੁਰ
ਖੁਸ਼ੀ ਦੁੱਗਾਂ
ਸੁਲਤਾਨ ਸ਼ਮਸ਼ਪੁਰ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Pinki Atwal Director
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Director
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulwinder Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kirandeep Singh (director)
Kala Gakhal Director
Media In charge
World Kabaddi Cup
S. Ashok Bhaura
Phone: 510 415 3315,
Email: ashokbhaura@gmail.com
GUEST OF HONOR
Super Star Players
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Area Sports Club 2. Yound Sports Kabaddi Club CA.
3. Metro Sports Club New York 4. Canada Club
ਕੁਮੈਂਟੇਟਰ
All Kabaddi Lovers are openly Invited
ਆਲ ਓਪਨ ਯੂ.ਐੱਸ.ਏ: ਯੂਨਾਈਟਡ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ ਕੈਲੀਫੋਰਨੀਆਂ
Spectator Have to reach at James Logan High School, International Law of Kabddi will apply, United Sports Club has reserve the right for last decisions.

# ਪੰਜਾਬੀ ਪਰਿਵਾਰਾਂ ਵਿਚ ਰਿਸ਼ਤਿਆਂ ਦੀ ਟੁੱਟ-ਭੱਜ

**-ਪ੍ਰਭਜੋਤ ਕੌਰ ਢਿੱਲੋਂ**

ਪਿਛਲੇ ਕੁਝ ਸਮੇਂ ਤੋਂ ਅਖ਼ਬਾਰਾਂ ਵਿਚ ਪੜ੍ਹਨ ਨੂੰ ਮਿਲ ਰਿਹਾ ਹੈ ਕਿ ਲੜਕੀਆਂ ਵਿਆਹ ਜਾਂ ਮੰਗਣੀ ਕਰਵਾਉਣ ਤੋਂ ਬਾਦ ਵਿਦੇਸ਼ ਦਾ ਖ਼ਰਚਾ ਤਾਂ ਸਹੁਰੇ ਪਰਿਵਾਰ ਤੋਂ ਕਰਵਾਉਂਦੀਆਂ ਹਨ ਪਰ ਫਿਰ ਲੜਕੇ ਨੂੰ ਬੁਲਾਉਂਦੀਆਂ ਹੀ ਨਹੀਂ। ਬਹੁਤ ਸਾਰੇ ਲੋਕ ਹੁਣ ਅਖ਼ਬਾਰਾਂ ਵਿੱਚ ਆਪਣੇ ਨਾਲ ਹੋਈ ਠੱਗੀ ਦੀ ਗੱਲ ਕਰ ਰਹੇ ਹਨ। ਲੋਕ ਤੀਹ ਚਾਲੀ ਲੱਖ ਲਗਾ ਰਹੇ ਹਨ ਅਤੇ ਅਖੀਰ ਵਿੱਚ ਲੜਕੀਆਂ ਜਵਾਬ ਦੇ ਰਹੀਆਂ ਹਨ। ਇੱਥੇ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਲੜਕੀਆਂ ਖ਼ਿਲਾਫ਼ ਸ਼ਕਾਇਤ ਵੀ ਥੋੜ੍ਹੇ ਕੀਤੇ ਕੋਈ ਸੁਣਦਾ ਹੀ ਨਹੀਂ। ਮੁਆਫ਼ ਕਰਨਾ, ਬਰਾਬਰਤਾ ਦਾ ਮਤਲਬ ਹੈ ਹਰ ਕਿਸੇ ਨੂੰ ਸੁਣਿਆ ਜਾਵੇ ਅਤੇ ਜਿਸਦੀ ਗਲਤੀ ਹੈ ਉਸਨੂੰ ਸਜ਼ਾ ਮਿਲੇ। ਹੁਣ ਲੜਕਿਆਂ ਵਾਲੇ ਆਏ ਦਿਨ ਲੁੱਟੇ ਜਾ ਰਹੇ ਹਨ। ਸਮਾਜ ਬਣਿਆ ਰਹੇ, ਇਸ ਲਈ ਰਿਸ਼ਤਿਆਂ ਨੂੰ ਜਿਉਂਦੇ ਰੱਖਣਾ ਬਹੁਤ ਜ਼ਰੂਰੀ ਹੈ।

ਇਸ ਵਕਤ ਹਰ ਕੋਈ ਜਾਣਦਾ ਹੈ ਕਿ ਤਲਾਕ ਵੱਲ ਨੂੰ ਸਮਾਜ ਬੜੀ ਤੇਜ਼ੀ ਨਾਲ ਵਧ ਰਿਹਾ ਹੈ। ਛੋਟੀ ਛੋਟੀ ਗੱਲ 'ਤੇ ਬਵਾਲ ਖੜ੍ਹਾ ਹੋ ਜਾਂਦਾ ਹੈ। ਸਹਿਣਸ਼ੀਲਤਾ ਦੀ ਬਹੁਤ ਘਾਟ ਹੈ। ਆਜ਼ਾਦੀ ਦੇ ਨਾਮ 'ਤੇ ਵੀ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। ਬਰਾਬਰੀ ਦੇ ਨਾਮ ਉੱਤੇ ਵੀ ਲੜਕੀਆਂ ਉਸਦੀ ਗਲਤ ਵਰਤੋਂ ਕਰ ਰਹੀਆਂ ਹਨ। ਲੜਕੀਆਂ ਨੂੰ ਹਰ ਕੋਈ ਹੱਕਾਂ ਦੀ ਸਿੱਖਿਆ ਦਿੰਦਾ ਹੈ ਪਰ ਫ਼ਰਜ਼ਾਂ ਦੀ ਗੱਲ ਕੋਈ ਵੀ ਨਹੀਂ ਦੱਸਦਾ। ਇਸ ਵਕਤ ਪੁਲਿਸ ਪ੍ਰਸ਼ਾਸਨ, ਪ੍ਰਸ਼ਾਸਨ ਅਤੇ ਅਦਾਲਤਾਂ ਨੂੰ ਵੀ ਹੁਣ ਇਸ ਬਾਰੇ ਪਤਾ ਲੱਗਣਾ ਸ਼ੁਰੂ ਹੋ ਗਿਆ ਹੈ ਕਿ ਲੜਕੀਆਂ ਅਤੇ ਉਨ੍ਹਾਂ ਦੇ ਮਾਪੇ ਮਿਲਕੇ ਲੜਕੇ ਦੇ ਪਰਿਵਾਰ ਨੂੰ ਬਹੁਤ ਵਾਰ ਬਿਨਾਂ ਵਜ੍ਹਾ ਹੀ ਫਸਾਉਂਦੇ ਹਨ। ਇਹ ਵੀ ਕਾਨੂੰਨ ਹੈ ਕਿ ਜੇਕਰ ਲੜਕੀ, ਲੜਕੇ ਨੂੰ ਆਪਣੇ ਮਾਪਿਆਂ ਤੋਂ ਅਲੱਗ ਰਹਿਣ ਲਈ ਕਹਿੰਦੀ ਹੈ ਅਤੇ ਲੜਕਾ ਅਜਿਹਾ ਨਹੀਂ ਚਾਹੁੰਦਾ ਤਾਂ ਉਹ ਤਲਾਕ ਲੈ ਸਕਦਾ ਹੈ। ਇੱਥੇ ਸਮੱਸਿਆ ਇਹ ਹੈ ਕਿ ਲੜਕੇ ਦੀ ਗੱਲ ਕੋਈ ਸੁਣਦਾ ਹੀ ਨਹੀਂ। ਹਰ ਕੋਈ ਲੜਕੀ ਲਈ ਹਮਦਰਦੀ ਰੱਖਦਾ ਹੈ। ਇਸ ਨਾਲ ਸਮਾਜ ਟੁੱਟਦਾ ਜਾ ਰਿਹਾ ਹੈ। ਲੜਕੀਆਂ ਦੇ ਮਾਪੇ ਆਪਣੀ ਜਾਇਦਾਦ ਵਿੱਚੋਂ ਹਿੱਸਾ ਦਿੰਦੇ ਹੀ ਨਹੀਂ।

ਇਸ ਵਕਤ ਲੜਕੀਆਂ ਦੇ ਮਾਪਿਆਂ ਦਾ ਲੜਕੀਆਂ ਦੇ ਘਰਾਂ ਵਿੱਚ ਦਖ਼ਲ ਜ਼ਰੂਰਤ ਨਾਲੋਂ ਵਧੇਰੇ ਹੋ ਗਿਆ ਹੈ। ਪਿਛਲੇ ਦਿਨੀਂ ਭੁਪਾਲ ਵਿੱਚ ਫੈਮਿਲੀ ਅਦਾਲਤ



ਨੇ ਦੱਸਿਆ ਕਿ ਲੜਕੀਆਂ ਆਪਣੇ ਪਰਿਵਾਰ ਨੂੰ ਖਾਸ ਕਰਕੇ ਮਾਂਵਾਂ ਨੂੰ ਦੱਸਦੀਆਂ ਹਨ ਅਤੇ ਮਾਵਾਂ ਅੱਗੋਂ ਸਲਾਹਾਂ ਦਿੰਦੀਆਂ ਹਨ ਕਿ ਉਸਨੇ ਕੀ ਕਰਨਾ ਹੈ। ਇਸ ਨਾਲ ਲੜਕੇ ਦੇ ਪਰਿਵਾਰ ਵਿੱਚ ਲੜਾਈ ਝਗੜਾ ਸ਼ੁਰੂ ਹੋ ਜਾਂਦਾ ਹੈ।ਲੜਕੀਆਂ ਦਾ ਆਪਣੇ ਮਾਪਿਆਂ ਦੇ ਘਰ ਵੱਲ ਹੀ ਧਿਆਨ ਰਹਿੰਦਾ ਹੈ। ਕੁਝ ਦਹਾਕੇ ਪਹਿਲਾਂ ਲੜਕੀਆਂ ਦੇ ਮਾਪਿਆਂ ਦਾ ਉਸਦੇ ਸਹੁਰੇ ਘਰ ਵਾਰ ਵਾਰ ਜਾਣਾ ਠੀਕ ਨਹੀਂ ਸੀ ਸਮਝਿਆ ਜਾਂਦਾ। ਧੀ ਦੇ ਸੁਹਰੇ ਪਰਿਵਾਰ ਵਿੱਚ ਦਖ਼ਲ ਨਹੀਂ ਦਿੱਤਾ ਜਾਂਦਾ ਸੀ। ਦਹੇਜ ਦਾ ਮਸਲਾ ਉੱਠਿਆ ਤਾਂ ਲੜਕੀਆਂ ਲਈ ਕਾਨੂੰਨ ਬਣ ਗਿਆ। ਉਸ ਵਿੱਚ ਦਹੇਜ ਲੈਣ ਅਤੇ ਦੇਣ ਵਾਲੇ ਦੋਨੋਂ ਗੁਨਾਹਗਾਰ ਹਨ। ਪਰ ਉਸ ਨੂੰ ਸਿਰਫ਼ ਇੱਕ ਪਾਸੜ ਵਰਤਿਆ ਗਿਆ। ਇਸਦੀ ਇਸ ਵਕਤ ਧੜੱਲੇ ਨਾਲ ਦੁਰਵਰਤੋਂ ਹੋ ਰਹੀ ਹੈ। ਲੜਕਿਆਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਲੜਕੀਆਂ ਤੋਂ ਵਧੇਰੇ ਹੈ ਪਰ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਲੜਕਿਆਂ ਦੇ ਮਾਪੇ ਤੰਗ ਪ੍ਰੇਸ਼ਾਨ ਹੋ ਕੇ ਘਰ ਛੱਡ ਰਹੇ ਹਨ ਜਾਂ ਉਨ੍ਹਾਂ ਨੂੰ ਬਿਰਧ ਆਸ਼ਰਮਾਂ ਵਿੱਚ ਛੱਡਿਆ ਜਾ ਰਿਹਾ ਹੈ। ਲੜਕੇ ਅਤੇ ਲੜਕਿਆਂ ਦੇ ਮਾਪੇ ਬਹੁਤ ਪ੍ਰੇਸ਼ਾਨ ਹੋ ਰਹੇ ਹਨ। ਜਦੋਂ ਪਤਾ ਹੈ ਕਿ ਇਸਦੀ ਵਰਤੋਂ ਗਲਤ ਹੋ ਰਹੀ ਹੈ ਤਾਂ ਇਸਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਦਹੇਜ ਬਹੁਤ ਘੱਟ ਥਾਵਾਂ ਤੇ ਸਮੱਸਿਆ ਹੁੰਦੀ ਹੈ। ਜਿਸ ਤਰ੍ਹਾਂ ਸਮਾਜ ਵਿੱਚ ਹੋ ਰਿਹਾ ਹੈ, ਉਸ ਵਿੱਚ ਬਰਾਬਰਤਾ ਨਹੀਂ ਹੈ, ਇੱਕ ਪਾਸੜ ਚੱਲ ਰਿਹਾ ਹੈ। ਪੈਸੇ ਦਾ ਲੈਣ ਦੇਣ ਵੱਡੀਆਂ ਰਕਮਾਂ ਵਿੱਚ ਚੱਲ ਰਿਹਾ ਹੈ। ਰਿਸ਼ਤੇ ਕਿੱਲੀ ਟੰਗੇ ਜਾ ਰਹੇ ਹਨ। ਇੱਥੇ ਪਰਿਵਾਰਾਂ ਅਤੇ ਸਮਾਜ ਨੂੰ ਬਚਾਉਣ ਲਈ ਹਰ ਕਿਸੇ ਨੂੰ ਸੋਚਣਾ ਚਾਹੀਦਾ ਹੈ। ਅੱਜਕੱਲ੍ਹ ਲੜਕੇ ਪਰਿਵਾਰਾਂ ਨੂੰ ਨਿਚੋੜ ਕੇ ਰੱਖ ਦਿੱਤਾ ਜਾਂਦਾ ਹੈ। ਲੜਕੀਆਂ ਪੜ੍ਹੀਆਂ ਲਿਖੀਆਂ ਹਨ, ਲੜਕਿਆਂ ਦੇ ਬਰਾਬਰ ਹਨ। ਜਿਵੇਂ ਲੜਕੇ ਨੇ ਆਪਣੀ ਜ਼ਿੰਦਗੀ ਸ਼ੁਰੂ ਕਰਨੀ ਹੈ, ਲੜਕੀਆਂ ਵੀ ਕਰਨ।ਲੜਕੀਆਂ ਦੇ ਮਾਪਿਆਂ ਦੀ ਜਿੱਥੇ ਦਖਲਅੰਦਾਜ਼ੀ ਸਾਬਤ ਹੋ ਜਾਵੇ, ਉੱਥੇ ਉਨ੍ਹਾਂ ਨੂੰ ਦੋਸ਼ੀ ਮੰਨਿਆ ਜਾਣਾ ਚਾਹੀਦਾ ਹੈ। ਇੱਥੇ ਧਿਆਨ ਰੱਖਣਾ ਚਾਹੀਦਾ ਹੈ ਕਿ ਸਮਾਜ ਵਾਸਤੇ ਜੇਕਰ ਅਜਿਹੇ ਕਦਮ ਨਾ ਚੁੱਕੇ ਤਾਂ ਪਰਿਵਾਰਾਂ ਦਾ ਢਾਂਚਾ ਖ਼ਤਰੇ ਦੇ ਹਾਸ਼ੀਏ ਨੂੰ ਟੱਪ ਜਾਵੇਗਾ। ਜੇਕਰ ਲੜਕੀਆਂ ਦੀਆਂ ਮਾਵਾਂ ਜਾਂ ਪਰਿਵਾਰ ਨੇ ਲੜਕੀ ਨੂੰ ਆਪਣੇ ਅਨੁਸਾਰ ਚਲਾਉਣਾ ਹੈ ਤਾਂ ਬਿਹਤਰ ਹੈ ਦੂਸਰੇ ਪਰਿਵਾਰ ਵਿੱਚ ਨਾ ਭੇਜਿਆ ਜਾਵੇ। ਰਿਸ਼ਤਿਆਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ, ਰਿਸ਼ਤਿਆਂ ਨੂੰ ਟੁੱਟਣ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ।

# ਫਿਲਪੀਨ ਪੰਜਾਬੀਆਂ ਲਈ ਸੁਰੱਖਿਅਤ ਨਹੀਂ ਰਿਹਾ

## *ਲੁਟੇਰੇ ਕਰ ਰਹੇ ਹਨ ਪੰਜਾਬੀਆਂ ਦੀਆਂ ਹੱਤਿਆਵਾਂ ਤੇ ਲੁੱਟ-ਖੋਹਾਂ*

**ਫਿਲਪੀਨ/ਬਲਰਾਜ ਸਿੰਘ ਵੇਰਕਾ :** ਪੰਜਾਬੀ ਵੱਡੀ ਮਾਤਰਾ ਵਿਚ ਫਿਲਪੀਨ ਗਏ ਹੋਏ ਹਨ, ਜੋ ਉੱਥੇ ਫਾਇਨਾਂਸ ਦਾ ਕੰਮ ਕਰ ਰਹੇ ਹਨ। ਪਰ ਹੁਣ ਫਿਲਪੀਨ ਪੰਜਾਬੀਆਂ ਲਈ ਬਹੁਤਾ ਸੁਰੱਖਿਅਤ ਨਹੀਂ ਰਿਹਾ। ਇਸ ਦਾ ਕਾਰਨ ਦੋ-ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਉੱਥੇ ਪੱਕੇ ਤੌਰ 'ਤੇ ਰਹਿ ਰਹੇ ਪੰਜਾਬੀਆਂ ਨਾਲ ਨਿੱਤ ਵਾਪਰ ਰਹੀਆਂ ਫਿਰੌਤੀਆਂ ਦੀਆਂ ਹਨ। ਪਹਿਲਾਂ ਤਾਂ ਉੱਥੋਂ ਦੇ ਲੁਟੇਰੇ ਤੇ ਵਿਹਲੜ ਕਿਸਮ ਦੇ ਅਪਰਾਧੀ ਲੋਕ ਪੰਜਾਬੀਆਂ ਕੋਲੋਂ ਹਫ਼ਤੇ ਜਾਂ ਪੰਦਰਾਂ ਦਿਨਾਂ ਬਾਅਦ ਕਿਸ਼ਤਾਂ 'ਤੇ ਦਿੱਤੇ ਜਾਂਦੇ ਸਾਮਾਨ ਦੀ ਇਕੱਠੀ ਕੀਤੀ ਨਕਦੀ ਰਸਤੇ ਵਿਚ ਰੋਕ ਕੇ ਖੋਹਣ ਮਗਰੋਂ ਜਿਊਂਦਾ ਛੱਡ ਜਾਂਦੇ ਸਨ ਪਰ ਹੁਣ ਪਿਛਲੇ ਕੁਝ ਸਾਲਾਂ ਤੋਂ ਉੱਥੋਂ ਦੇ ਲੁਟੇਰਿਆਂ ਦੀਆਂ ਕਾਰਵਾਈਆਂ ਨੇ ਹਿੰਸਕ ਰੂਪ ਧਾਰਨ ਕਰ ਲਿਆ ਹੈ। ਬਦਮਾਸ਼ ਕਿਸਮ ਦੇ ਲੁਟੇਰੇ ਪੰਜਾਬੀਆਂ ਨੂੰ ਪਿੱਛੋਂ ਗੋਲ਼ੀ ਮਾਰ ਕੇ ਬਾਈਕ ਤੋਂ ਹੇਠਾਂ ਸੁੱਟ ਕੇ ਨਕਦੀ ਖੋਹ ਕੇ ਆਸਾਨੀ ਨਾਲ ਫਰਾਰ ਹੋ ਜਾਂਦੇ ਹਨ। ਪਿਛਲੇ ਮਹੀਨੇ ਵਿਚ 10 ਤੋਂ ਵੱਧ ਪੰਜਾਬੀ ਨੌਜਵਾਨ ਲੁਟੇਰਿਆਂ ਦੀ ਦਰਿੰਦਗੀ ਦਾ ਸ਼ਿਕਾਰ ਹੋ ਰਹੇ ਹਨ। ਨਿੱਤ ਦਿਨ ਫਿਲਪੀਨ ਦੀ ਰਾਜਧਾਨੀ ਮਨੀਲਾ ਤੋਂ ਪੰਜਾਬੀਆਂ ਦੇ ਕਤਲਾਂ ਦੀਆਂ ਖ਼ਬਰਾਂ ਆ ਰਹੀਆਂ ਹਨ। ਇਹ ਕਤਲ ਉਨ੍ਹਾਂ ਦੇ ਪਿੱਛੇ ਪੰਜਾਬ ਰਹਿੰਦੇ ਬਜ਼ੁਰਗ ਮਾਪਿਆਂ, ਪਤਨੀ ਤੇ ਬੱਚਿਆਂ ਲਈ ਦੁੱਖਾਂ ਦੀ ਪੰਡ ਲੈ ਆਉਂਦੇ ਹਨ। ਸ਼ਾਤਰ ਲੁਟੇਰੇ ਵਾਰਦਾਤ ਨੂੰ ਅੰਜਾਮ ਦੇ ਕੇ ਮੌਕੇ ਤੋਂ ਆਸਾਨੀ ਨਾਲ ਭੱਜ ਜਾਂਦੇ ਹਨ। ਡਰ ਤੇ ਸਹਿਮ ਕਾਰਨ ਕੋਈ ਪੁਲਿਸ ਨੂੰ ਰਿਪੋਰਟ ਕਰਨ ਦੀ ਹਿੰਮਤ ਨਹੀਂ ਕਰਦਾ। ਜੇ ਕੋਈ ਹੌਸਲਾ ਕਰ ਕੇ ਅਜਿਹਾ ਕਰਦਾ ਹੈ ਤਾਂ ਸਬੂਤਾਂ ਦੀ ਘਾਟ ਦਾ ਬਹਾਨਾ ਬਣਾ ਕੇ ਉੱਥੋਂ ਦੀ ਪੁਲਿਸ ਸੁਣਵਾਈ ਨਹੀਂ ਕਰਦੀ ਜਿਸ ਕਾਰਨ ਬਦਮਾਸ਼ਾਂ-ਲੁਟੇਰਿਆਂ ਦੇ ਹੌਸਲੇ ਬੁਲੰਦ ਹਨ। ਥੱਕ ਹਾਰ ਕੇ ਉੱਥੋਂ ਦੇ ਪੰਜਾਬੀਆਂ ਨੂੰ ਭਾਣਾ ਮੰਨਣ ਲਈ ਮਜਬੂਰ ਹੋਣਾ ਪੈਂਦਾ ਹੈ। ਇਕ ਦਹਾਕਾ ਪਹਿਲਾਂ ਰਾਜਧਾਨੀ ਮਨੀਲਾ ਵਸਦੇ ਸਿਰਕੱਢ ਪੰਜਾਬੀਆਂ ਨੇ ਉਸ ਸਮੇਂ ਫਿਲਪੀਨ ਦੀ ਵਿਦੇਸ਼ ਮੰਤਰੀ ਕੋਲ ਉਕਤ ਗੰਭੀਰ ਮੁੱਦਾ ਉਠਾਇਆ ਸੀ ਪਰ ਗੱਲ ਅੱਗੇ ਨਾ ਵਧ ਸਕੀ।

# ਜੋਤਸ਼ੀ, ਤਾਂਤਰਿਕ ਜੋਕਾਂ ਬਣ ਕੇ ਚਿੰਬੜੇ ਹੋਏ ਹਨ ਸਾਡੇ ਸਮਾਜ ਨੂੰ

**-ਬਲਰਾਜ ਸਿੰਘ ਸਿੱਧੂ**
(ਸੀਨੀਅਰ ਪੁਲੀਸ ਅਧਿਕਾਰੀ)

ਕੁਝ ਦਿਨ ਪਹਿਲਾਂ ਖਬਰ ਆਈ ਸੀ ਕਿ ਦਿੜ੍ਹਬਾ ਨਜ਼ਦੀਕ ਤਿੰਨ ਛੋਟੇ ਬੱਚਿਆਂ ਨੇ ਨਹਿਰ ਵਿਚ ਕਿਸੇ ਵਹਿਮੀ ਵੱਲੋਂ ਵਹਾਏ ਗਏ ਨਾਰੀਅਲ ਫੜਨ



ਲਈ ਛਲਾਂਗ ਲਗਾਈ। ਪਿੰਡ ਵਾਲਿਆਂ ਦੀ ਹਿੰਮਤ ਕਾਰਨ ਦੋ ਬੱਚੇ ਤਾਂ ਬਚਾਅ ਲਏ ਗਏ ਪਰ ਇੱਕ ਵਿਚਾਰਾ ਮਸੂਮ ਡੁੱਬਣ ਕਾਰਨ ਆਪਣੀ ਜਾਨ ਗਵਾ ਬੈਠਾ।

ਕਿਸੇ ਠੱਗ ਜੋਤਸ਼ੀ ਵੱਲੋਂ ਕਸ਼ਟ ਟਾਲਣ ਲਈ ਦੱਸਿਆ ਗਿਆ ਉਪਾਅ, ਇੱਕ ਬੇਗੁਨਾਹ ਦੀ ਮੌਤ ਦਾ ਕਾਰਨ ਬਣ ਗਿਆ। ਚਾਹੀਦਾ ਤਾਂ ਇਹ ਸੀ ਕਿ ਉਸ ਜੋਤਸ਼ੀ ਅਤੇ ਉਪਾਅ ਕਰਨ ਵਾਲੇ ਵਹਿਮੀ ਦੇ ਖਿਲਾਫ ਕਤਲ ਦਾ ਮੁਕੱਦਮਾ ਦਰਜ ਕੀਤਾ ਜਾਂਦਾ।

ਲੋਕ ਹਰ ਸਾਲ ਜੋਤਸ਼ੀਆਂ-ਤਾਂਤਰਿਕਾਂ ਦੇ ਕਹਿਣ 'ਤੇ ਹਜ਼ਾਰਾਂ ਮਣ ਨਾਰੀਅਲ, ਹਵਨ ਦੀ ਸਵਾਹ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ, ਮਰਨ ਵਾਲਿਆਂ ਦੀਆਂ ਅਸਥੀਆਂ, ਧਾਰਮਿਕ ਸਮਾਗਮਾਂ ਦਾ ਰਹਿੰਦ ਖੂੰਹਦ, ਕੋਲੇ, ਸਿੱਕਾ ਅਤੇ ਪੈਸੇ ਨਦੀਆਂ ਨਾਲਿਆਂ ਵਿੱਚ ਸੁੱਟਦੇ ਰਹਿੰਦੇ ਹਨ। ਹਰੇਕ ਧਾਰਮਿਕ ਚੀਜ਼ ਨੂੰ ਜਲ ਪ੍ਰਵਾਹ ਕਰਨ ਦੀ ਘਟੀਆ ਰਵਾਇਤ ਨੇ ਭਾਰਤ ਦੇ ਪਾਣੀਆਂ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ। ਇਹਨਾਂ ਜੋਤਸ਼ੀਆਂ ਨੇ ਕਿਸਾਨਾਂ ਨੂੰ ਵੀ ਬਹੁਤ ਦੁਖੀ ਕੀਤਾ ਹੋਇਆ ਹੈ। ਰੋਜ਼ ਨਹਿਰਾਂ, ਕੱਸੀਆਂ ਅਤੇ ਮੋਘਿਆਂ ਦਾ ਪਾਣੀ ਨਾਰੀਅਲ ਤੇ ਹੋਰ ਧਾਰਮਿਕ ਗੰਦ ਮੰਦ ਫਸਣ ਕਾਰਨ ਜਾਮ ਹੋ ਜਾਂਦਾ ਹੈ। ਸਾਡੇ ਜੰਮਣ ਤੋਂ ਲੈ ਕੇ ਮਰਨ ਤੱਕ ਦੇ ਬਹੁਤੇ ਕ੍ਰਿਆ ਕਰਮ ਹਵਾ ਅਤੇ ਪਾਣੀ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰਨ ਵਾਲੇ ਹਨ। ਇੱਕ ਆਮ ਭਾਰਤੀ ਦੇ ਜੀਵਨ ਕਾਲ ਵਿੱਚ ਅਨੇਕਾਂ ਹਵਨ, ਯੱਗ, ਪਾਠ ਆਦਿ ਕੀਤੇ ਜਾਂਦੇ ਹਨ ਜਿਹਨਾਂ ਦੌਰਾਨ ਕਰੋੜਾਂ ਟਨ ਲੱਕੜਾਂ, ਘਿਉ ਅਤੇ ਹੋਰ ਖਾਣਯੋਗ ਸਮੱਗਰੀ ਫੂਕ ਦਿੱਤੀ ਜਾਂਦੀ ਹੈ। ਹੁਣ ਅੱਗ ਵਿੱਚ ਘਿਉ ਸਾੜਨ ਜਾਂ ਪਾਣੀ ਵਿੱਚ ਨਾਰੀਅਲ ਰੋੜ੍ਹਨ ਨਾਲ ਰੱਬ ਕਿਵੇਂ ਖ਼ੁਸ਼ ਹੋ ਸਕਦਾ ਹੈ? ਹੁਣੇ ਲੰਘੀਆਂ ਪਾਰਲੀਮੈਂਟ ਚੋਣਾਂ ਵਿੱਚ ਮੱਧ ਪ੍ਰਦੇਸ਼ ਦੇ ਇੱਕ ਪਖੰਡੀ ਬਾਬੇ ਨੇ ਇੱਕ ਨੇਤਾ ਨੂੰ ਜਿਤਾਉਣ ਲਈ ਭੁਪਾਲ ਵਿਖੇ ਹਵਨ ਕਰ ਕੇ ਕਈ ਮਣ ਲਾਲ ਮਿਰਚਾਂ ਸਾੜ ਸੁੱਟੀਆਂ। ਨਾਲ ਹੀ ਐਲਾਨ ਕੀਤਾ ਕਿ ਜੇ ਇਹ ਨੇਤਾ ਨਾ ਜਿੱਤਿਆ ਤਾਂ ਮੈਂ ਆਤਮ ਦਾਹ ਕਰ ਲਵਾਂਗਾ। ਪਰ ਜਦੋਂ ਉਹ ਨੇਤਾ ਹਾਰ ਗਿਆ ਤਾਂ ਬਾਬਾ ਪੂਰੀ ਬੇਸ਼ਰਮੀ ਨਾਲ ਮਰਨ ਤੋਂ ਮੁੱਕਰ ਗਿਆ। ਜਦੋਂ ਵੀ ਕੋਈ ਭਾਰਤੀ ਮਰਦਾ ਹੈ ਤਾਂ ਚਿਤਾ ਦੇ ਰੂਪ ਵਿੱਚ 4-5 ਕਵਿੰਟਲ ਲੱਕੜਾਂ ਨਾਲ ਲੈ ਹੀ ਜਾਂਦਾ ਹੈ, ਦਰਖਤ ਭਾਵੇਂ ਉਸ ਨੇ ਸਾਰੀ ਉਮਰ ਕੋਈ ਨਾ ਲਗਾਇਆ ਹੋਵੇ।

ਭਾਰਤ ਵਿੱਚ ਜੋਤਸ਼ੀਆਂ-ਤਾਂਤਰਿਕਾਂ ਨੇ ਲੋਕਾਂ ਨੂੰ ਬੁਰੀ ਤਰ੍ਹਾਂ ਵਹਿਮਾਂ ਭਰਮਾਂ ਵਿੱਚ ਜਕੜਿਆ ਹੋਇਆ ਹੈ। ਕਈ ਲੋਕ ਇੰਨੇ ਵਹਿਮੀ ਹਨ ਕਿ ਜੋਤਸ਼ੀ ਨੂੰ ਪੁੱਛੇ ਬਗੈਰ ਬਾਥਰੂਮ ਤੱਕ ਨਹੀਂ ਜਾਂਦੇ। ਭਾਰਤ ਵਿੱਚ ਜੋਤਿਸ਼, ਤਾਂਤਰਿਕ, ਵਾਸਤੂਕਲਾ, ਪੁੱਛਾਂ ਦੇਣੀਆਂ ਅਤੇ ਭੂਤ ਕੱਢਣੇ ਕਰੋੜਾਂ ਦਾ ਕਾਰੋਬਾਰ ਬਣ ਚੁੱਕਾ ਹੈ। ਅਸੀਂ ਸਦੀਆਂ ਤੋਂ ਪਾਖੰਡਵਾਦ ਵਿੱਚ ਵਰਲਡ ਚੈਂਪੀਅਨ ਹਾਂ। ਜੇ ਅੰਗਰੇਜ਼ਾਂ ਨੇ ਕੰਪਿਊਟਰ ਬਣਾਇਆ ਤਾਂ ਅਸੀਂ ਵੱਖ ਵੱਖ ਧਰਮ ਅਤੇ ਦੇਵੀ ਦੇਵਤੇ ਬਣਾਏ। ਉਹਨਾਂ ਨੇ ਧਰਤੀ ਵਿੱਚੋਂ ਡੀਜ਼ਲ ਪੈਟਰੌਲ ਲੱਭਿਆ ਤਾਂ ਅਸੀਂ ਪੀਰਾਂ ਬਾਬਿਆਂ ਦੀਆਂ ਕਬਰਾਂ ਲੱਭੀਆਂ। ਉਹਨਾਂ ਨੇ ਹਵਾਈ ਜਹਾਜ਼ ਉਡਾਏ ਤਾਂ ਅਸੀਂ ਪੂਛੋਂ ਪਕੜ ਕੇ ਹਾਥੀ ਅਸਮਾਨ ਵਿੱਚ ਉਡਾ ਦਿੱਤੇ ਜੋ ਅੱਜ ਤੱਕ ਵਾਪਸ ਨਹੀਂ ਆਏ। ਹੋ ਸਕਦਾ ਹੈ ਸ਼ੁੱਕਰ ਗ੍ਰਹਿ 'ਤੇ ਘਾਹ ਚਰਦੇ ਹੋਣ। ਉਹਨਾਂ ਦੀਆਂ ਔਰਤਾਂ ਉਲੰਪਿਕ ਵਿੱਚ ਖੇਡਦੀਆਂ ਹਨ ਤਾਂ ਭਾਰਤੀ ਔਰਤਾਂ ਬਾਬਿਆਂ, ਸਾਧਾਂ ਤੇ ਤਾਂਤਰਿਕਾਂ ਕੋਲ ਖੇਡਦੀਆਂ ਹਨ। ਜੇ ਅੰਗਰੇਜ਼ਾਂ ਨੇ ਸਰਚ ਕਰਨ ਲਈ ਗੂਗਲ ਬਣਾਇਆ ਤਾਂ ਸਾਡੇ ਕੋਲ ਨਿਰਮਲ ਬਾਬਾ ਹੈ ਜੋ ਸਭ ਕੁਝ ਪਹਿਲਾਂ ਹੀ ਦੱਸ ਦਿੰਦਾ ਹੈ।

ਵਾਸਤੂਕਲਾ ਵੀ ਬਹੁਤ ਵੱਡਾ ਪਖੰਡ ਹੈ। ਮੂਰਖ ਲੋਕ ਇਹਨਾਂ ਦੇ ਕਹਿਣ 'ਤੇ ਚੰਗੀਆਂ ਭਲੀਆਂ ਕੋਠੀਆਂ ਅਤੇ ਦਫਤਰ ਤੋੜ ਦਿੰਦੇ ਹਨ। ਖਾਸ ਤੌਰ 'ਤੇ ਸਿਆਸੀ ਲੋਕ ਮੰਤਰੀ ਬਣਦੇ ਸਾਰ ਪਹਿਲਾਂ ਸਰਕਾਰੀ ਕੋਠੀ ਅਤੇ ਦਫਤਰ ਦੀ ਤੋੜ ਭੰਨ ਹੀ ਕਰਵਾਉਂਦੇ ਹਨ, ਸਰਕਾਰੀ ਪੈਸਾ ਜੋ ਲੱਗਣਾ ਹੋਇਆ। ਵੈਸੇ ਸ਼ਰਾਬ ਦਾ ਠੇਕਾ ਭਾਵੇਂ ਮੜ੍ਹੀਆਂ ਵਿੱਚ ਰੱਖ ਲਉ, ਉਸ ਦਾ ਮੂੰਹ ਚੜ੍ਹਦੇ, ਲਹਿੰਦੇ, ਉੱਤਰ ਜਾਂ ਦੱਖਣ ਵੱਲ ਰੱਖ ਲਉ, ਉਸ ਨੇ ਕਾਮਯਾਬ ਹੋਣਾ ਹੀ ਹੈ। ਉਸ 'ਤੇ ਕੋਈ ਵਾਸਤੂ ਸ਼ਾਸਤਰ ਨਿਯਮ ਲਾਗੂ ਨਹੀਂ ਹੁੰਦਾ। ਕੀ ਵਾਸਤੂ ਸ਼ਾਸਤਰ ਮੁਤਾਬਕ ਬਣੇ ਘਰਾਂ ਵਿੱਚ ਮੌਤ ਜਾਂ ਬਿਮਾਰੀ ਨਹੀਂ ਆਉਂਦੀ? ਚੰਡੀਗੜ੍ਹ ਦੇ ਵਹਿਮੀ ਆਰਕੀਟੈਕਟ ਲੀ ਕਰਬੂਜ਼ੀਏ ਨੇ 13 ਨੰਬਰ ਸੈਕਟਰ ਨਹੀਂ ਬਣਾਇਆ ਕਿਉਂਕਿ ਪੱਛਮੀ ਦੇਸ਼ਾਂ ਵਿੱਚ 13 ਨੰਬਰ ਨੂੰ ਮਨਹੂਸ ਸਮਝਿਆ ਜਾਂਦਾ ਹੈ।



ਤਾਂ ਕੀ ਚੰਡੀਗੜ੍ਹ ਵਿੱਚ ਕੋਈ ਜੁਰਮ ਨਹੀਂ ਹੁੰਦੇ ਜਾਂ ਹਮੇਸ਼ਾ ਸ਼ਾਂਤੀ ਬਣੀ ਰਹਿੰਦੀ ਹੈ? ਇੱਥੇ ਤਾਂ ਸਗੋਂ ਰੋਜ਼ ਬੇਰੋਜ਼ਗਾਰਾਂ 'ਤੇ ਡਾਂਗ ਖੜਕਦੀ ਹੈ। ਕੁਦਰਤੀ ਆਫਤਾਂ ਆਉਣ 'ਤੇ ਵਸਤੂ ਸ਼ਾਸਤਰ ਵਾਲਾ ਮਕਾਨ ਵੀ ਬਾਕੀ ਮਕਾਨਾਂ ਵਾਂਗ ਹੀ ਤਬਾਹ ਹੋ ਜਾਂਦਾ ਹੈ।

ਅੱਜ ਤੱਕ ਕਦੀ ਕਿਸੇ ਜੋਤਸ਼ੀ ਨੇ ਸੁਨਾਮੀ, ਭੁਚਾਲ, ਹੜ੍ਹ ਅਤੇ ਜੰਗ ਆਦਿ ਦੀ ਭਵਿੱਖਬਾਣੀ ਨਹੀਂ ਕੀਤੀ। ਕੁਦਰਤੀ ਆਫਤਾਂ ਆਉਣ 'ਤੇ ਸੈਂਕੜੇ ਜੋਤਸ਼ੀ ਅਤੇ ਤਾਂਤਰਿਕ ਵੀ ਆਮ ਲੋਕਾਂ ਦੇ ਨਾਲ ਹੀ ਮਾਰੇ ਜਾਂਦੇ ਹਨ। ਜੇ ਜੋਤਿਸ਼ ਸੱਚ ਹੁੰਦਾ ਤਾਂ ਟੇਵੇ, ਲਗਨ ਅਤੇ ਕੁੰਡਲੀਆਂ ਮਿਲਾ ਕੇ ਕਰਵਾਏ ਗਏ ਸਾਰੇ ਵਿਆਹ ਸਫਲ ਹੁੰਦੇ, ਕਦੇ ਵੀ ਤਲਾਕ ਨਾ ਹੁੰਦਾ। ਅੱਜ ਤੱਕ ਕੋਈ ਜੋਤਸ਼ੀ, ਤਾਂਤਰਿਕ ਜਾਂ ਬਾਬਾ ਤਰਕਸ਼ੀਲਾਂ ਵੱਲੋਂ ਰੱਖਿਆ ਲੱਖਾਂ ਦਾ ਇਨਾਮ ਕਿਉਂ ਨਹੀਂ ਜਿੱਤ ਸਕਿਆ? ਕਈ ਥਾਵਾਂ 'ਤੇ ਜੋਤਸ਼ੀਆਂ ਨੇ ਇਹ ਕਹਿ ਕੇ ਕਿ ਤੇਰੇ ਘਰ ਫਲਾਣੇ ਨੇ ਟੂਣਾ ਕੀਤਾ ਹੈ, ਕਤਲ ਤੱਕ ਕਰਵਾ ਦਿੱਤੇ ਹਨ। ਕਿਸੇ ਨੂੰ ਵੱਸ ਕਰਨ ਵਾਲਾ ਕੋਈ ਤਵੀਤ ਨਹੀਂ ਹੁੰਦਾ, ਨਹੀਂ ਲੋਕ ਪ੍ਰਧਾਨ ਮੰਤਰੀ ਨੂੰ ਵੱਸ ਵਿੱਚ ਕਰ ਕੇ ਕਿਸੇ ਸਟੇਟ ਦੇ ਗਵਰਨਰ ਲੱਗ ਜਾਂਦੇ। ਜੇ ਨਜ਼ਰ ਲੱਗਣ ਨਾਲ ਨੁਕਸਾਨ ਹੋ ਸਕਦਾ ਹੁੰਦਾ ਤਾਂ ਟਾਟਾ, ਬਿਰਲਾ ਤੇ ਅੰਬਾਨੀ ਕਦੇ ਦਾ ਸੜਕਾਂ 'ਤੇ ਆ ਜਾਂਦੇ। ਜੇ ਜੋਤਸ਼ੀਆਂ-ਤਾਂਤਰਿਕਾਂ ਦੇ ਉਪਾਵਾਂ ਵਿੱਚ ਸ਼ਕਤੀ ਹੁੰਦੀ ਤਾਂ ਇਹਨਾਂ ਦੇ ਬੱਚੇ ਕਰੋੜਪਤੀ ਹੁੰਦੇ, ਧਾਰਮਿਕ ਗ੍ਰੰਥਾਂ ਦੇ ਪਾਠ ਕਰਨ ਨਾਲ ਰੱਬ ਮਿਲਦਾ ਹੁੰਦਾ ਤਾਂ ਸਾਰੇ ਪੰਡਤਾਂ-ਗ੍ਰੰਥੀਆਂ ਦਾ ਰੱਬ ਨਾਲ ਚਾਹ ਪਾਣੀ ਸਾਂਝਾ ਹੋਣਾ ਸੀ। ਸੂਰਜ ਨੂੰ ਚੜ੍ਹਾਇਆ ਪਾਣੀ ਉੱਥੇ ਪਹੁੰਚ ਜਾਂਦਾ ਤਾਂ ਹੁਣ ਤਕ ਸੂਰਜ ਠੰਢਾ ਹੋ ਜਾਣਾ ਸੀ।

ਪਖੰਡੀਆਂ ਵਿਚੋਂ ਸਭ ਤੋਂ ਵੱਧ ਬੇਰਹਿਮ ਤਾਂਤਰਿਕ ਹੁੰਦੇ ਹਨ। ਚੰਗੇ ਭਲੇ ਘਰਾਂ ਦੀਆਂ ਔਰਤਾਂ ਉਸ ਮੁਸ਼ਟੰਡੇ ਸਾਹਮਣੇ ਸਿਰ ਮਾਰ ਮਾਰ ਕੇ ਖੇਡਦੀਆਂ ਹਨ। ਕਈ ਤਾਂ ਇੱਜ਼ਤ ਤੱਕ ਲੁਟਾ ਬੈਠਦੀਆਂ ਹਨ। ਇਹ ਭੂਤ ਕੱਢਣ ਦੇ ਨਾਮ 'ਤੇ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀਆਂ ਨੂੰ ਬੁਰੀ ਤਰ੍ਹਾਂ ਕੁੱਟਦੇ ਹਨ। ਵਿਚਾਰਾ ਮਰੀਜ਼ ਡਰ ਦਾ ਮਾਰਾ ਹੀ ਕਹਿ ਦਿੰਦਾ ਹੈ ਕਿ ਮੈਂ ਫਲਾਣੇ ਦਾ ਭੂਤ ਹਾਂ ਤੇ ਇਸ ਨੂੰ ਛੱਡ ਕੇ ਜਾ ਰਿਹਾ ਹਾਂ। ਭੂਤ ਨੂੰ ਕਿਸੇ ਦੀ ਅਤ੍ਰਿਪਤ ਆਤਮਾ ਮੰਨਿਆ ਜਾਂਦਾ ਹੈ। ਜਦੋਂ ਆਤਮਾ ਮਰ ਹੀ ਨਹੀਂ ਸਕਦੀ ਤਾਂ ਤਾਂਤਰਿਕ ਵੱਲੋਂ ਕੀਤੀ ਕੁਟਾਈ ਦਾ ਭੂਤ 'ਤੇ ਕੀ ਅਸਰ? ਨਾਲੇ ਭੂਤ ਨੇ ਜੇ ਚੰਬੜਨਾ ਹੀ ਹੈ ਤਾਂ ਅਮਰੀਕਾ ਜਾ ਕੇ ਕਿਸੇ ਗੋਰੇ ਗੋਰੀ ਨੂੰ ਚੰਬੜੇ, ਐਵੇਂ ਗਵਾਂਢ ਦੀ ਝੁੱਗੀ ਵਿੱਚ ਕਿਸੇ ਗਰੀਬ ਔਰਤ ਨੂੰ ਚੰਬੜ ਕੇ ਗਰਮੀ ਨਾਲ ਮਰਨ ਦਾ ਕੀ ਫਾਇਦਾ? ਤਾਂਤਰਿਕ ਲੋਕਾਂ ਨੂੰ ਕੰਮ ਸਿੱਧ ਕਰਨ, ਇਸ਼ਕ ਸਫਲ ਕਰਨ, ਦੁਸ਼ਮਣ-ਸੌਂਕਣ ਖਤਮ ਕਰਨ ਅਤੇ ਦੱਬੇ ਖਜ਼ਾਨੇ ਪੁਟਾਉਣ ਦੇ ਨਾਮ 'ਤੇ ਰੱਜ ਕੇ ਲੁੱਟਦੇ ਹਨ। ਕਈ ਅਖਬਾਰਾਂ ਵਿੱਚ ਲੁਧਿਆਣੇ ਦੇ ਤਾਂਤਰਿਕਾਂ ਦੇ ਇਸ਼ਤਿਹਾਰ ਆਉਂਦੇ ਹਨ ਜੋ ਸ਼ਰੇਆਮ ਦੁਸ਼ਮਣ ਨੂੰ ਖਤਮ ਕਰਨ ਦੀ ਗਰੰਟੀ ਦਿੰਦੇ ਹਨ। ਇਹਨਾਂ ਦੇ ਕਹਿਣ 'ਤੇ ਵਹਿਮੀ ਔਰਤਾਂ ਔਲਾਦ ਪ੍ਰਾਪਤ ਕਰਨ ਲਈ ਦੂਸਰਿਆਂ ਦੇ ਬੱਚਿਆਂ ਦੀ ਬਲੀ ਤੱਕ ਦੇ ਦਿੰਦੀਆਂ ਹਨ।

ਕਈ ਸਾਲ ਪਹਿਲਾਂ ਮੈਂ ਕਿਸੇ ਥਾਣੇ ਦਾ ਐੱਸ. ਐੱਚ.ਓ. ਲੱਗਾ ਹੋਇਆ ਸੀ। ਉੱਥੇ ਕੋਈ ਵਹਿਮੀ ਵਿਅਕਤੀ ਥਾਣੇ ਦੇ ਮੁੰਸ਼ੀ ਦਾ ਦੋਸਤ ਸੀ। ਉਸ ਨੂੰ ਕਿਸੇ ਜੋਤਸ਼ੀ ਨੇ ਭਰਮ ਪਾ ਦਿੱਤਾ ਕਿ ਤੇਰੀ ਕੁੰਡਲੀ ਵਿੱਚ ਜੇਲ ਯਾਤਰਾ ਲਿਖੀ ਹੈ, ਇਸ ਲਈ ਜਲਦੀ ਕਿਸੇ ਹਵਾਲਾਤ ਵਿੱਚ ਦੋ ਚਾਰ ਘੰਟੇ ਕੱਟ ਲੈ, ਤੇਰਾ ਕਸ਼ਟ ਟਲ ਜਾਵੇਗਾ। ਉਹ ਆਪਣੇ ਦੋਸਤ ਮੁੰਸ਼ੀ ਦੇ ਤਰਲੇ ਵਾਸਤੇ ਪਾ ਕੇ ਕੁਝ ਸਮੇਂ ਲਈ ਥਾਣੇ ਦੀ ਹਵਾਲਾਤ ਵਿੱਚ ਵੜ ਗਿਆ। ਥੋੜ੍ਹੀ ਦੇਰ ਬਾਅਦ ਹੀ ਉਸ ਮੁੰਸ਼ੀ ਦੀ ਡਿਊਟੀ ਬਦਲ ਗਈ ਤੇ ਰਾਤ ਵਾਲਾ ਨਵਾਂ ਮੁੰਸ਼ੀ ਆ ਗਿਆ। ਦਿਨ ਵਾਲਾ ਮੁੰਸ਼ੀ ਵਹਿਮੀ ਨੂੰ ਬਾਹਰ ਕੱਢਣਾ ਭੁੱਲ ਗਿਆ ਤੇ ਆਪਣੇ ਪਿੰਡ ਜਾ ਕੇ ਅਰਾਮ ਨਾਲ ਸੌਂ ਗਿਆ। ਵਹਿਮੀ ਰਾਤ ਨੂੰ ਚੀਕਾਂ ਮਾਰੇ ਕਿ ਮੈਨੂੰ ਬਾਹਰ ਕੱਢੋ। ਰਾਤ ਵਾਲਾ ਮੁੰਸ਼ੀ ਡਰਦਾ ਮਾਰਾ ਕੱਢੇ ਨਾ ਕਿ ਖੌਰੇ ਇਹ ਮੁਲਜ਼ਮ ਕਿਹੜੇ ਕੇਸ ਵਿੱਚ ਆਇਆ ਹੈ? ਵਿਚਾਰੇ ਨੂੰ ਸਾਰੀ ਰਾਤ ਹਵਾਲਾਤ ਵਿੱਚ ਮੱਛਰਾਂ-ਖਟਮਲਾਂ ਨਾਲ ਯੁੱਧ ਕਰਦੇ ਹੋਏ ਗੁਜ਼ਾਰਨੀ ਪਈ। ਵਹਿਮ ਜਿੰਨੇ ਵਧਾਈ ਜਾਉਗੇ, ਉਨੇ ਵਧੀ ਜਾਣਗੇ। ਇਸ ਲਈ ਆਪਣੀ ਮਿਹਨਤ ਅਤੇ ਲਗਨ ਨਾਲ ਕੰਮ ਕਰਦੇ ਜਾਉ, ਸਫਲਤਾ ਜ਼ਰੂਰ ਕਦਮ ਚੁੰਮੇਗੀ।

# ਅਮਰੀਕਾ ਦੇ ਦਬਾਅ ਕਾਰਨ ਭਾਰਤ-ਪਾਕਿ ਨੇੜੇ ਹੋਏ

## ✪ ਪਾਕਿਸਤਾਨ ਨੇ ਭਾਰਤ ਖਿਲਾਫ਼ ਰਵੱਈਆ ਬਦਲਿਆ ✪ ਡੇਰਾ ਬਾਬਾ ਨਾਨਕ ਵੱਡਾ ਸੈਰ ਸਪਾਟਾ ਕੇਂਦਰ ਬਣੇਗਾ

**ਪਰਗਟ ਸਿੰਘ ਜੰਡਿਆਲਾ ਗੁਰੂ**

ਅਮਰੀਕਾ ਦੇ ਦਬਾਅ ਕਾਰਨ ਭਾਰਤ-ਪਾਕਿਸਤਾਨ ਦੋਸਤੀ ਵੱਲ ਵਧ ਰਹੇ ਹਨ। ਇਸ ਕਾਰਨ ਪਾਕਿ ਨੇ ਭਾਰਤ ਖਿਲਾਫ਼ ਆਪਣਾ ਰਵੱਈਆ ਵੀ ਬਦਲਿਆ ਹੈ ਤੇ ਭਾਰਤ ਨੂੰ ਹਰ ਸਥਿਤੀ 'ਤੇ ਸਹਿਯੋਗ ਵੀ ਦੇ ਰਿਹਾ ਹੈ। ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਇਮਰਾਨ ਖਾਨ ਜ਼ਮੀਨੀ ਹਕੀਕਤਾਂ ਨੂੰ ਸਮਝ ਵੀ ਰਹੇ ਹਨ। ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਇਹ ਮੰਨਣਾ ਕਿ ਪਾਕਿਸਤਾਨ ਵਿਚ ਅਜੇ ਵੀ 30-40 ਹਜ਼ਾਰ ਹਥਿਆਰਬੰਦ ਅੱਤਵਾਦੀ ਮੌਜੂਦ ਹਨ, ਇਸ ਗੱਲ ਦਾ ਸੰਕੇਤ ਹੈ। ਅਮਰੀਕਾ ਇਸ ਵਿਚ ਪਾਕਿਸਤਾਨ ਨੂੰ ਸਹਿਯੋਗ ਦੇ ਰਿਹਾ ਹੈ ਅਤੇ ਇਸ ਕਾਰਨ ਪਾਕਿਸਤਾਨ ਦੀ ਮਿਲਟਰੀ ਉੱਪਰ ਵੀ ਅਮਰੀਕਾ ਦਾ ਦਬਾਅ ਜਾਪ ਰਿਹਾ ਹੈ। ਇਸੇ ਕਾਰਨ ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਫ਼ੌਜ ਉੱਪਰ ਕੰਟਰੋਲ ਹੋ ਰਿਹਾ ਹੈ। ਇਨ੍ਹਾਂ ਸਾਰੀਆਂ ਤੇਜ਼ੀ ਨਾਲ ਵਾਪਰ ਰਹੀਆਂ ਘਟਨਾਵਾਂ ਦਾ ਅਸਰ ਪੰਜਾਬ ਅਤੇ ਸਿੱਖਾਂ 'ਤੇ ਬਹੁਤ ਦੂਰ-ਰਸ ਹੋਵੇਗਾ।

ਇਹ ਅਹਿਮ ਤਬਦੀਲੀ ਗੁਰੂ ਨਾਨਕ ਸਾਹਿਬ ਦੇ 550 ਸਾਲਾ ਦਿਹਾੜੇ ਦੇ ਮੌਕੇ ਵਾਪਰ ਰਹੀ ਹੈ। ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਨੂੰ ਇਹੀ ਸੁਨੇਹਾ ਦਿੱਤਾ ਸੀ ਕਿ ਹੱਦਾਂ ਤੋੜ ਕੇ ਗੱਲਵਕੜੀਆਂ ਪਾਓ ਤੇ ਦੁਸ਼ਮਣੀਆਂ ਨੂੰ ਭੁਲਾਓ। ਜੇਕਰ ਭਾਰਤ-ਪਾਕਿ ਦੇ ਸੰਬੰਧ ਅੱਗੇ ਵਧਦੇ ਹਨ ਤਾਂ ਇਸ ਦਾ ਪੰਜਾਬ ਦੀ ਆਰਥਿਕਤਾ ਉੱਪਰ ਚੰਗਾ ਪ੍ਰਭਾਵ ਪਵੇਗਾ ਤੇ ਦੋਹਾਂ ਦੇਸ਼ਾਂ ਵਿਚ ਵਪਾਰਕ ਪ੍ਰਬੰਧ ਵਧੀਆ ਹੋ ਜਾਣਗੇ।

ਜਦੋਂ ਕਰਤਾਰਪੁਰ ਲਾਂਘਾ ਬਣ ਗਿਆ ਤਾਂ ਜਿਥੇ ਇਹ ਸਿੱਖਾਂ ਲਈ ਵੱਡੀ ਸ਼ਰਧਾ ਦਾ ਪ੍ਰਤੀਕ ਹੋਵੇਗਾ, ਉਥੇ ਡੇਰਾ ਬਾਬਾ ਨਾਨਕ ਵਿਸ਼ਵ ਲਈ ਇਕ ਵੱਡਾ ਸੈਰ ਸਪਾਟਾ ਕੇਂਦਰ ਵੀ ਬਣੇਗਾ। ਇਸ ਲਈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅੰਮ੍ਰਿਤਸਰ ਦੀ ਸਥਿਤੀ ਵੇਖਦੇ ਹੋਏ ਡੇਰਾ ਬਾਬਾ ਨਾਨਕ ਵਿਚ ਇਸ ਲਾਂਘੇ ਦੇ ਆਸ-ਪਾਸ ਕਰੀਬ 2 ਵਰਗ ਮੀਲ ਦਾ ਇਲਾਕਾ ਇਕ ਸੈਲਾਨੀ ਖੇਤਰ ਉਸਾਰਨ ਲਈ ਹੁਣੇ ਹੀ ਰਾਖਵਾਂ ਰੱਖ ਲਵੇ ਤੇ ਇਥੇ ਕਿਸੇ ਤਰ੍ਹਾਂ ਦੀ ਵੀ ਗ਼ੈਰ-ਕਾਨੂੰਨੀ ਉਸਾਰੀ ਨਾ ਹੋਣ ਦਿੱਤੀ ਜਾਵੇ।

**ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਆਰੰਭ-**

ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਦੇਸ਼-ਵਿਦੇਸ਼ ਵਿਚ ਸੰਗਤਾਂ ਵਲੋਂ ਵੱਡੇ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਖ-ਵੱਖ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਨਗਰ ਕੀਰਤਨ ਨਨਕਾਣਾ ਸਾਹਿਬ ਲਿਜਾਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਲੋਂ ਵੀ ਇਕ ਨਗਰ ਕੀਰਤਨ ਨਨਕਾਣਾ ਸਾਹਿਬ ਤੋਂ ਆਰੰਭ ਕਰਨ ਦਾ ਪ੍ਰੋਗਰਾਮ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਦੋਵਾਂ ਕਮੇਟੀਆਂ ਵਲੋਂ ਆਪੋ-ਆਪਣੇ ਖੇਤਰਾਂ ਵਿਚ ਹੋਰ ਵੀ ਅਨੇਕਾਂ ਪ੍ਰੋਗਰਾਮ ਉਲੀਕੇ ਗਏ ਹਨ। ਸੁਲਤਾਨਪੁਰ ਲੋਧੀ ਵਿਚ ਵੀ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਸਮਾਰੋਹ ਕਰਨ ਲਈ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵਲੋਂ ਪ੍ਰੋਗਰਾਮ ਬਣਾਏ ਜਾ ਰਹੇ ਹਨ।

ਪਾਕਿਸਤਾਨ ਸਰਕਾਰ ਵਲੋਂ ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਸ ਵਲੋਂ ਗੁਰੂ ਨਾਨਕ ਸਾਹਿਬ ਜੀ ਨਾਲ ਸਬੰਧਿਤ ਅਜੇ ਤੱਕ ਬੰਦ ਪਏ ਕਈ ਹੋਰ ਇਤਿਹਾਸਕ ਗੁਰਦੁਆਰਿਆਂ ਦਾ ਨਵੀਨੀਕਰਨ ਕਰਕੇ ਖੋਲ੍ਹਣ ਦਾ ਵੀ ਫ਼ੈਸਲਾ ਕੀਤਾ ਗਿਆ ਹੈ।

**ਲਾਂਘੇ ਦੀਆਂ ਸਰਗਰਮੀਆਂ ਤੇਜ਼-**

ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਵਲੋਂ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਸਾਹਿਬ ਤੋਂ ਲੈ ਕੇ ਕਰਤਾਰਪੁਰ (ਪਾਕਿਸਤਾਨ) ਦੇ ਗੁਰਦੁਆਰਾ ਦਰਬਾਰ ਸਾਹਿਬ ਤੱਕ ਰਾਵੀ ਦੇ ਉੱਪਰ ਦੀ ਸਿੱਖ ਸੰਗਤਾਂ ਲਈ ਲਾਂਘਾ ਬਣਾਉਣ ਦੀਆਂ ਤਿਆਰੀਆਂ ਬੇਹੱਦ ਜ਼ੋਰ-ਸ਼ੋਰ ਨਾਲ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧ ਵਿਚ ਹੀ ਥੋੜ੍ਹੇ ਦਿਨ ਪਹਿਲਾਂ ਅਟਾਰੀ-ਵਾਹਗਾ ਸਰਹੱਦ 'ਤੇ ਜੋ ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਦੀ ਮੀਟਿੰਗ ਹੋਈ ਹੈ, ਉਸ ਅਨੁਸਾਰ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਦੇ ਲਾਂਘੇ ਰਾਹੀਂ ਹਰ ਰੋਜ਼ 5000 ਯਾਤਰੀ ਕਰਤਾਰਪੁਰ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਕਰ ਸਕਣਗੇ। ਇਹ ਯਾਤਰੀ ਡੇਰਾ ਬਾਬਾ ਨਾਨਕ ਤੋਂ ਬਿਨਾਂ ਵੀਜ਼ੇ ਤੋਂ ਕਰਤਾਰਪੁਰ ਸਾਹਿਬ ਜਾਣਗੇ। ਇਸ ਤੋਂ ਇਲਾਵਾ ਵਿਅਕਤੀਗਤ ਤੌਰ 'ਤੇ ਵੀ ਸੰਗਤਾਂ ਰੋਜ਼ਾਨਾ ਕਰਤਾਰਪੁਰ ਸਾਹਿਬ ਜਾ ਸਕਣਗੀਆਂ।

ਸਿੱਖ ਇਤਿਹਾਸ ਬਾਰੇ ਜਾਣਕਾਰੀ ਰੱਖਣ ਵਾਲੇ ਲੋਕ ਜਾਣਦੇ ਹਨ ਕਿ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਤਿੰਨ ਅਸਥਾਨ ਵਿਸ਼ੇਸ਼ ਮਹੱਤਵ ਰੱਖਦੇ ਹਨ। ਉਨ੍ਹਾਂ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਹੈ। ਬਚਪਨ ਅਤੇ ਕੁਝ ਸਮਾਂ ਹੋਰ ਬਿਤਾ ਕੇ ਗੁਰੂ ਨਾਨਕ ਸਾਹਿਬ ਸੁਲਤਾਨਪੁਰ ਲੋਧੀ ਆਪਣੀ ਭੈਣ ਬੇਬੇ ਨਾਨਕੀ ਕੋਲ ਆ ਗਏ ਸਨ। ਇਥੇ ਉਨ੍ਹਾਂ ਨੇ ਦੌਲਤ ਖਾਨ ਲੋਧੀ ਦੇ ਮੋਦੀਖਾਨੇ ਵਿਚ ਕੁਝ ਸਾਲਾਂ ਤੱਕ ਕੰਮ ਕੀਤਾ ਅਤੇ ਇਥੇ ਹੀ ਉਨ੍ਹਾਂ ਨੇ ਆਪਣੇ ਸਮੇਂ ਦੀਆਂ ਰਾਜਨੀਤਕ, ਸਮਾਜਿਕ ਤੇ ਧਾਰਮਿਕ ਸਥਿਤੀਆਂ ਦਾ ਅਧਿਐਨ ਕਰਕੇ ਆਪਣੀ ਜ਼ਿੰਦਗੀ ਦਾ ਉਦੇਸ਼ ਤੈਅ ਕੀਤਾ ਸੀ। ਚਿੰਤਨ ਮੰਥਨ ਦੇ ਇਸ ਅਮਲ ਵਿਚੋਂ ਗੁਜ਼ਰਦਿਆਂ ਉਹ ਕਈ ਦਿਨਾਂ ਤੱਕ ਘਰ ਤੋਂ ਅਲੋਪ ਰਹੇ ਅਤੇ ਦੁਬਾਰਾ, ਉਹ ਵੇਈਂ ਦੇ ਕੰਢੇ, ਜਿਥੇ ਅੱਜਕਲ੍ਹ ਗੁਰਦੁਆਰਾ ਸੰਤ ਘਾਟ ਬਣਿਆ ਹੋਇਆ ਹੈ, ਮੁੜ ਪ੍ਰਗਟ ਹੋਏ ਤਾਂ ਉਨ੍ਹਾਂ ਨੇ 'ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ' ਦਾ ਮਹਾਂਵਾਕ ਉਚਾਰਿਆ। ਇਸ ਸਥਾਨ ਤੋਂ ਹੀ ਉਨ੍ਹਾਂ ਨੇ ਦੁਨੀਆ ਦੇ ਕਲਿਆਣ ਲਈ ਆਪਣੀਆਂ ਚਾਰ ਉਦਾਸੀਆਂ ਵਿਚੋਂ ਪਹਿਲੀ ਉਦਾਸੀ ਦੀ ਸ਼ੁਰੂਆਤ ਕੀਤੀ ਸੀ। ਇਸ ਕਰਕੇ ਸੁਲਤਾਨਪੁਰ ਲੋਧੀ ਦਾ ਵੀ ਇਤਿਹਾਸ ਵਿਚ ਵੱਡਾ ਮਹੱਤਵ ਹੈ। ਉਹ ਆਪਣੀਆਂ ਇਨ੍ਹਾਂ ਯਾਤਰਾਵਾਂ ਦੌਰਾਨ ਵੱਖ-ਵੱਖ ਦੇਸ਼ਾਂ ਦੇ ਹੁਕਮਰਾਨਾਂ, ਅਹਿਲਕਾਰਾਂ, ਸੰਤਾਂ ਜੋਗੀਆਂ, ਸੂਫ਼ੀਆਂ ਨੂੰ ਮਿਲੇ ਅਤੇ ਉਨ੍ਹਾਂ ਨਾਲ ਸੰਵਾਦ ਰਚਾਉਂਦਿਆਂ ਉਨ੍ਹਾਂ ਨੂੰ ਮਾਨਵੀ ਕਦਰਾਂ-ਕੀਮਤਾਂ ਦੇ ਆਧਾਰ 'ਤੇ ਉੱਚੀ ਸੁੱਚੀ ਜ਼ਿੰਦਗੀ ਜਿਊਣ ਦਾ ਸੰਦੇਸ਼ ਦਿੱਤਾ। ਇਨ੍ਹਾਂ ਲੰਮੀਆਂ ਯਾਤਰਾਵਾਂ ਦੌਰਾਨ ਭਾਈ ਮਰਦਾਨਾ ਉਨ੍ਹਾਂ ਦੇ ਨਾਲ ਰਹੇ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਅੰਤਿਮ 14 ਸਾਲ 1582 ਤੋਂ ਸੰਮਤ 1596 ਤੱਕ ਕਰਤਾਰਪੁਰ ਸਾਹਿਬ ਵਿਖੇ ਖੇਤੀਬਾੜੀ ਕਰਦਿਆਂ ਅਤੇ ਸੰਗਤਾਂ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਉਪਦੇਸ਼ ਦਿੰਦਿਆਂ ਬਿਤਾਏ ਅਤੇ ਇਸੇ ਸਥਾਨ 'ਤੇ ਹੀ ਉਹ ਸੰਮਤ 1596 ਈ: ਵਿਚ ਜੋਤੀ ਜੋਤਿ ਸਮਾ ਗਏ ਸਨ। ਇਸ ਕਰਕੇ ਇਸ ਸਥਾਨ ਦਾ ਵੀ ਇਤਿਹਾਸ ਵਿਚ ਵੱਡਾ ਮਹੱਤਵ ਹੈ।



### ਦੋਵੇਂ ਦੇਸ ਦੁਸ਼ਮਣੀ ਤਿਆਗਣ

ਹੁਣ ਜਦੋਂ ਕਿ ਅਸੀਂ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਪੁਰਬ ਮਨਾ ਰਹੇ ਹਾਂ ਤਾਂ ਭਾਰਤ ਤੇ ਪਾਕਿਸਤਾਨ ਦੇ ਲੋਕਾਂ, ਖ਼ਾਸ ਕਰਕੇ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਵੱਡਾ ਦਿਲ ਦਿਖਾਉਂਦਿਆਂ ਧਾਰਮਿਕ ਕੱਟੜਤਾ ਅਤੇ ਆਪਸੀ ਦੁਸ਼ਮਣੀ ਦੀਆਂ ਭਾਵਨਾਵਾਂ 'ਤੇ ਕਾਬੂ ਪਾਉਣਾ ਚਾਹੀਦਾ ਹੈ ਅਤੇ ਆਪੋ-ਆਪਣੀਆਂ ਘੱਟ-ਗਿਣਤੀਆਂ ਨੂੰ ਸੁਰੱਖਿਆ ਤੇ ਸਨਮਾਨ ਮੁਹੱਈਆ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਕਰਤਾਰਪੁਰ ਦੇ ਲਾਂਘੇ ਦੀ ਤਰ੍ਹਾਂ ਹੀ ਸਰਹੱਦਾਂ ਖੋਲ੍ਹ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਇਸ ਖਿੱਤੇ ਦੇ ਲੋਕ ਜੋ ਕਿਸੇ ਸਮੇਂ ਇਕ ਦੇਸ਼ ਦੇ ਹੀ ਵਾਸੀ ਸਨ, ਮੁੜ ਕੇ ਇਕ-ਦੂਜੇ ਦੇ ਨੇੜੇ ਆ ਸਕਣ ਅਤੇ ਜ਼ਿੰਦਗੀ ਦੇ ਹਰ ਖੇਤਰ ਵਿਚ ਆਪਸ ਵਿਚ ਮਿਲਵਰਤਣ ਕਰ ਸਕਣ। ਇਹੀ ਗੁਰੂ ਨਾਨਕ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

### ਨਕਲੀ ਇਤਿਹਾਸ ਤੇ ਗੁਰੂ ਨਾਨਕ ਲਾਂਘੇ ਉੱਪਰ ਕਬਜ਼ਾ

ਪੰਜਾਬ ਦੇ ਪਾਣੀਆਂ ਬਾਰੇ ਪੰਚਾਇਤ ਬੁਲਾਈ ਗਈ ਸੀ। ਪੰਚਾਇਤ ਖਤਮ ਹੋਣ ਤੋਂ ਬਾਅਦ ਮੈਂ ਆਪਣੇ ਭਾਈਚਾਰੇ ਨਾਲ ਸਰਹਦ ਤੇ ਕਰਤਾਰਪੁਰ ਸਾਹਿਬ ਦਰਸ਼ਨਾਂ ਨੂੰ ਗਿਆ ਜਿਥੇ ਕੋਰੀਡੋਰ ਬਣ ਰਿਹਾ ਹੈ। ਰਾਹ ਵਿਚ ਛੋਟਾ ਜਿਹਾ ਡੇਰਾ ਬਣਿਆ ਸੀ। ਇਹ ਗੈਰ ਇਤਿਹਾਸਕ ਪਾਤਰ ਸਿਧ ਸਿੰਹੁ ਰੰਧਾਵਾ ਦਾ ਹੈ ਜੋ ਬਾਬਾ ਦੀਪ ਸਿੰਘ ਦਾ ਡੁਪਲੀਕੇਟ ਸਿਰਜਿਆ ਗਿਆ। ਹਾਲਾਂਕਿ ਉਸ ਸਮੇਂ ਸਿੰਘ ਦੇ ਨਾਮ ਨਾਲ ਗੋਤ ਲਗਾਉਣ ਦਾ ਰੁਝਾਨ ਨਹੀਂ ਸੀ। ਡੇਰੇ ਦੇ ਗੇਟ ਤੋਂ ਬਾਹਰ ਬੈਠਾ ਬੰਦਾ ਪੈਸੇ ਵਾਲੀ ਟੋਕਰੀ ਲੈਕੇ ਲੰਘਦੀਆਂ ਸੰਗਤਾਂ ਨੂੰ ਅਵਾਜ਼ਾਂ ਮਾਰ ਰਿਹਾ ਸੀ ਕਿ ਪਰਸ਼ਾਦਾ ਛਕੋ। ਜੋ ਪਰਸ਼ਾਦਾ ਛਕਕੇ ਬਾਹਰ ਆਉਂਦੇ ਤਾਂ ਦਾਨ ਵਜੋਂ ਪੈਸੇ ਮੰਗਦਾ ਕਿ ਡੇਰੇ ਦੀ ਕਾਰ ਸੇਵਾ ਚਲ ਰਹੀ ਹੈ। ਬੰਦੇ ਦਾ ਮੰਗਣ ਦਾ ਢੰਗ ਜਬਰਦਸਤੀ ਵਾਲਾ ਸੀ। ਕਾਰਸੇਵਾ ਵਾਲੇ ਬਾਬੇ ਕਪਟੀ ਢੰਗ ਨਾਲ ਪੈਸੇ ਨਹੀਂ ਮੰਗਦੇ। ਇਤਿਹਾਸ ਡੇਰੇ ਬਾਰੇ ਪੜ੍ਹਿਆ ਤਾਂ ਹੈਰਾਨ ਹੋ ਗਿਆ ਕਿ ਇਹ ਬੰਦਾ ਕਦੋਂ ਪੈਦਾ ਹੋਇਆ। ਇਹ ਡੇਰਾ ਖੁੱਲੇ ਲਾਂਘੇ ਦੇ ਰਾਹ ਵਿਚ ਹੈ ਬੀਐਸ ਐਫ ਚੌਕੀ ਕੋਲ ਹੈ ਇਹ ਕੀ ਕਹਾਣੀ ਹੈ? ਕੀ ਇਹ ਡੇਰਾ ਭਾਰਤ ਦੀ ਸੁਰੱਖਿਆ ਲਈ ਖਤਰਨਾਕ ਨਹੀਂ ਹੈ? ਇਹ ਨਕਲੀ ਇਤਿਹਾਸ ਸਿੱਖ ਧਰਮ ਦੇ ਨਾਮ 'ਤੇ ਕਿਸ ਨੇ ਰਚਿਆ ਖੋਜਣ ਦੀ ਲੋੜ ਹੈ। ਸਿਰ ਕਟਾਉਣ ਵਾਲੇ ਪੰਥ ਲਈ ਬਾਬਾ ਦੀਪ ਸਿੰਘ ਇਕੋ ਹੀ ਮਹਾਂਨਾਇਕ ਸਨ, ਪਰ ਇਹ ਦੂਜਾ ਸ਼ਰੀਕ ਕਿਵੇਂ ਪੈਦਾ ਹੋ ਗਿਆ। ਬਾਬਾ ਦੀਪ ਸਿੰਘ ਦੇ ਸ਼ਰੀਕ ਦੀ ਇਹ ਕਹਾਣੀ ਬ੍ਰਾਹਮਣ ਦੇ ਸਰਾਪ ਤੇ ਗਊਆਂ ਦੁਆਲੇ ਘੜੀ ਗਈ। ਇਹ ਦੱਸਿਆ ਨਹੀਂ ਕਿ ਬਾਬਾ ਸਿਧ ਸਿਉ ਕਿਸ ਮਿਸਲ ਵਿਚ ਸੀ। ਪੰਜਾਬ ਵਿਚ ਉਦੋਂ ਅਫਗਾਨਿਸਤਾਨ ਦੇ ਪਠਾਣ ਹਮਲੇ ਕਰ ਰਹੇ ਸਨ, ਨਾ ਕਿ ਮੁਸਲਮਾਨ। ਨਕਲੀ ਇਤਿਹਾਸ ਲਿਖਣ ਵਾਲੇ ਨੂੰ ਸੋਝੀ ਨਹੀਂ ਤੇ ਨਾ ਹੀ ਦੱਸਿਆ ਕਿ ਇਹ ਕਿਸ ਮੁਸਲਮ ਜਰਨੈਲ ਵਿਰੁੱਧ ਯੁੱਧ ਸੀ। ਇਹ ਬਾਬੇ ਦਾ ਪੰਥ ਲਈ ਕੀ ਮਿਸ਼ਨ ਸੀ? ਸਾਡੇ ਬਜੁਰਗ ਮਨੁੱਖੀ ਅਧਿਕਾਰਾਂ ਤੇ ਖਾਲਸਾ ਰਾਜ ਦੀ ਸਿਰਜਣਾ ਲਈ ਲੜੇ ,ਕਟ ਮਰੇ ਪਰ ਗਊਆਂ ਲਈ ਕਦੇ ਵੀ ਨਹੀਂ ਲੜੀ। ਮੈਂ ਤਲਵਨ ਜਾ ਕੇ ਵੀ ਪੜਤਾਲ ਕੀਤੀ ਪਰ ਇਥੇ ਕੁਝ ਨਹੀਂ ਲਭਿਆ, ਇਸ ਬਾਬੇ ਬਾਰੇ ਨਾ ਇਤਿਹਾਸਕ ਸਰੋਤ ਗਵਾਹੀ ਦੇਂਦੇ ਹਨ। ਸ਼੍ਰੋਮਣੀ ਕਮੇਟੀ ਤੇ ਸਰਕਾਰ ਨੂੰ ਇਸ ਸੰਦਰਭ ਵਿਚ ਜਾਂਚ ਕਰਨੀ ਚਾਹੀਦੀ ਹੈ।

---

# ਨਫ਼ਰਤੀ ਭੀੜਤੰਤਰ ਅਤੇ ਸਰਕਾਰੀ ਭਗਵਾਂਵਾਦ

**ਗੁਰਮੀਤ ਪਲਾਹੀ**

"ਦੇਸ਼ ਵਿੱਚ ਇਹ ਕੀ ਹੋ ਰਿਹਾ ਹੈ?" ਜਿਹੇ ਸਵਾਲ ਜੇਕਰ ਦੇਸ਼ ਦੀ ਸਰਬ-ਉੱਚ-ਅਦਾਲਤ ਦਾ ਸਰਬ-ਉੱਚ-ਜੱਜ ਕਰੇ ਤਾਂ ਗੱਲ ਸਮਝ ਤੋਂ ਬਾਹਰ ਨਹੀਂ ਰਹਿਣੀ ਚਾਹੀਦੀ ਕਿ ਦੇਸ਼ ਵਿੱਚ ਸਭ ਅੱਛਾ ਨਹੀਂ ਹੈ। ਦੇਸ਼ ਵਿਚ ਚੌਧਰ ਦੇ ਭੁੱਖੇ ਕੁਝ ਲੋਕ "ਬਾਕੀ ਸਭਨਾਂ" ਨੂੰ ਆਪਣੀ ਤਾਕਤ ਨਾਲ ਦਬਾਅ ਕੇ ਰੱਖਣਾ ਚਾਹੁੰਦੇ ਹਨ।

ਦੇਸ਼ ਵਿੱਚ ਹੁਣ ਵਾਲੀ ਹਾਕਮ ਜਮਾਤ ਵੱਲੋਂ ਧੜਾ-ਧੜ ਲੋਕ ਸਭਾ-ਰਾਜ ਸਭਾ ਵਿੱਚ ਬਿੱਲ ਪਾਸ ਹੋ ਰਹੇ ਹਨ। ਨਿੱਤ ਨਵੇਂ-ਨਵੇਂ ਕਾਲੇ ਕਾਨੂੰਨ ਬਣ ਰਹੇ ਹਨ। ਰਾਸ਼ਟਰਪਤੀ ਉਨ੍ਹਾਂ ਉੱਤੇ ਬਿਨਾ ਉਜਰ ਦਸਤਖਤ ਕਰੀ ਜਾ ਰਹੇ ਹਨ। ਅੱਤਵਾਦ ਨੂੰ ਖ਼ਤਮ ਕਰਨ ਲਈ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਸੋਧ ਬਿੱਲ ਪਾਸ ਹੋ ਗਿਆ। ਇਸ ਕਨੂੰਨ ਦੇ ਪਾਸ ਹੋਣ ਨਾਲ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੂੰ ਜਥੇਬੰਦੀ ਦੇ ਨਾਲ-ਨਾਲ ਕਿਸੇ ਵੀ ਵਿਅਕਤੀ ਨੂੰ ਦਹਿਸ਼ਤਗਰਦ ਕਰਾਰ ਦੇਣ ਦੇ ਅਧਿਕਾਰ ਦੇ ਦਿੱਤੇ ਗਏ ਹਨ। ਵਿਰੋਧੀ ਧਿਰ ਨੇ ਇਸ ਬਿੱਲ ਦਾ ਇਹ ਕਹਿ ਕੇ ਵਿਰੋਧ ਕੀਤਾ ਹੈ ਕਿ ਦੇਸ਼ ਨੂੰ ਉਸ ਵਿਚਾਰਧਾਰਾ ਵੱਲ ਅੱਗੇ ਵਧਾਇਆ ਜਾ ਰਿਹਾ ਹੈ। ਜਿਹੜਾ ਸੰਕੇਤ ਕਰਦਾ ਹੈ ਕਿ ਜੇ ਮੈਂ ਜਾਂ ਤੁਸੀਂ ਸਰਕਾਰ ਦੀ ਅਲੋਚਨਾ ਕਰਦੇ ਹੋ ਤਾਂ ਰਾਸ਼ਟਰ ਵਿਰੋਧੀ ਕਹਿਲਾਉਣਗੇ। ਪਰ ਦੇਸ਼ ਵਿੱਚ ਫੈਲ ਰਹੀ ਜਾਂ ਫੈਲਾਏ ਜਾ ਰਹੀ ਨਫ਼ਰਤੀ ਭੀੜ ਤੰਤਰ ਬਾਰੇ ਕੁਝ ਵੀ ਬੋਲਿਆ ਨਹੀਂ ਜਾ ਰਿਹਾ ਹਾਲਾਂਕਿ ਦੇਸ਼ ਦੀ ਸੁਪਰੀਮ ਕੋਰਟ ਨੇ ਕੇਂਦਰੀ ਸਰਕਾਰ ਅਤੇ ਲੱਗਭੱਗ ਸਾਰੀਆਂ ਮੁੱਖ ਸੂਬਾ ਸਰਕਾਰਾਂ ਨੂੰ ਪੁੱਛਿਆ ਹੈ ਕਿ ਨਫ਼ਰਤੀ ਭਗਵੀਂ ਭੀੜਤੰਤਰ ਨੂੰ ਨੱਥ ਪਾਉਣ ਲਈ ਉਨ੍ਹਾਂ ਵੱਲੋਂ ਕੀ ਕੀਤਾ ਜਾ ਰਿਹਾ ਹੈ। "ਰਾਸ਼ਟਰਵਾਦ" ਦੇ ਨਾਮ ਉਤੇ ਮਿਲਦੀਆਂ, ਮੁਲਕ ਛੱਡਣ ਦੀਆਂ ਧਮਕੀਆਂ ਅਤੇ ਇਹਨਾ ਵਾਪਰ ਰਹੀਆਂ ਘਟਨਾਵਾਂ ਦੀਆਂ ਮੌਕੇ ਤੇ ਵੀਡੀਓ ਬਣਾ ਕੇ 'ਸ਼ੋਸ਼ਲ ਮੀਡੀਆ ਰਾਹੀ ਪ੍ਰਚਾਰਣ ਕਰਨਾ, ਕੀ ਅਸਲ ਵਿੱਚ ਕਿਸੇ ਘੱਟ-ਗਿਣਤੀ ਵਿਸ਼ੇਸ਼ ਫਿਰਕੇ ਨੂੰ ਇਹ ਦਰਸਾਉਣਾ ਨਹੀਂ ਕਿ ਉਹ ਇਸ ਦੇਸ਼ ਵਿਚ ਦੂਜੇ ਦਰਜੇ ਦੇ ਸ਼ਹਿਰੀ ਹਨ। ਕੀ ਭੀੜ ਤੰਤਰ ਦੀਆਂ ਆਪਹੁਦਰੀਆਂ 'ਰਾਸ਼ਟਰੀ ਅਪਰਾਧ' ਨਹੀਂ ਹੈ? ਬਹੁਤਾ ਕਰਕੇ ਭੀੜਤੰਤਰ ਦੀਆਂ ਇਹ ਕਾਰਵਾਈਆਂ ਉੱਤਰ ਪ੍ਰਦੇਸ਼, ਰਾਜਸਥਾਨ, ਬਿਹਾਰ ਵਰਗੇ ਵੱਡੇ ਸੂਬਿਆਂ ਵਿਚ ਵਾਪਰੀਆਂ ਹਨ। ਉਤਰ ਪ੍ਰਦੇਸ਼ ਲਾਅ ਕਮਿਸ਼ਨ ਨੇ ਪਿਛਲੇ ਮਹੀਨੇ ਪਹਿਲ-ਕਦਮੀ ਕਰਦਿਆਂ ਸਰਕਾਰ ਨੂੰ ਭੀੜ ਤੰਤਰ ਰੋਕੂ ਬਿੱਲ ਦਾ ਇੱਕ ਡਰਾਫਟ ਤਿਆਰ ਕਰਕੇ ਦਿੱਤਾ ਹੈ, ਪਰ ਇਸ ਤੋਂ ਪਹਿਲਾਂ ਮਨੀਪੁਰ ਦੀ ਸਰਕਾਰ ਨੇ ਨਫ਼ਰਤੀ ਭੀੜ ਤੰਤਰ ਨੂੰ ਰੋਕਣ ਲਈ ਇੱਕ ਆਰਡੀਨੈਂਸ ਪਿਛਲੇ ਸਾਲ ਜਾਰੀ ਕੀਤਾ ਸੀ। ਇਸ ਲਈ ਬਿੱਲ ਡਰਾਫਟ ਅਤੇ ਮਨੀਪੁਰ ਆਰਡੀਨੈਂਸ ਵਿੱਚ ਭੀੜਤੰਤਰ ਨੂੰ ਕਾਬੂ ਕਰਨ ਲਈ ਪੁਲਸ ਤੰਤਰ ਨੂੰ ਕਾਨੂੰਨ ਅਨੁਸਾਰ ਭਰਵੇਂ ਅਧਿਕਾਰ ਦੇਣ ਦੀ ਗੱਲ ਕੀਤੀ ਗਈ ਹੈ। ਇਸੇ ਕਿਸਮ ਦੀ ਇੱਕ ਪਹਿਲ ਕਦਮੀ ਨੈਸ਼ਨਲ ਯੂਪੀਏ ਸਰਕਾਰ ਵੱਲੋਂ ਨੈਸ਼ਨਲ ਐਡਵਾਈਜਰੀ ਕੌਂਸਲ ਨੇ ਕੀਤੀ ਸੀ ਅਤੇ ਸੁਝਾਇਆ ਸੀ ਕਿ ਪਬਲਿਕ ਸੁਰੱਖਿਆ ਲਈ ਪੁਲਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਇਸ ਢੰਗ ਨਾਲ ਸੰਵਿਧਾਨਕ ਅਤੇ ਕਾਨੂੰਨੀ ਡਿਊਟੀ ਨਿਭਾਉਣ ਕਿ ਹਰ ਵਰਗ, ਧਰਮ, ਜਾਤ ਦੇ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ। ਪਰ ਇਹ ਸੁਝਾਅ ਕਾਨੂੰਨ ਕਦੇ ਨਹੀਂ ਬਣਾਇਆ ਗਿਆ। ਰਾਜਸਥਾਨ ਵਿਚਲੀ ਕਾਂਗਰਸ ਸਰਕਾਰ ਨੇ ਵੀ ਭੀੜਤੰਤਰ ਸੰਬੰਧੀ ਕਾਨੂੰਨ ਬਣਾਉਣ ਲਈ ਕਦਮ ਚੁੱਕੇ ਹਨ। ਉਹ ਦੇਸ਼ ਜਿਥੇ ਨੀਵੀਂ ਜਾਤ ਦਾ ਵਰਗੀਕਰਨ ਕੀਤਾ ਜਾਂਦਾ ਹੋਵੇ, ਜਿਥੇ ਉੱਚ ਜਾਤੀ ਦੇ ਲੋਕ ਨੀਵੀਂ ਜਾਤ ਦੇ ਲੋਕਾਂ ਨੂੰ ਵਿਆਹ ਸਮੇਂ ਘੋੜੀ ਉੱਤੇ ਚੜ੍ਹ ਕੇ ਜਾਣ ਤੋਂ ਰੋਕਣ ਅਤੇ ਫਸਾਦ ਕਰਨ, ਜਿਥੇ ਮੰਦਰਾਂ ਵਿੱਚ ਜਾਣ ਤੋਂ ਇਸਤਰੀਆਂ ਤੱਕ ਨੂੰ ਰੋਕ ਹੋਵੇ, ਉਸ ਦੇਸ਼ ਵਿੱਚ ਨਫ਼ਰਤੀ ਵਰਤਾਰਾ ਉਸ ਸਮੇਂ ਹੋਰ ਵਧਦਾ ਹੈ, ਜਦੋਂ ਧਰਮ, ਜਾਤ, ਫਿਰਕੇ ਦੇ ਨਾਂਅ ਉਤੇ ਵੋਟਾਂ ਮੰਗੀਆਂ ਜਾਂਦੀਆਂ ਹਨ। ਦੇਸ਼ ਵਿੱਚ ਭੀੜ ਤੰਤਰ ਦੀਆਂ ਘਟਨਾਵਾਂ ਵਾਪਰੀਆਂ ਹਨ ਪਰ ਇਹ ਸਿੱਤਮ ਦੀ ਗੱਲ ਹੈ ਕਿ ਇਨ੍ਹਾਂ ਨੂੰ ਭੀੜਤੰਤਰ ਦੀਆਂ ਘਟਨਾਵਾਂ ਨਹੀਂ ਗਿਣਿਆ ਜਾਂਦਾ ਸਗੋਂ ਸਰਕਾਰੀ ਤੌਰ ਤੇ ਰਿਕਾਰਡ ਵਿੱਚ ਫਿਰਕੂ ਦੰਗੇ, ਜਾਂ ਧਰਮਾ ਜਾਤਾਂ ਦੇ ਆਪਸੀ ਕਲੇਸ਼ ਦੇ ਨਾਂਅ ਦਿੱਤਾ ਜਾਂਦਾ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਨੇ ਰਿਕਾਰਡ ਕੀਤਾ ਕਿ 20 14 ਵਿੱਚ ਦੇਸ਼ ਦੇ ਵੱਖ-ਵੱਖਰੇ ਫਿਰਕਿਆਂ ਵਿੱਚ 2014 ਦੇ ਵਿੱਚ 336 ਅਤੇ 2015 ਵਿੱਚ 424 ਕੇਸ ਦਰਜ ਹੋਏ। ਸਾਲ 2015 ਵਿੱਚ ਸੈਂਕੜਿਆਂ ਦੀ ਗਿਣਤੀ ਵਿਚ ਇਕੱਠੀ ਹੋਈ ਭੀੜ ਨੇ ਮੁਹੰਮਦ ਇਖਲਾਕ ਨਾਮ ਦੇ ਇੱਕ ਬੰਦੇ ਨੂੰ ਹਰਿਆਣਾ ਦੇ ਇਸ ਪਿੰਡ ਵਿੱਚ ਇਸ ਕਰਕੇ ਮਾਰ ਦਿੱਤਾ ਗਿਆ ਕਿ ਖਦਸ਼ਾ ਸੀ ਕਿ ਉਸ ਨੇ ਗਾਂ ਦਾ ਮਾਸ ਖਾਧਾ ਹੈ।

ਬਾਕੀ ਸਫ਼ਾ 32 'ਤੇ


TRANS-ALLIANCE
TOGETHER WE SAVE
22
TRANS-ALLIANCE
TOGETHER WE SAVE
4201 3247 5388 5103
VALID FROM 01/12
GOOD THRU 31/15
CARDHOLDER NAME
EFS
GET FLAT 22 CENTS
DISCOUNT AT
TA
TravelCenters of America
PETRO
Stopping Centers
We also offer Line of Credit for Fuel Card
Additional Services with our Fuel Card
✓ National Tire Program
✓ PM & Light Mechanical
✓ 24 Hour Dedicated Repair Service
TRANS-ALLIANCE
TOGETHER WE SAVE
ਪੰਜਾਬੀ ਵਿਚ ਜਾਣਕਾਰੀ ਲਈ
1.855.641.6955
1.888.795.7035
www.trans-alliance.com

# ਮੁਟਿਆਰਾਂ ਤੇ ਵਿਹਾਂਦੜਾਂ ਦਾ ਤਿਉਹਾਰ
# "ਤੀਆਂ ਤੀਜ ਦੀਆਂ"



**ਕਰਨਪਰੀਤ ਧੰਦਰਾਲ ਬਰਨਾਲਾ**
(99157-85005)

ਅੱਜ ਭਾਵੇਂ ਤੀਆਂ ਪਿੜਾਂ 'ਚੋਂ ਗਾਇਬ ਹੋ ਕੇ ਸਿਰਫ ਸਕੂਲਾਂ ਕਾਲਜਾਂ ਦੀਆਂ ਸਟੇਜਾਂ ਫੇਸਬੁੱਕ, ਵਟਸਐਪ ਅਤੇ ਇੰਟਰਨੈੱਟ ਤੱਕ ਹੀ ਸਿਮਟ ਕੇ ਰਹਿ ਗਈਆਂ ਪਰ 'ਧੀਆਂ ਜੰਮੀਆਂ-ਤੀਆਂ ਆਰੰਭੀਆਂ' ਤਹਿਤ ਸਾਉਣ ਦਾ ਮਹੀਨਾਂ ਆਉਂਦਿਆਂ ਹੀ ਜਿੱਥੇ ਸੱਜ ਵਿਆਹੀਆਂ ਕੁੜੀਆਂ ਨੂੰ ਚਾਈਂ ਚਾਈਂ ਪੇਕਿਆਂ ਵੱਲੋਂ ਸੰਧਾਰਿਆਂ ਦੀ ਸੌਗਾਤ ਰਾਹੀਂ ਮਾਂ ਬਾਪ ਭਰਾ ਭਰਜਾਈਆਂ ਤੇ ਭਤੀਜਿਆਂ ਭਾਣਜਿਆਂ ਦਾ ਪਿਆਰ ਸਤਿਕਾਰ ਰੱਜ ਰੱਜ ਮਿਲਦਾ ਹੈ, ਉਸੇ ਤਰਾਂ ਅੱਲੜ ਮੁਟਿਆਰਾਂ ਦੇ ਚੇਹਰਿਆਂ 'ਤੇ ਤੀਆਂ ਤੀਜ ਦੀਆਂ ਰੌਣਕ ਦਾ ਵੱਖਰਾ ਹੀ ਰੰਗ ਦੇਖਣ ਨੂੰ ਮਿਲਦਾ ਹੈ। ਕਦੇ ਇਸ ਤਿਉਹਾਰ ਵਿਚ ਪੰਜਾਬੀ ਭਾਈਚਾਰੇ ਦੀ ਇਕਜੁੱਟਤਾ ਤੇ ਸੱਭਿਆਚਾਰ ਦੀ ਅਸਲ ਮਹਿਕ ਹੁੰਦੀ ਸੀ। ਪਿੱਪਲਾਂ-ਬਰੋਟਿਆਂ-ਟਾਹਲੀਆਂ ਦੇ ਜੋਬਨ ਵੀ ਜੋਰਾਂ 'ਤੇ ਹੁੰਦੇ ਹਨ, ਹਰ ਰੁੱਤ, ਹਰ ਮਹੀਨੇ 'ਚ ਤਿੱਥ-ਤਿਉਹਾਰਾਂ ਦੀ ਸਿਰਜਣਾ ਪੰਜਾਬ ਦੇ ਅਮੀਰ ਸੱਭਿਆਚਾਰ ਦੀ ਸਦਾ ਨਿਰੰਤਰ ਚਾਲ ਰਹੀ ਹੈ। ਰੁੱਤ ਭਾਵੇਂ ਗਰਮੀ ਦੀ ਹੋਵੇ, ਸਰਦੀ ਦੀ ਹੋਵੇ, ਪਤਝੜ ਦੀ ਹੋਵੇ, ਗੁਲਾਬੀ ਠੰਢ ਦੀ ਹੋਵੇ, ਬਸੰਤ ਦੀ ਹੋਵੇ ਜਾਂ ਵਰਖਾ ਦੀ, ਹਰ ਮਹੀਨੇ ਕੋਈ ਨਾ ਕੋਈ ਤਿੱਥ ਤਿਉਹਾਰ ਪੰਜਾਬ ਦੇ ਵਿਰਸੇ ਨਾਲ ਜੁੜਿਆ ਹੋਣ ਕਰਕੇ ਚਾਵਾਂ ਮਲਾਰਾਂ ਨਾਲ ਮਨਾਇਆ ਜਾਂਦਾ ਹੈ। ਸਭ ਉਮਰ ਵਰਗ ਦੇ ਲੋਕ, ਬਜ਼ੁਰਗ, ਗੱਭਰੂ, ਮੁਟਿਆਰਾਂ ਅਤੇ ਕੀ ਬਾਲ-ਬੱਚੀਆਂ, ਸਭ ਖੁਸ਼ੀਆਂ-ਖੇੜਿਆਂ ਨੂੰ ਆਪੋ-ਆਪਣੇ ਪੱਧਰ 'ਤੇ ਮਾਣਦੇ ਹਨ ਅਤੇ ਆਪਸੀ ਸਾਂਝ-ਪਿਆਰ ਦਾ ਇਜ਼ਹਾਰ ਕਰਦੇ ਹਨ। ਪੰਜਾਬ ਦੇ ਅਮੀਰ ਵਿਰਸੇ ਨਾਲ ਜੁੜੇ ਤਿਉਹਾਰਾਂ 'ਚੋਂ 'ਤੀਆਂ ਤੀਜ ਦੀਆਂ' ਦਾ ਤਿਉਹਾਰ ਔਰਤਾਂ ਦਾ ਖੁਸ਼ੀਆਂ ਸਾਂਝੀਆਂ ਕਰਨ ਤੇ ਆਪਣੇ ਤੋਂ ਵਿੱਛੜੀਆਂ ਸਹੇਲੀਆਂ ਨੂੰ ਮਿਲਣ ਦਾ ਵੱਡਾ ਤੇ ਦਿਲੀ ਸਾਂਝ ਦਾ ਪਤੀਕ ਹੈ। ਇਸ ਨੂੰ ਚੰਦ ਦੇਖਣ ਵਾਂਗੂੰ ਮੱਥੇ ਤੇ ਹੱਥ ਰੱਖ ਕੇ ਉਡੀਕਿਆਂ ਜਾਂਦਾ ਹੈ, ਖਾਸ ਕਰਕੇ ਨਵ-ਵਿਆਹੀਆਂ ਜਾਂ ਕੁਆਰੀਆਂ ਮੁਟਿਆਰਾਂ ਤੀਆਂ ਦੇ ਨਾਂਅ 'ਤੇ ਪਿੜ ਬੰਨ ਲੈਂਦੀਆਂ ਹਨ। ਸਾਉਣ ਮਹੀਨੇ ਨਾਲ ਸਬੰਧਿਤ ਬਹੁਤ ਸਾਰੇ ਲੋਕ-ਗੀਤਾਂ, ਟੱਪਿਆਂ, ਬੋਲੀਆਂ ਆਦਿ ਵਿਚ ਇਸ ਤਿਉਹਾਰ ਦਾ ਜ਼ਿਕਰ ਆਉਂਦਾ ਹੈ। ਇਹ ਸਾਉਣ ਮਹੀਨੇ ਦੀ ਤੀਜ ਤੋਂ ਸ਼ੁਰੂ ਹੋ ਕੇ ਸਾਉਣ ਪੁੰਨਿਆ ਤੱਕ ਚਲਦਾ ਹੈ। ਸਾਉਣ ਮਹੀਨੇ ਦੀ ਪਹਿਲੀ ਵਾਛੜ ਨਾਲ ਹੀ ਜਿਥੇ ਧਰਤੀ ਉੱਪਰ ਹਰਿਆਲੀ ਸ਼ੁਰੂ ਹੋ ਜਾਂਦੀ ਹੈ, ਉਥੇ ਨਾਰੀ ਜਾਤੀ ਲਈ ਇਸ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਪਿੱਪਲਾਂ 'ਤੇ ਪਾਈਆਂ ਪੀਘਾਂ ਤੇ ਝੂਟੇ ਲੈਂਦੀਆਂ ਮੁਟਿਆਰਾਂ, ਗਿੱਧੇ 'ਚ ਪੈਂਦੀ ਧਮਾਲ ਦੌਰਾਨ "ਵੇ ਮੈਂ ਨੀਂ ਸਹੁਰੇ ਜਾਣਾ ਖਾਲੀ ਗੱਡੀ ਲੈ ਜਾ ਮੋੜ ਵੇ, ਭਿੱਜ ਗਈ ਰੂਹ ਮਿੱਤਰਾ ਸਾਉਣ ਘਟਾ ਚੜ ਆਈਆਂ, ਪੀਘਾਂ ਝੂਟਦੀਆਂ ਤ੍ਰਿੰਜਣਾਂ ਵਿੱਚ ਮੁਟਿਆਰਾਂ", ਆਦਿ ਗੀਤਾਂ ਤੇ ਬੋਲੀਆਂ ਕੰਨਾਂ ਵਿਚ ਰਸ ਘੋਲਦੀਆਂ ਹਨ। ਕੋਈ ਖੁਸ਼ੀ ਖੇੜੇ ਦਾ ਮੌਕਾ ਹੋਵੇ ਤੇ ਪੰਜ ਸੱਤ ਮੁਟਿਆਰਾਂ ਇਕੱਤਰ ਹੋ ਜਾਣ, ਤਾਂ ਸੁਭਾਵਿਕ ਹੀ ਗਿੱਧੇ ਦਾ ਪਿੜ ਬੱਝ ਜਾਂਦਾ ਹੈ ਅਤੇ ਫਿਰ ਚੱਲ-ਸੋ-ਚੱਲ। ਨਵੀਆਂ-ਨਵੀਆਂ ਬੋਲੀਆਂ, ਦੱਬੇ ਅਤੇ ਲੁਕਾਏ ਹੋਏ ਅਰਮਾਨਾਂ ਦੇ ਭਾਵਾਂ ਅਤੇ ਵਿਚਾਰਾਂ ਨੂੰ ਲੈ ਕੇ ਪਿੜ 'ਚ ਖੁਸ਼ੀਆਂ ਦੇ ਸੱਤਾਂ ਰੰਗਾਂ ਦੀ ਮਿਠਾਸ ਵਾਲੀ ਛਹਿਬਰ ਲੱਗ ਜਾਂਦੀ ਹੈ। ਝੁੰਡ ਵਿੱਚੋਂ ਬੋਲੀ ਪੈਂਦੀ, "ਆਓ ਨੀ ਕੁੜੀਓ ਹੱਸੀਏ ਖੇਡੀਏ, ਪਿੱਪਲੀਂ ਪੀਘਾਂ ਪਾਈਏ, ਤੀਆਂ ਨੇ ਕੁੜੀਓ ਕਦ ਕਦ ਆਉਣਾ, ਰੱਜ-ਰੱਜ ਸ਼ਗਨ ਮਨਾਈਏ" ਤਾਂ ਦੂਜੇ ਪਾਸਿਓਂ ਵੀ "ਹੁਣ ਆ ਗਿਆ ਸਾਵਣ ਨੀਂ, ਪੀਘਾਂ ਪਿੱਪਲੀਂ ਜਾ ਕੇ ਪਾਈਏ, ਖਿੜ ਖਿੜ ਫੁੱਲਾਂ ਨੇ ਨੀਂ ਸਾਨੂੰ ਮਾਹੀਆ ਯਾਦ ਕਰਾਇਆ, ਮੈਂ ਰੋ-ਰੋ ਮਰ ਗਈ ਨੀਂ" ਰਾਹੀਂ ਘਰ ਤੋਂ ਦੂਰ ਗਏ ਮਾਹੀ ਸਬੰਧੀ ਤਰਲੇ ਕਰਦੀਆਂ ਮੁਟਿਆਰਾਂ ਦੇ ਗੀਤ ਸੁਣਦੇ ਹਨ। "ਵੇ ਮਹਿਰਮਾ, ਛੇਤੀ ਘਰ ਨੂੰ ਆਵੀਂ, ਸਾਡੀਆਂ ਸੁੱਕੀਆਂ ਤੀਆਂ ਵੇ, ਆ ਕੇ ਰਿਮਝਿਮ-ਰਿਮਝਿਮ ਲਾਵੀਂ" ਅਤੇ ਮਾਂ -ਬਾਪ, ਭਰਾ, ਚਾਚੇ, ਮਾਮੇ, ਤਾਏ ਆਦਿ ਰਿਸ਼ਤੇਦਾਰ ਇਨਾਂ ਅਣਭੋਲਾਂ ਦੇ ਭਾਵ ਸਮਝਦੇ ਹੋਏ, ਖੇਡਣ ਮੱਲਣ ਦੇ ਮੌਕੇ ਵੀ ਪ੍ਰਦਾਨ ਕਰਦੇ ਹਨ। ਇਥੋਂ ਤੱਕ ਕਿ ਕੁਦਰਤ ਵੀ ਧੀਆਂ-ਭੈਣਾਂ ਦੀ ਖੇਡ ਖੁਸ਼ੀ ਲਈ ਸਹਾਈ ਹੁੰਦੀ ਹੈ। ਬੜੇ, ਪਿੱਪਲ, ਬੋਹੜ , ਅੰਬ , ਜਾਮਣ, ਨਿੰਮਾਂ, ਫ਼ਲਾਹੀਆਂ ਆਦਿ ਦੇ ਦਰੱਖਤ ਆਪਣੇ ਆਪ ਨੂੰ 'ਧੰਨ' ਹੋ ਗਏ ਮਹਿਸੂਸ ਕਰਦੇ ਹਨ, ਜਦੋਂ ਮੁਟਿਆਰਾਂ ਉਥੇ, ਖੇਡਦੀਆਂ, ਗਾਉਂਦੀਆਂ, ਹੱਸਦੀਆਂ, ਕਿੱਕਲੀ ਪਾਉਂਦੀਆਂ ਨੱਚ- ਨੱਚ ਬਾਵਰੀਆਂ ਹੋ ਜਾਂਦੀਆਂ ਹਨ। ਇਸ ਸਬੰਧੀ ਇਕ ਬੋਲੀ ਪ੍ਰਚਲਿਤ ਹੈ ਕਿ, 'ਬੜਿਆਂ ਬਾਝ ਨਾ ਪਿੱਪਲ ਸੋਂਹਦੇ, ਫੁੱਲਾਂ ਬਾਝ ਫਲਾਹੀਆਂ, ਹੰਸਾਂ ਨਾਲ ਹਮੇਲਾਂ ਸੋਂਹਦੀਆਂ, ਬੰਦਾਂ ਨਾਲ ਗਜ਼ਰਾਈਆਂ, 'ਧੰਨ ਭਾਗ ਮੇਰੇ' ਆਖੇ ਪਿੱਪਲ, ਕੁੜੀਆਂ ਨੇ ਰੌਣਕਾਂ ਲਾਈਆਂ' ਸਾਉਣ ਵਿਚ ਕੁੜੀਆਂ ਨੇ, ਤੀਆਂ ਖੂਬ ਮਨਾਈਆਂ। ਤੀਆਂ ਦੇ ਦਿਨੀਂ ਨਵ-ਵਿਆਹੀਆਂ ਮੁਟਿਆਰਾਂ ਸਹੁਰੇ ਘਰ ਤੋਂ ਪੇਕੇ ਘਰ ਆ ਜਾਂਦੀਆਂ ਹਨ ਅਤੇ ਆਪਣੀਆਂ ਬਚਪਨ ਦੀਆਂ ਸਖੀਆਂ ਨਾਲ ਇਕੱਠੀਆਂ ਹੋ ਕੇ ਤੀਆਂ ਖੇਡਦੀਆਂ ਹਨ ਪਰੰਤੂ ਅੱਜ ਦੇ ਦੌਰ ਵਿੱਚ ਤੀਆਂ ਪਿੜਾਂ ਚੋਂ ਗਾਇਬ ਹੋ ਕੇ ਸਿਰਫ ਸਕੂਲਾਂ ਕਾਲਜਾਂ ਦੀਆਂ ਸਟੇਜਾਂ, ਫੇਸਬੁੱਕ, ਵਟਸਐਪ ਅਤੇ ਇੰਟਰਨੈੱਟ ਤੱਕ ਹੀ ਸਿਮਟ ਕੇ ਰਹਿ ਗਈਆਂ ਹਨ। ਟੀਵੀ, ਮੋਬਾਇਲ ਆਦਿ ਨੇ ਸਾਰੀਆਂ ਰੰਗੀਨ ਸੱਭਿਆਚਾਰਕ ਰਸਮਾਂ ਅਤੇ ਤਿਉਹਾਰਾਂ ਨੂੰ ਖੋਰਾ ਲਾ ਦਿੱਤਾ ਹੈ। ਸੋ ਲੋੜ ਹੈ, ਇਨਾਂ ਸਭਨਾਂ ਤਿਉਹਾਰਾਂ ਨੂੰ ਰਲ ਕੇ ਮਨਾਉਣ ਦੀ, ਤਾਂ ਜੋ ਅਗਲੀਆਂ ਪੀੜੀਆਂ ਇਸ ਅਣਮੁੱਲੀ ਅਮੀਰ ਵਿਰਾਸਤ ਨੂੰ ਮਾਣਨ ਤੇ ਸੰਭਾਲਣ।

---




**ਅੰਮ੍ਰਿਤਪਾਲ ਸਿੰਘ ਧੁੰਨ**
(+918847-634854)

ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ।।
ਜਗਤ ਜੂਠ ਤੰਬਾਕੂ ਨ ਸੇਵ।।

ਦਸਮ ਪਾਤਸ਼ਾਹ ਤੰਬਾਕੂ ਦੇ ਬੁਰੇ ਪ੍ਰਭਾਵਾਂ ਤੋਂ ਸੁਚੇਤ ਸਨ। ਇਸ ਕਾਰਨ ਹੀ ਉਨ੍ਹਾਂ ਆਪਣੇ ਸਿੱਖਾਂ ਨੂੰ ਤੰਬਾਕੂ ਦੇ ਸੇਵਨ ਤੋਂ ਮਨ੍ਹਾ ਕੀਤਾ। ਆਓ ਅਸੀਂ ਜਾਣਦੇ ਹਾਂ ਕਿ ਤੰਬਾਕੂ ਕੀ ਹੈ ? ਅਤੇ ਇਸ ਤੋਂ ਪੈਣ ਵਾਲੇ ਬੁਰੇ ਪ੍ਰਭਾਵ ਕੀ ਹਨ ? ਤੰਬਾਕੂ ਇੱਕ ਕਿਰਸਾਣੀ ਉਤਪਾਦ ਹੈ ਜੋ "ਨਿਕੋਟੀਆਨਾ" ਕੁਲ ਦੇ ਪੌਦਿਆਂ ਦੇ ਪੱਤਿਆਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਇਸ ਨੂੰ ਖਾਇਆ, ਕੀਟਨਾਸ਼ਕ ਵਜੋਂ ਵਰਤਿਆ ਅਤੇ ਨਿਕੋਟੀਨ ਟਾਰਟਰੇਟ ਵਜੋਂ ਦਵਾਈਆਂ ਵਿੱਚ ਵਰਤਿਆ ਜਾ ਸਕਦਾ ਹੈ। ਨਿਕੋਟੀਆਨਾ ਕੁਲ ਦੇ ਸੋਲਨਸੀਏ ਪਰਿਵਾਰ ਦੇ ਕਿਸੇ ਵੀ ਪੌਦੇ ਨੂੰ ਜਾਂ ਇਸ ਦੇ ਪੱਤਿਆਂ ਤੋਂ ਬਣੇ ਉਤਪਾਦਾਂ, ਜੋ ਸਿਗਰਟਾਂ ਆਦਿ ਵਿੱਚ ਵਰਤੇ ਜਾਂਦੇ ਹਨ, ਨੂੰ ਤੰਬਾਕੂ ਕਿਹਾ ਜਾਂਦਾ ਹੈ। ਇਸ ਦੀ ਸਭ ਤੋਂ ਵੱਧ ਵਰਤੋਂ ਨਸ਼ੇ ਦੇ ਤੌਰ ਉੱਤੇ ਹੀ ਹੁੰਦੀ ਹੈ ਅਤੇ ਕਿਊਬਾ, ਚੀਨ, ਭਾਰਤ ਅਤੇ ਸੰਯੁਕਤ ਰਾਜ ਵਰਗੇ ਦੇਸ਼ਾਂ ਦੀ ਇੱਕ ਨਫਾਦਾਇਕ ਫਸਲ ਹੈ। ਜਿੱਥੇ ਤੰਬਾਕੂ ਦੇਸ਼ ਦੀ ਆਮਦਨੀ ਲਈ ਨਫਾਦਾਇਕ ਹੈ, ਉਸ ਤੋਂ ਕਈ ਗੁਣਾ ਜਿਆਦਾ ਵਰਤੋਂਕਾਰਾਂ (ਸੇਵਨ ਕਰਨ ਵਾਲਿਆਂ ਲਈ) ਨੁਕਸਾਨਦਾਇਕ ਹੈ। ਐੱਨ. ਰਸਟਿਕਾ, ਨਾਮ ਦੀ ਪ੍ਰਜਾਤੀ ਵਾਲਾ ਤੰਬਾਕੂ ਤੁਰਕੀ, ਭਾਰਤ ਅਤੇ ਰੂਸ ਵਿਚ ਮੌਜੂਦਾ ਸਮੇਂ ਬਹੁਤ ਜ਼ਿਆਦਾ ਉਗਾਇਆ ਜਾਂਦਾ ਹੈ। ਖ਼ਾਰਾ ਨਿਕੋਟੀਨ ਤੰਬਾਕੂ ਦਾ ਸਭ ਤੋਂ ਵੱਧ ਪਛਾਣ ਦੇਣ ਵਾਲਾ ਸੰਘਟਕ ਮੰਨਿਆ ਜਾਂਦਾ ਹੈ ਪਰ ਨਿਕੋਟੀਨ ਆਪਣੇ-ਆਪ ਵਿੱਚ ਹੀ ਬਹੁਤ ਝੱਸ (ਅਮਲ) ਵਾਲਾ ਹੁੰਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਬੀਟਾ-ਕਾਰਬੋਲੀਨ ਅਤੇ ਨਿਕੋਟੀਨ ਵਿਚਲੇ ਪਰਸਪਰ ਪ੍ਰਭਾਵਾਂ ਕਰ ਕੇ ਹੀ ਤੰਬਾਕੂ ਫੂਕਣ ਦਾ ਅਮਲ ਲਗਦਾ ਹੈ। ਤੰਬਾਕੂ ਦੇ ਹਾਨੀਕਾਰਕ ਪ੍ਰਭਾਵ ਇਸ ਦੇ ਧੂੰਏ ਵਿਚਲੇ ਹਜ਼ਾਰਾਂ ਤਰ੍ਹਾਂ ਦੇ ਵੱਖ-ਵੱਖ ਸੰਯੋਗਾਂ (ਜਿਵੇਂ ਕਿ ਬੈਂਜ਼ਪਾਇਰੀਨ, ਫ਼ਾਰਮੈਲਡੀਹਾਈਡ, ਕੈਡਮੀਅਮ, ਗਿਲਟ, ਸੰਖੀਆ, ਫ਼ੀਨੋਲ ਅਤੇ ਹੋਰ ਬਹੁਤ ਸਾਰੇ) ਕਰ ਕੇ ਉਪਜਦੇ ਹਨ। ਤੰਬਾਕੂਨੋਸ਼ੀ ਵਿਚੋਂ 21 ਪ੍ਰਕਾਰ ਦੀ ਜ਼ਹਿਰ ਪੈਦਾ ਹੁੰਦੀ ਹੈ, ਜਿਹਨਾਂ ਵਿਚੋਂ ਨਿਕੋਟੀਨ ਸਭ ਤੋਂ ਜ਼ਹਿਰੀਲੀ ਹੁੰਦੀ ਹੈ। ਨਿਕੋਟੀਨ ਦੀ ਜ਼ਹਿਰੀਲੀ ਤਾਕਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਦੀ ਇਕ ਬੂੰਦ ਨਾਲ 6 ਬਿੱਲੀਆਂ ਜਾਂ 2 ਕੁੱਤੇ ਮਰ ਸਕਦੇ ਹਨ। 8 ਬੂੰਦਾਂ ਘੋੜੇ ਨੂੰ ਮਾਰਨ ਲਈ ਕਾਫ਼ੀ ਹਨ। ਇਸ ਤੋਂ ਬਿਨਾ ਨਿਕੋਟੀਨ ਜ਼ਹਿਰ ਨਾੜੀ ਤੰਤਰ ਦੇ ਨਾਲ-ਨਾਲ ਫੇਫੜਿਆਂ ਵਰਗੇ ਕੋਮਲ ਅੰਗਾਂ ਨੂੰ ਨਸ਼ਟ ਕਰ ਦਿੰਦੀ ਹੈ ਅਤੇ ਜੀਅ ਕੱਚਾ ਹੋਣ ਲਗਦਾ ਹੈ, ਜਿਸ ਨਾਲ ਖੂਨ ਦਾ ਦਬਾਅ ਵਧ ਜਾਂਦਾ ਹੈ। ਨਿਕੋਟੀਨ ਦੀ ਲਗਾਤਾਰ ਵਰਤੋਂ ਅੱਖਾਂ 'ਤੇ ਵੀ ਬੁਰਾ ਅਸਰ ਪਾਉਂਦੀ ਹੈ। ਕਈ ਵਾਰ ਵਿਅਕਤੀ ਅੰਨ੍ਹਾ ਵੀ ਹੋ ਸਕਦਾ ਹੈ। ਇਸ ਤੋਂ ਇਲਾਵਾ ਨਿਕੋਟੀਨ ਨਾਲ ਗਲੇ ਦੇ ਅਨੇਕਾਂ ਰੋਗ, ਪੇਟ ਵਿਚ ਜ਼ਖਮ ਵੀ ਸੰਭਵ ਹਨ। ਤੰਬਾਕੂ ਵਿਚ ਮੌਜੂਦ 'ਅਲਕਤਰੇ' ਦੇ ਹਾਨੀਕਾਰਕ ਪਦਾਰਥ, ਨੱਕ, ਮੂੰਹ, ਬੁੱਲ੍ਹਾਂ, ਗਲੇ, ਜੀਭ, ਗੁਰਦੇ ਅਤੇ ਫੇਫੜਿਆਂ ਵਿਚ ਜਾਂਦੇ ਹਨ, ਜਿਸ ਨਾਲ ਕੈਂਸਰ ਵਰਗੀ ਭਿਆਨਕ ਬਿਮਾਰੀ ਹੋ ਸਕਦੀ ਹੈ। ਗੁਰਦੇ ਵਿਚ 'ਅਲਕਤਰੇ' ਨਾਲ 'ਐਂਫੀਸੀਮਾ' ਨਾਂ ਦਾ ਰੋਗ ਹੋ ਜਾਂਦਾ ਹੈ ਜੋ ਕੈਂਸਰ ਤੋਂ ਵੀ ਜ਼ਿਆਦਾ ਖਤਰਨਾਕ ਹੈ ਅਤੇ ਰੋਗੀ ਦੀ ਤੜਪ-ਤੜਪ ਕੇ ਜਾਨ ਨਿਕਲਦੀ ਹੈ।

ਤੰਬਾਕੂਨੋਸ਼ੀ ਕਰਨ ਨਾਲ ਫੇਫੜਿਆਂ ਦੇ ਕੈਂਸਰ ਹੋਣ ਦਾ ਗੰਭੀਰ ਖਤਰਾ ਹੈ। ਦਿਲ ਦੀਆਂ ਬਿਮਾਰੀਆਂ ਵਾਲੇ ਮਰੀਜ਼ਾਂ ਵਿਚ 30% ਮਰੀਜ਼ ਵੀ ਤੰਬਾਕੂ ਦੀ ਵਰਤੋਂ ਕਰਨ ਵਾਲੇ ਹੀ ਹੁੰਦੇ ਹਨ। 65 ਸਾਲ ਤੋਂ ਘੱਟ ਉਮਰ ਵਿਚ ਦਿਲ ਦੇ ਦੌਰੇ ਨਾਲ ਮਰਨ ਵਾਲਿਆਂ ਵਿਚ 40% ਤੰਬਾਕੂ ਦੀ ਵਰਤੋਂ ਕਰਨ ਵਾਲੇ ਹੁੰਦੇ ਹਨ।

ਦਮਾ ਅਤੇ ਸਾਹ ਦੀਆਂ ਬਿਮਾਰੀਆਂ ਵੀ ਜ਼ਿਆਦਾਤਰ ਤੰਬਾਕੂਨੋਸ਼ੀ ਕਾਰਨ ਹੁੰਦੀਆਂ ਹਨ। ਤੰਬਾਕੂ ਦੇ ਸੇਵਨ ਨਾਲ ਇਨਸਾਨ ਨੂੰ 30 ਤਰ੍ਹਾਂ ਦੀਆਂ ਬਿਮਾਰੀਆਂ ਚਿੰਬੜ ਜਾਂਦੀਆਂ ਹਨ।

ਤੰਬਾਕੂਨੋਸ਼ਾਂ ਵਿਚ ਕੰਨਾਂ ਨੂੰ ਸਿਗਨਲ ਭੇਜਣ ਵਾਲੇ ਖਿੱਤਿਆਂ ਵਿੱਚ ਤਬਦੀਲੀ ਆ ਜਾਂਦੀ ਹੈ ਅਤੇ ਅੱਲੜ੍ਹ ਉਮਰ ਵਿਚ ਦਿਮਾਗ ਲਈ ਖਤਰਾ ਕਈ ਗੁਣਾ ਵਧ ਜਾਂਦਾ ਹੈ।

ਸਿਗਰਟ ਪੀਣ ਨਾਲ ਪੈਦਾ ਹੋਈ ਜ਼ਹਿਰੀਲੀ ਗੈਸ ਨਿਕੋਟੀਨ ਦਾ ਕੁੱਖ ਵਿਚ ਪਲ ਰਹੇ ਭਰੂਣ ਦੇ ਦਿਮਾਗੀ ਵਿਕਾਸ 'ਤੇ ਵੀ ਬੁਰਾ ਅਸਰ ਪੈਂਦਾ ਹੈ। ਆਪਣੇ ਗਰਭ ਦਰਮਿਆਨ ਤੰਬਾਕੂਨੋਸ਼ੀ ਕਰਨ ਵਾਲੀਆਂ ਮਾਵਾਂ ਦੇ ਬੱਚੇ 12 ਗੁਣਾਂ ਵੱਧ ਜ਼ਿੱਦੀ ਅਤੇ ਹਮਲਾਵਰ ਹੋ ਸਕਦੇ ਹਨ।

ਸੰਸਾਰ ਵਿਚ ਤੰਬਾਕੂ ਦੀ ਵਰਤੋਂ ਨਾਲ ਹਰ ਸਾਲ ਅੰਦਾਜ਼ਨ 90 ਲੱਖ ਲੋਕ ਮੌਤ ਦੇ ਮੂੰਹ ਵਿੱਚ ਜਾਂਦੇ ਹਨ ਅਤੇ ਇਕੱਲੇ ਭਾਰਤ ਵਿਚ 8 ਲੱਖ ਲੋਕ ਸਿਗਰਟ ਨੋਸ਼ੀ ਕਰ ਕੇ ਮਰਦੇ ਹਨ।

ਤੰਬਾਕੂਨੋਸ਼ ਦੇ ਮੂੰਹ ਵਿਚੋਂ ਨਿਕਲਿਆ ਧੂੰਆਂ ਨੇੜੇ ਬੈਠੇ ਵਿਅਕਤੀ ਨੂੰ ਵੀ ਬਿਮਾਰੀ ਦੀ ਲਪੇਟ ਵਿਚ ਲੈ ਸਕਦਾ ਹੈ।

ਤੰਬਾਕੂਨੋਸ਼ੀ ਵਾਤਾਵਰਨ ਲਈ ਵੀ ਮਾਰੂ ਹੈ।

WHO ਜਿਸ ਨੂੰ ਅਸੀਂ ਵਿਸ਼ਵ ਸਿਹਤ ਸੰਗਠਨ ਵੀ ਆਖ ਸਕਦੇ ਹਾਂ, ਦੇ ਮੈਂਬਰ ਦੇਸ਼ਾਂ ਦੁਆਰਾ ਸੰਨ 1987 ਵਿਚ ਵਿਸ਼ਵ
ਤੰਬਾਕੂ ਰੋਕੂ ਦਿਵਸ ਦੀ ਸ਼ੁਰੂਆਤ ਕੀਤੀ ਗਈ ¢ WHO ਵਿਸ਼ਵ ਸਿਹਤ ਅਸੈਂਬਲੀ ਦੁਆਰਾ ਸੰਨ 1988 ਨੂੰ 42.19 ਦਾ ਮਤਾ ਪਾਸ ਕੀਤਾ ਗਿਆ। ਉਸ ਤੋਂ ਮਗਰੋਂ ਹਰ ਸਾਲ ਪੂਰੇ ਵਿਸ਼ਵ ਅੰਦਰ 31 ਮਈ ਨੂੰ ਤੰਬਾਕੂ ਰਹਿਤ ਦਿਵਸ ਮਨਾਇਆ ਜਾਂਦਾ ਹੈ ਅਤੇ ਵਿਸ਼ਵ ਸਿਹਤ ਸੰਗਠਨ ਵੱਲੋਂ ਹਰ ਸਾਲ ਇਸ ਦੇ ਸੁਧਾਰ ਲਈ ਪੂਰੇ ਯਤਨ ਕੀਤੇ ਜਾਂਦੇ ਹਨ।

ਪੂਰੇ ਵਿਸ਼ਵ ਅੰਦਰ ਤੰਬਾਕੂ ਉਦਯੋਗਾਂ ਦੁਆਰਾ ਉਸ ਦੇਸ਼ ਦੇ ਫਿਲਮੀ ਅਦਾਕਾਰਾਂ ਨੂੰ ਬਹੁਤ ਪੈਸਾ ਦੇ ਕੇ ਟੀਵੀ ਉੱਪਰ ਉਨ੍ਹਾਂ ਨੂੰ ਤੰਬਾਕੂ, ਸਿਗਰਟ ਆਦਿ ਦਾ ਸੇਵਨ ਕਰਦੇ ਦਿਖਾਇਆ ਜਾਂਦਾ ਹੈ, ਤਾਂ ਜੋ ਨਾਗਰਿਕਾਂ ਵਿਚ ਤੰਬਾਕੂਨੋਸ਼ੀ ਦੀ ਦਰ ਵਧ ਸਕੇ। ਤੰਬਾਕੂ ਉਦਯੋਗਾਂ ਵੱਲੋਂ ਤੰਬਾਕੂਨੋਸ਼ੀ ਵਿਚ ਮਰਦਾਂ ਦੇ ਨਾਲ ਔਰਤਾਂ ਦੀ ਦਰ ਵਧਾਉਣ ਲਈ ਵੀ ਹਰ ਸੰਭਵ ਯਤਨ ਕੀਤੇ ਜਾਂਦੇ ਹਨ। ਅਫਸੋਸ ਦੀ ਗੱਲ ਤਾਂ ਇਹ ਹੈ ਕਿ ਇਹ ਸਭ ਕੁਝ ਹਾਨੀਕਾਰਕ ਅਤੇ ਜਾਨਲੇਵਾ ਹੋਣ ਦੇ ਬਾਵਜੂਦ ਵਿਸ਼ਵ ਪੱਧਰ 'ਤੇ ਤੰਬਾਕੂ ਦੀ ਵਿਕਰੀ ਸ਼ਰੇਆਮ ਹੋ ਰਹੀ ਹੈ, ਰਾਸ਼ਟਰੀ, ਅੰਤਰਰਾਸ਼ਟਰੀ ਟੀਵੀ ਚੈਨਲਾਂ ਉਤੇ ਤੰਬਾਕੂ ਦੀ ਮਸ਼ਹੂਰੀ ਵੀ ਹੋ ਰਹੀ ਹੈ। ਕੀ ਕਦੇ ਕਿਸੇ ਦੇਸ਼ ਦੀ ਸਰਕਾਰ ਨੇ ਇਹ ਨਹੀਂ ਸੋਚਿਆ ਕਿ ਤੰਬਾਕੂਨੋਸ਼ੀ ਨਾਲ ਉਸ ਦੇਸ਼ ਦੇ ਨਾਗਰਿਕਾਂ 'ਤੇ ਕਿੰਨੇ ਬੁਰੇ ਪ੍ਰਭਾਵ ਪੈ ਰਹੇ ਹਨ, ਇਨ੍ਹਾਂ ਮਾਰੂ ਪ੍ਰਭਾਵਾਂ ਨੂੰ ਦੇਖਦੇ ਹੋਏ ਕਿਸੇ ਸਰਕਾਰ ਨੇ ਤੰਬਾਕੂ ਦੀ ਵਿੱਕਰੀ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਉਣ ਬਾਰੇ ਨਹੀਂ ਸੋਚਿਆ। ਇਸ ਦਾ ਦੂਸਰਾ ਪਹਿਲੂ ਇਹ ਹੈ ਕਿ ਦੇਸ਼ ਦੀ ਸਰਕਾਰੀ ਇਨਕਮ ਦਾ ਵੱਡਾ ਹਿੱਸਾ ਤੰਬਾਕੂ ਵਰਗੇ ਜ਼ਹਿਰ ਬਣਾਉਣ ਵਾਲੇ ਉਦਯੋਗਾਂ ਦੁਆਰਾ ਆਉਂਦਾ ਹੈ



ਬਾਕੀ ਸਫ਼ਾ 32 'ਤੇ




# ਪਾਠਕਾਂ ਦਾ ਨਜ਼ਰੀਆ

## ਭਾਰਤ ਦੇ ਕਾਲੇ ਕਨੂੰਨ ਤੇ ਫਾਸ਼ੀਵਾਦ

ਪਿਛਲੇ ਮਹੀਨੇ ਮੈਂ ਫ਼ਿਲਮਸਾਜ਼ਾਂ ਤੇ ਵਿਦਵਾਨਾਂ ਦੇ ਉਸ ਗਰੁੱਪ ਵਿਚ ਸ਼ਾਮਲ ਸਾਂ ਜਿਸ ਨੇ ਭਾਰਤ ਵਿਚ ਜਾਤ ਤੇ ਧਰਮ ਦੇ ਨਾਂ 'ਤੇ ਵੱਡੇ ਪੱਧਰ 'ਤੇ ਵਾਪਰ ਰਹੇ ਨਫ਼ਰਤੀ ਜੁਰਮਾਂ ਵੱਲ ਪ੍ਰਧਾਨ ਮੰਤਰੀ ਦਾ ਧਿਆਨ ਖਿੱਚਣ ਲਈ ਉਨ੍ਹਾਂ ਨੂੰ ਚਿੱਠੀ ਲਿਖੀ। ਅਸੀਂ ਇਸ ਚਿੱਠੀ ਵਿਚ ਗੁਜ਼ਾਰਿਸ਼ ਕੀਤੀ, "ਮੁਸਲਮਾਨਾਂ, ਦਲਿਤਾਂ ਅਤੇ ਹੋਰ ਘੱਟਗਿਣਤੀਆਂ ਦੇ ਹੋ ਰਹੇ ਹਜੂਮੀ ਕਤਲਾਂ ਨੂੰ ਫ਼ੌਰੀ ਰੋਕਿਆ ਜਾਵੇ।"

ਕੇਂਦਰ ਸਰਕਾਰ ਦੀ ਆਪਣੀ ਆਲੋਚਨਾ ਬਿਲਕੁਲ ਵੀ ਨਾ ਬਰਦਾਸ਼ਤ ਕਰ ਸਕਣ ਦੀ ਅਤਿ-ਸੰਵੇਦਨਸ਼ੀਲਤਾ ਬਾਰੇ ਵਾਕਫ਼ ਹੋਣ ਕਾਰਨ ਅਸੀਂ ਚਿੱਠੀ ਵਿਚ ਪ੍ਰਧਾਨ ਮੰਤਰੀ ਨੂੰ ਚੇਤੇ ਕਰਾਇਆ ਕਿ "ਹਾਕਮ ਪਾਰਟੀ ਦੀ ਆਲੋਚਨਾ ਦਾ ਮਤਲਬ ਦੇਸ਼ ਦੀ ਆਲੋਚਨਾ ਨਹੀਂ ਹੁੰਦਾ। ਕੋਈ ਵੀ ਹਾਕਮ ਪਾਰਟੀ ਕਦੇ ਵੀ ਉਸ ਮੁਲਕ ਦੇ ਤੁਲ ਨਹੀਂ ਹੁੰਦੀ। ਉਹ ਸਿਰਫ਼ ਉੱਥੋਂ ਦੀਆਂ ਦੂਜੀਆਂ ਸਿਆਸੀ ਪਾਰਟੀਆਂ ਵਰਗੀ ਹੀ ਹੁੰਦੀ ਹੈ। ਇਸ ਕਾਰਨ ਸਰਕਾਰ ਵਿਰੋਧੀ ਸਟੈਂਡ ਨੂੰ ਦੇਸ਼-ਵਿਰੋਧੀ ਨਹੀਂ ਕਰਾਰ ਦਿੱਤਾ ਜਾ ਸਕਦਾ। ਅਜਿਹਾ ਖੁੱਲ੍ਹਾ ਮਾਹੌਲ, ਜਿੱਥੇ ਵਿਰੋਧ ਨੂੰ ਦਬਾਇਆ ਨਹੀਂ ਜਾਂਦਾ, ਮੁਲਕ ਨੂੰ ਮਜ਼ਬੂਤ ਹੀ ਬਣਾਉਂਦਾ ਹੈ।"

ਚਿੱਠੀ ਦੀ ਸਮਾਪਤੀ ਇਨ੍ਹਾਂ ਸ਼ਬਦਾਂ ਨਾਲ ਹੁੰਦੀ ਹੈ : "ਸਾਨੂੰ ਉਮੀਦ ਹੈ ਕਿ ਸਾਡੇ ਸੁਝਾਵਾਂ ਨੂੰ ਉਸੇ ਭਾਵਨਾ ਵਿਚ ਲਿਆ ਜਾਵੇਗਾ ਜਿਸ ਤਹਿਤ ਇਹ ਲਿਖੇ ਗਏ ਹਨ-ਭਾਰਤੀ ਹੋਣ ਦੇ ਨਾਤੇ ਅਸੀਂ ਆਪਣੇ ਵਤਨ ਦੀ ਹਾਲਤ ਬਾਰੇ ਚਿੰਤਤ ਤੇ ਫ਼ਿਕਰਮੰਦ ਹਾਂ।"

ਸਾਡੀ ਚਿੱਠੀ ਦੀ ਫ਼ੌਰੀ ਜੁਆਬੀ-ਚਿੱਠੀ ਆ ਗਈ ਜਿਸ ਵਿਚ ਸਾਡੀ ਨਿਮਰ ਪਹਿਲਕਦਮੀ ਨੂੰ 'ਦੇਸ਼ ਨੂੰ ਬਦਨਾਮ ਕਰਨ ਦੀ ਸਾਜ਼ਿਸ਼' ਕਰਾਰ ਦਿੱਤਾ ਗਿਆ। ਆਲੋਚਕਾਂ ਨੇ ਦਾਅਵਾ ਕੀਤਾ ਕਿ ਸਾਡਾ ਮਕਸਦ 'ਭਾਰਤ ਦੀ ਕੌਮਾਂਤਰੀ ਪੱਧਰ 'ਤੇ ਦਿੱਖ ਨੂੰ ਖ਼ਰਾਬ ਕਰਨਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਕੂਮਤ ਨੂੰ ਹਾਂ-ਪੱਖੀ ਰਾਸ਼ਟਰਵਾਦੀ ਅਤੇ ਮਾਨਵਵਾਦੀ ਬੁਨਿਆਦਾਂ ਉੱਤੇ ਚਲਾਉਣ ਦੀਆਂ ਅਣਥੱਕ ਕੋਸ਼ਿਸ਼ਾਂ ਨੂੰ ਨਾਂਹਪੱਖੀ ਢੰਗ ਨਾਲ ਪੇਸ਼ ਕਰਨਾ ਸੀ।" ਸ਼ਾਇਦ ਅਸੀਂ ਆਪਣੀ ਚਿੱਠੀ ਨੂੰ ਨਾਗਰਿਕ ਸ਼ਿਸ਼ਟਾਚਾਰ ਬਣਾਈ ਰੱਖਣ ਦੀ ਇਕ ਅਪੀਲ ਵਜੋਂ ਦੇਖਿਆ ਹੋਵੇ, ਜੋ ਭਾਰਤੀ ਸੰਵਿਧਾਨ ਦੇ ਆਦਰਸ਼ਾਂ ਦਾ ਪਾਲਣ ਕਰਨ ਦਾ ਸੱਦਾ ਦਿੰਦੀ ਸੀ ਕਿਉਂਕਿ ਭਾਰਤੀ ਸੰਵਿਧਾਨ ਸਾਨੂੰ ਜਾਤ, ਲਿੰਗ ਜਾਂ ਧਰਮ ਦੇ ਆਧਾਰ 'ਤੇ ਵਿਤਕਰਾ ਨਾ ਕਰਨ ਲਈ ਕਹਿੰਦਾ ਹੈ। ਪਰ ਸਾਡੇ ਆਲੋਚਕਾਂ ਨੇ ਖ਼ਾਹਮਖ਼ਾਹ ਇਲਜ਼ਾਮ ਮੜ੍ਹ ਦਿੱਤਾ ਕਿ ਅਸੀਂ 'ਕਿਸੇ ਖ਼ਾਸ ਏਜੰਡੇ 'ਤੇ ਕੰਮ ਕਰ ਰਹੇ ਸਾਂ ਤੇ ਉਨ੍ਹਾਂ ਤਾਕਤਾਂ ਦੇ ਹੱਥਾਂ 'ਚ ਖੇਡ ਰਹੇ ਸਾਂ ਜਿਹੜੀਆਂ ਭਾਰਤ ਨੂੰ ਵੰਡਣਾ ਅਤੇ ਅਸਥਿਰ ਕਰਨਾ ਚਾਹੁੰਦੀਆਂ ਹਨ।'

ਇੰਨੀ ਛੇਤੀ ਤੇ ਇੰਨੀ ਤਿੱਖੀ ਸ਼ਬਦਾਵਲੀ ਵਾਲੀ ਜੁਆਬੀ-ਚਿੱਠੀ ਨੇ ਮੈਨੂੰ ਹੈਰਾਨ ਨਹੀਂ ਕੀਤਾ। ਅਪਰਨਾ ਸੇਨ ਤੇ ਸ਼ਿਆਮ ਬੈਨੇਗਲ ਵਰਗਿਆਂ ਨੂੰ ਦੇਸ਼-ਵਿਰੋਧੀ ਕਰਾਰ ਦਿੱਤਾ ਜਾਣਾ ਪੂਰੀ ਤਰ੍ਹਾਂ ਉਸ ਜ਼ਹਿਰੀਲੀ ਹਵਾ ਦੇ ਅਨੁਰੂਪ ਹੈ ਜਿਹੜੀ ਇਸ ਸਮੇਂ ਭਾਰਤੀ ਵਰਤ-ਵਿਹਾਰ ਤੇ ਵਿਚਾਰ-ਚਰਚਾ ਵਿਚ ਵਗ ਰਹੀ ਹੈ। ਇਸ ਤੋਂ ਵੀ ਵੱਧ ਪ੍ਰੇਸ਼ਾਨ ਕਰਨ ਵਾਲੀ ਗੱਲ ਇਹ ਕਿ ਇਸ ਜੁਆਬੀ-ਚਿੱਠੀ ਤੋਂ ਬਾਅਦ ਬੇਸ਼ਰਮੀ ਦੀ ਹੱਦ ਤਕ ਜਾਂਦਿਆਂ ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਦੇ ਡਰਾਵੇ ਦਿੱਤੇ ਗਏ। ਬਿਹਾਰ ਦੀ ਇਕ ਅਦਾਲਤ ਵਿਚ ਇਕ ਫ਼ੌਜਦਾਰੀ ਸ਼ਿਕਾਇਤ ਰਾਹੀਂ ਦੋਸ਼ ਲਾਇਆ ਗਿਆ ਕਿ ਸਾਡੀ ਚਿੱਠੀ ਭਾਰਤੀ ਦੰਡ ਵਿਧਾਨ (ਆਈਪੀਸੀ) ਦੀਆਂ ਵੱਖ-ਵੱਖ ਧਾਰਾਵਾਂ - 124ਏ (ਦੇਸ਼ਧਰੋਹ), 153ਬੀ (ਕੌਮੀ ਏਕਤਾ ਪ੍ਰਤੀ ਬਦਨੀਅਤੀ), 290 (ਜਨਤਕ ਬਦਅਮਨੀ), 297 (ਧਾਰਮਿਕ ਭਾਵਨਾਵਾਂ ਭੜਕਾਉਣਾ), 504 (ਜਾਣ-ਬੁੱਝ ਕੇ ਬੇਇੱਜ਼ਤੀ ਕਰਨਾ) ਦਾ ਉਲੰਘਣ ਕਰਦੀ ਹੈ।

ਜੇ ਭਾਰਤ ਵਿਚ ਨਿਰਪੱਖ ਤੇ ਪਾਰਦਰਸ਼ੀ ਅਦਾਲਤੀ ਨਿਜ਼ਾਮ ਵਰਗੀ ਕੋਈ ਚੀਜ਼ ਹੁੰਦੀ, ਜੇ ਸਾਡੇ ਵਤਨ ਵਿਚ ਵੀ ਉਸ ਤਰ੍ਹਾਂ ਦੀ ਪ੍ਰਗਟਾਵੇ ਦੀ ਅਜ਼ਾਦੀ ਹੁੰਦੀ, ਜਿਹੋ ਜਿਹੀ ਪਰਪੱਕ ਜਮਹੂਰੀਅਤਾਂ ਵਿਚ ਹੁੰਦੀ ਹੈ ਤਾਂ ਅਜਿਹੀ ਸਾਫ਼ ਤੌਰ 'ਤੇ ਬਦਨੀਅਤੀ ਵਾਲੀ ਤੇ ਮਾੜੀ ਸ਼ਿਕਾਇਤ ਕਦੇ ਵੀ ਕਿਸੇ ਅਦਾਲਤ ਵਿਚ ਸੁਣੀ ਨਾ ਜਾਂਦੀ। ਅਫ਼ਸੋਸ, ਸਾਡਾ ਅਦਾਲਤੀ ਪ੍ਰਬੰਧ ਨੁਕਸਦਾਰ ਹੈ ਕਿਉਂਕਿ ਸਾਡੀ ਜਮਹੂਰੀਅਤ ਵੀ ਨੁਕਸਦਾਰ ਹੈ। ਖ਼ਬਰਾਂ ਅਨੁਸਾਰ ਇਸ ਕੇਸ ਦੀ ਸੁਣਵਾਈ 3 ਅਗਸਤ ਨੂੰ ਹੋਵੇਗੀ।

ਦੇਸੀ ਬੋਲੀ ਵਿਚ ਆਖੀਏ ਤਾਂ ਬਿਹਾਰ ਵਿਚ ਦਰਜ ਇਹ ਕੇਸ ਮਹਿਜ਼ ਧਮਕੀ ਹੈ। ਇਸ ਦਾ ਇਕੋ-ਇਕ ਟੀਚਾ ਮੌਜੂਦਾ ਸਰਕਾਰ ਦੀ ਕਿਸੇ ਵੀ ਆਲੋਚਨਾ ਦਾ ਮੂੰਹ ਬੰਦ ਕਰਾਉਣਾ ਤੇ ਇਸ ਦੀ ਰਾਹ ਵਿਚ ਆਉਣ ਵਾਲੀਆਂ ਜਮਹੂਰੀ ਬਹਿਸਾਂ ਨੂੰ ਖ਼ਾਮੋਸ਼ ਕਰਨਾ ਹੈ। ਗ਼ੌਰਤਲਬ ਹੈ ਕਿ ਪ੍ਰਧਾਨ ਮੰਤਰੀ ਨੂੰ ਭੇਜੀ ਗਈ ਇਸ ਚਿੱਠੀ ਉੱਤੇ ਸਹੀ ਪਾਉਣ ਵਾਲਿਆਂ ਨੂੰ ਉਨ੍ਹਾਂ ਕਾਨੂੰਨੀ ਪ੍ਰਬੰਧਾਂ ਰਾਹੀਂ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਹੜੇ 19ਵੀਂ ਸਦੀ ਦੀ ਸਾਮਰਾਜਵਾਦੀ ਤੇ ਨਸਲਪ੍ਰਸਤ ਹਕੂਮਤ ਨੇ ਘੜੇ ਸਨ। ਇਨ੍ਹਾਂ ਧਾਰਾਵਾਂ ਦਾ ਹਾਲੇ ਤਕ ਵੀ ਸਾਡੀਆਂ ਕਾਨੂੰਨ ਦੀਆਂ ਕਿਤਾਬਾਂ ਵਿਚ ਹੋਣਾ ਹੀ ਸ਼ਰਮ ਦੀ ਗੱਲ ਹੈ। ਪਿਛਲਝਾਤ ਮਾਰੀਏ ਤਾਂ ਬਰਤਾਨਵੀ ਹਕੂਮਤ ਨੇ ਆਈਪੀਸੀ ਦੀ ਦੇਸ਼-ਧਰੋਹ ਵਾਲੀ ਬਦਨਾਮ ਦਫ਼ਾ 124ਏ ਤਹਿਤ ਦ੍ਰਿੜ੍ਹ ਇਰਾਦੇ ਵਾਲੇ ਮੋਹਨਦਾਸ ਕਰਮਚੰਦ ਗਾਂਧੀ ਨੂੰ ਕੈਦ ਕੀਤਾ ਸੀ। ਅੱਜ ਅਪਰਨਾ ਸੇਨ ਤੇ ਸ਼ਿਆਮ ਬੈਨੇਗਲ ਵਾਂਗ ਹੀ ਉਦੋਂ ਗਾਂਧੀ ਨੇ ਵੀ ਕੋਈ ਗੋਲੀ ਨਹੀਂ ਸੀ ਚਲਾਈ ਜਾਂ ਬੰਬ ਨਹੀਂ ਸੀ ਸੁੱਟਿਆ ਕਿਉਂਕਿ (ਇਨ੍ਹਾਂ ਵਾਂਗ ਹੀ) ਉਹ ਵੀ ਅਜਿਹਾ ਨਹੀਂ ਸੀ ਕਰ ਸਕਦਾ। ਅਪਰਨਾ ਸੇਨ ਤੇ ਸ਼ਿਆਮ ਬੈਨੇਗਲ ਅਤੇ ਚਿੱਠੀ 'ਤੇ ਦਸਤਖ਼ਤ ਕਰਨ ਵਾਲੇ ਹੋਰਨਾਂ ਵਾਂਗ ਹੀ ਗਾਂਧੀ ਕੋਲ ਵੀ ਉਸ ਦੇ ਸ਼ਬਦ ਤੇ ਸੋਚ ਹੀ ਸੀ ਜਿਸ ਨੂੰ ਉਸ ਨੇ ਆਪਣੇ ਅਖ਼ਬਾਰ 'ਯੰਗ ਇੰਡੀਆ' ਵਿਚ ਇਸਤੇਮਾਲ ਕੀਤਾ ਤੇ ਵਕਤ ਦੀ ਹਕੂਮਤ ਦੀਆਂ ਨੀਤੀਆਂ ਦੀ ਵਾਜਬ ਆਲੋਚਨਾ ਕੀਤੀ। ਇਸ ਲਈ ਉਸ ਨੂੰ 'ਰਾਜਧਰੋਹ' ਦਾ ਦੋਸ਼ੀ ਠਹਿਰਾਇਆ ਗਿਆ।

ਇਸ ਮਾਮਲੇ 'ਚ ਗਾਂਧੀ ਵੱਲੋਂ ਸੰਨ 1922 ਵਿਚ ਦਿੱਤਾ ਅਦਾਲਤੀ ਬਿਆਨ ਕਾਬਿਲੇ-ਗ਼ੌਰ ਹੈ : 'ਰਾਜਧਰੋਹ ਦੀ ਧਾਰਾ 124ਏ ਜਿਸ ਤਹਿਤ ਮੇਰੇ ਖ਼ਿਲਾਫ਼ ਬਾਖ਼ੁਸ਼ੀ ਦੋਸ਼ ਲਾਏ ਗਏ ਹਨ, ਸ਼ਾਇਦ ਭਾਰਤੀ ਦੰਡ ਵਿਧਾਨ ਦੀਆਂ ਉਨ੍ਹਾਂ ਸਿਆਸੀ ਧਾਰਾਵਾਂ ਦਾ ਸਿਰਤਾਜ ਹੈ ਜਿਹੜੀਆਂ ਸ਼ਹਿਰੀਆਂ ਦੀ ਆਜ਼ਾਦੀ ਨੂੰ ਦਬਾਉਣ ਲਈ ਘੜੀਆਂ ਗਈਆਂ ਹਨ। ਪਿਆਰ-ਸਨੇਹ ਨੂੰ ਕਾਨੂੰਨ ਰਾਹੀਂ ਨਾ ਸਿਰਜਿਆ ਤੇ ਨਾ ਸੇਧਿਆ ਜਾ ਸਕਦਾ ਹੈ। ਜੇ ਕਿਸੇ ਨੂੰ ਕਿਸੇ ਵਿਅਕਤੀ ਨਾਲ ਮੋਹ ਨਾ ਹੋਵੇ ਤਾਂ ਉਸ ਨੂੰ ਉਦੋਂ ਤੱਕ ਆਪਣੀ ਨਾਰਾਜ਼ਗੀ ਪੂਰੀ ਤਰ੍ਹਾਂ ਜ਼ਾਹਰ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ, ਜਦੋਂ ਤੱਕ ਉਹ ਹਿੰਸਾ ਦਾ ਇਰਾਦਾ ਨਹੀਂ ਰੱਖਦਾ, ਨਾ ਹੀ ਹਿੰਸਾ ਉਕਸਾਉਂਦਾ ਜਾਂ ਭੜਕਾਉਂਦਾ ਹੈ।'

ਜੇਲ੍ਹ 'ਚੋਂ ਬਾਹਰ ਆਉਣ ਤੋਂ ਬਾਅਦ ਗਾਂਧੀ ਨੇ ਦਫ਼ਾ 124ਏ ਨੂੰ ਮਨਸੂਖ਼ ਕਰਨ ਲਈ ਦੇਸ਼ ਵਿਆਪੀ ਅੰਦੋਲਨ ਦਾ ਸੱਦਾ ਦਿੱਤਾ। ਗਾਂਧੀ ਦਾ ਕਹਿਣਾ ਸੀ ਕਿ ਇਹ ਧਾਰਾ 'ਇਕ ਤਰ੍ਹਾਂ 'ਕਾਨੂੰਨ' ਨਾਮੀ ਸ਼ਬਦ ਨਾਲ ਜਬਰ-ਜਨਾਹ' ਹੈ; ਇਸ ਨੂੰ 'ਨੰਗੀ ਤਲਵਾਰ ਰਾਹੀਂ ਕਾਇਮ ਕੀਤਾ ਗਿਆ ਹੈ ਜੋ ਸਾਡੇ ਉੱਤੇ ਆਪਹੁਦਰੇ ਹਾਕਮਾਂ (ਜਿਨ੍ਹਾਂ ਨੂੰ ਸੱਤਾ ਸੌਂਪਣ ਵਿਚ ਆਮ ਆਦਮੀ ਦਾ ਕੋਈ ਹੱਥ ਨਹੀਂ ਹੁੰਦਾ) ਦੀ ਮਨਮਰਜ਼ੀ ਮੁਤਾਬਿਕ ਵਰ੍ਹਨ ਲਈ ਤਿਆਰ ਰੱਖੀ ਗਈ ਹੈ।'

ਦਰਅਸਲ, ਬਸਤੀਵਾਦੀ ਹਕੂਮਤ ਨੇ ਗਾਂਧੀ ਦੀ ਬੋਲਣ ਦੀ ਆਜ਼ਾਦੀ ਨੂੰ ਉਦੋਂ ਵੀ ਦਬਾਉਣ ਦੀ ਕੋਸ਼ਿਸ਼ ਕੀਤੀ ਜਦੋਂ ਉਹ ਹਾਲੇ ਦੱਖਣੀ ਅਫ਼ਰੀਕਾ ਵਿਚ ਹੀ ਸੀ। ਉਨ੍ਹਾਂ ਦੀ ਕਿਤਾਬ 'ਹਿੰਦ ਸਵਰਾਜ' ਨੂੰ 1910 ਵਿਚ ਬੰਬਈ ਵਿਚ ਕਸਟਮ ਵਿਭਾਗ ਨੇ ਜ਼ਬਤ ਕਰ ਲਿਆ ਤੇ ਇਸ ਨੂੰ ਭਾਰਤ ਵਿਚ ਵੰਡਣ 'ਤੇ ਪਾਬੰਦੀ ਲਾ ਦਿੱਤੀ ਸੀ। ਇਸ ਪਾਬੰਦੀ ਖ਼ਿਲਾਫ਼ ਅਪੀਲ ਕਰਦਿਆਂ ਗਾਂਧੀ ਨੇ ਲਿਖਿਆ ਸੀ : 'ਮੇਰੀ ਇਹ ਨਿਮਾਣੀ ਰਾਇ ਹੈ ਕਿ ਹਰੇਕ ਵਿਅਕਤੀ ਆਪਣੀ ਪਸੰਦ ਦੀ ਕੋਈ ਵੀ ਰਾਇ ਰੱਖਣ ਦਾ ਹੱਕਦਾਰ ਹੈ, ਜਦੋਂ ਤਕ ਅਜਿਹਾ ਕਰਦਿਆਂ, ਇਸ ਨੂੰ ਅਮਲ ਵਿਚ ਲਿਆਉਣ ਲਈ ਉਹ ਕਿਸੇ ਖ਼ਿਲਾਫ਼ ਜਿਸਮਾਨੀ ਹਿੰਸਾ ਦੀ ਵਰਤੋਂ ਨਹੀਂ ਕਰਦਾ।'

ਗਾਂਧੀ ਅਤੇ ਹੋਰਨਾਂ ਰਾਸ਼ਟਰਵਾਦੀਆਂ ਨੂੰ ਉਮੀਦ ਸੀ ਕਿ ਸਵਰਾਜ ਆਉਣ ਦਾ ਮਤਲਬ ਅਜਿਹੇ ਦਮਨਕਾਰੀ ਕਾਨੂੰਨਾਂ ਨੂੰ ਕੂੜਾਦਾਨ ਵਿਚ ਸੁੱਟਣਾ ਹੋਵੇਗਾ ਕਿਉਂਕਿ ਆਜ਼ਾਦ ਭਾਰਤ ਵਿਚ ਇਨ੍ਹਾਂ ਲਈ ਕੋਈ ਥਾਂ ਨਹੀਂ ਹੋਵੇਗੀ। ਤ੍ਰਾਸਦੀ ਹੈ ਕਿ ਇਨ੍ਹਾਂ ਕਾਨੂੰਨਾਂ ਨੂੰ ਨਾ ਹਟਾਇਆ ਗਿਆ ਤੇ ਨਾ ਹੀ ਬਦਲਿਆ ਗਿਆ; ਇਨ੍ਹਾਂ ਦੀ ਤਲਵਾਰ ਅੱਜ ਵੀ ਸਾਡੇ ਭਾਵ ਭਾਰਤੀ ਨਾਗਰਿਕਾਂ ਦੇ ਸਿਰਾਂ ਉੱਤੇ ਲਮਕਦੀ ਹੈ ਤਾਂ ਕਿ ਸਾਨੂੰ ਚੁੱਪ-ਚਾਪ ਦੜ ਵੱਟੀ ਰੱਖਣ ਲਈ ਡਰਾਇਆ-ਧਮਕਾਇਆ ਜਾ ਸਕੇ। ਆਈਪੀਸੀ ਦੀਆਂ ਇਨ੍ਹਾਂ ਨਿੰਦਣਯੋਗ ਦਫ਼ਾਵਾਂ ਤਹਿਤ ਹੀ ਮਹਾਨ ਚਿੱਤਰਕਾਰ ਐਮ.ਐਫ਼. ਹੁਸੈਨ ਖ਼ਿਲਾਫ਼ ਵੱਖ-ਵੱਖ ਹੇਠਲੀਆਂ ਅਦਾਲਤਾਂ ਵਿਚ ਵੱਡੀ ਗਿਣਤੀ ਕੇਸ ਦਾਇਰ ਕੀਤੇ ਗਏ ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੀ ਮਾਤ-ਭੂਮੀ ਤੋਂ ਭੱਜ ਕੇ ਜਲਾਵਤਨ ਹੋਣ ਲਈ ਮਜਬੂਰ ਕਰ ਦਿੱਤਾ।

**-ਰਾਮਚੰਦਰ ਗੁਹਾ**

## ਇਮਰਾਨ ਨੂੰ ਅਮਰੀਕੀ ਦੌਰੇ ਤੋਂ ਕੀ ਕੁਝ ਮਿਲਿਆ

"ਤੀਹ ਤੋਂ ਚਾਲੀ ਹਜ਼ਾਰ ਅਤਿਵਾਦੀ ਪਾਕਿਸਤਾਨ ਵਿਚ ਅੱਜ ਵੀ ਮੌਜੂਦ ਹਨ," ਇਮਰਾਨ ਖ਼ਾਨ ਦੇ ਅਮਰੀਕੀ ਦੌਰੇ ਦੌਰਾਨ ਇਸ ਨੂੰ ਸਵੀਕਾਰਨ ਦੀ ਭਾਰਤੀ ਮੀਡੀਆ ਵਿਚ ਖ਼ੂਬ ਚਰਚਾ ਹੋਈ ਪਰ ਇਸ ਦੌਰੇ ਦੀ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਗੱਲ ਇਹ ਸੀ ਕਿ ਅਫ਼ਗਾਨ ਸ਼ਾਂਤੀ ਵਾਰਤਾ ਵਿਚ ਪਾਕਿਸਤਾਨ ਦੀ ਅਹਿਮ ਭੂਮਿਕਾ ਹਾਸਲ ਕਰਨ ਵਿਚ ਪਾਕਿਸਤਾਨੀ ਲੀਡਰਸ਼ਿਪ ਕਾਮਯਾਬ ਰਹੀ। ਟਰੰਪ ਪ੍ਰਸ਼ਾਸਨ ਵੱਲੋਂ ਪਾਕਿਸਤਾਨ ਨੂੰ ਦਿੱਤੀ ਗਈ ਇਸ ਅਹਿਮ ਭੂਮਿਕਾ ਤੋਂ ਬਾਅਦ ਪਾਕਿਸਤਾਨ ਫਿਰ ਦੱਖਣੀ ਏਸ਼ੀਆ ਦੀ ਖੇਤਰੀ ਕੂਟਨੀਤੀ ਵਿਚ ਮਹੱਤਵਪੂਰਨ ਸਥਿਤੀ ਹਾਸਲ ਕਰ ਸਕਦਾ ਹੈ। ਦਰਅਸਲ, ਪਾਕਿਸਤਾਨ ਨੇ ਆਪਣੇ ਪੁਰਾਣੇ ਤੌਰ ਤਰੀਕੇ ਨੂੰ ਅਪਣਾਉਂਦੇ ਹੋਏ ਅਮਰੀਕੀ ਦੌਰੇ ਵਿਚ ਆਰਥਿਕ ਮਦਦ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੌਰੇ ਤੋਂ ਬਾਅਦ ਖ਼ਬਰ ਆਈ ਕਿ ਅਮਰੀਕਾ ਪਾਕਿਸਤਾਨ ਨੂੰ 1.3 ਬਿਲੀਅਨ ਡਾਲਰ ਦੀ ਸੁਰੱਖਿਆ ਸਹਿਯੋਗ ਰਾਸ਼ੀ ਜਾਰੀ ਕਰ ਸਕਦਾ ਹੈ। ਸੰਨ 2018 ਵਿਚ ਟਰੰਪ ਪ੍ਰਸ਼ਾਸਨ ਨੇ ਪਾਕਿਸਤਾਨ ਨੂੰ ਮਿਲਣ ਵਾਲੀ ਇਸ ਸਹਿਯੋਗ ਰਾਸ਼ੀ 'ਤੇ ਰੋਕ ਲਗਾ ਦਿੱਤੀ ਸੀ।

ਪਾਕਿਸਤਾਨ ਲਗਾਤਾਰ ਕਹਿੰਦਾ ਰਿਹਾ ਹੈ ਕਿ ਅਫ਼ਗਾਨ ਯੁੱਧ ਕਾਰਨ ਪਾਕਿਸਤਾਨ ਨੂੰ 123 ਅਰਬ ਡਾਲਰ ਦਾ ਆਰਥਿਕ ਨੁਕਸਾਨ ਹੋਇਆ, ਜਦੋਂਕਿ ਅਫ਼ਗਾਨ ਯੁੱਧ ਪਾਕਿਸਤਾਨ ਦਾ ਨਹੀਂ ਸੀ। ਇਮਰਾਨ ਖ਼ਾਨ ਹੁਣ ਬੋਲ ਰਹੇ ਹਨ ਕਿ ਉਹ ਜਲਦੀ ਹੀ ਤਾਲਿਬਾਨ ਲੀਡਰਾਂ ਨਾਲ ਮੁਲਾਕਾਤ ਕਰਕੇ ਸ਼ਾਂਤੀ ਪ੍ਰਕਿਰਿਆ ਨੂੰ ਤੇਜ਼ ਕਰਨਗੇ। ਫਿਲਹਾਲ ਪਾਕਿਸਤਾਨ ਅਫ਼ਗਾਨ ਸ਼ਾਂਤੀ ਵਾਰਤਾ ਵਿਚ ਆਪਣੀ ਸਥਿਤੀ ਮਜ਼ਬੂਤ ਕਰਦਾ ਨਜ਼ਰ ਆ ਰਿਹਾ ਹੈ। ਦਰਅਸਲ, ਪਾਕਿਸਤਾਨੀ ਭੂਗੋਲ ਨੇ ਚੀਨ ਅਤੇ ਅਮਰੀਕਾ ਦੋਵਾਂ ਨੂੰ ਮਜਬੂਰ ਕੀਤਾ ਕਿ ਉਹ ਅਫ਼ਗਾਨ ਸ਼ਾਂਤੀ ਵਾਰਤਾ ਵਿਚ ਪਾਕਿਸਤਾਨ ਦੀ ਅਹਿਮ ਭੂਮਿਕਾ ਸਵੀਕਾਰ ਕਰੇ। ਬੇਸ਼ੱਕ ਪਾਕਿਸਤਾਨ ਦੀ ਆਰਥਿਕ ਹਾਲਤ ਕਾਫ਼ੀ ਖਰਾਬ ਹੈ। ਅੱਜ ਪਾਕਿਸਤਾਨੀ ਸਰਕਾਰ ਨੂੰ ਮੁਲਕ ਚਲਾਉਣ ਲਈ ਦੂਜੇ ਮੁਲਕਾਂ ਤੋਂ ਪੈਸੇ ਮੰਗਾਉਣੇ ਪੈਂਦੇ ਹਨ ਪਰ ਇਕ ਸੱਚਾਈ ਇਹ ਵੀ ਹੈ ਕਿ ਅਮਰੀਕਾ ਪਾਕਿਸਤਾਨ ਨੂੰ ਇੰਨੀ ਆਸਾਨੀ ਨਾਲ ਛੱਡ ਨਹੀਂ ਸਕਦਾ। ਇਸ ਦੇ ਕਈ ਕਾਰਨ ਹਨ। ਪਾਕਿਸਤਾਨ ਦਾ ਭੂਗੋਲ ਪਾਕਿਸਤਾਨ ਦੀ ਅਹਿਮੀਅਤ ਨੂੰ ਘੱਟ ਨਹੀਂ ਹੋਣ ਦਿੰਦਾ। ਪਾਕਿਸਤਾਨ ਦਾ ਇਕ ਗੁਆਂਢੀ ਚੀਨ ਹੈ ਤਾਂ ਦੂਜਾ ਇਰਾਨ। ਦੋਵੇਂ ਮੁਲਕਾਂ ਨਾਲ ਅਮਰੀਕਾ ਦੇ ਸਬੰਧ ਲੰਬੇ ਸਮੇਂ ਤੋਂ ਖਰਾਬ ਰਹੇ ਹਨ। ਇਸ ਲਈ ਪਾਕਿਸਤਾਨ ਨਾਲ ਨੇੜਤਾ ਕਾਇਮ ਰੱਖਣਾ ਅਮਰੀਕਾ ਦੀ ਮਜਬੂਰੀ ਹੈ।

ਦੂਜੇ ਪਾਸੇ ਅਮਰੀਕਾ ਕਿਸੇ ਵੀ ਕੀਮਤ 'ਤੇ ਅਫ਼ਗਾਨਿਸਤਾਨ ਤੋਂ ਬਾਹਰ ਨਿਕਲਣਾ ਚਾਹੁੰਦਾ ਹੈ ਕਿਉਂਕਿ ਅਫ਼ਗਾਨਿਸਤਾਨ ਵਿਚ ਅਮਰੀਕਾ ਹਰੇਕ ਸਾਲ 48 ਅਰਬ ਡਾਲਰ ਖ਼ਰਚ ਕਰ ਰਿਹਾ ਹੈ। 18 ਸਾਲ ਬੀਤ ਚੁੱਕੇ ਹਨ। ਤਾਲਿਬਾਨ ਨੂੰ ਨਾਟੋ ਸੈਨਿਕ ਕਮਜ਼ੋਰ ਨਹੀਂ ਕਰ ਸਕੇ। ਅਫ਼ਗਾਨਿਸਤਾਨ ਵਿਚ ਅਮਰੀਕਾ ਦੇ ਸਹਿਯੋਗ ਨਾਲ ਹਾਮਿਦ ਕਰਜ਼ਈ ਅਤੇ ਅਸ਼ਰਫ਼ ਗਨੀ ਦੀ ਸਰਕਾਰ ਬਣੀ। ਦੋਵਾਂ ਨੂੰ ਨਾਟੋ ਸੈਨਾ ਦਾ ਸਹਿਯੋਗ ਮਿਲਿਆ। ਫਿਰ ਵੀ ਤਾਲਿਬਾਨ ਅੱਜ ਲਗਪਗ ਅੱਧੇ ਅਫ਼ਗਾਨਿਸਤਾਨ ਵਿਚ ਮਜ਼ਬੂਤ ਹਨ। ਅਫ਼ਗਾਨਿਸਤਾਨ ਦੇ ਦੱਖਣੀ ਅਤੇ ਪੂਰਬੀ ਰਾਜਾਂ ਦੇ ਪੇਂਡੂ ਇਲਾਕੇ ਤਾਲਿਬਾਨ ਤੇ ਨਿਯੰਤਰਣ ਵਿਚ ਹਨ। ਤਾਲਿਬਾਨ ਨੂੰ ਸ਼ਾਂਤੀ ਵਾਰਤਾ ਦੇ ਮੇਜ਼ 'ਤੇ ਲਿਆਉਣ ਲਈ ਰੂਸ ਅਤੇ ਚੀਨ ਪਹਿਲਾਂ ਤੋਂ ਹੀ ਸਰਗਰਮ ਸਨ ਪਰ ਪਾਕਿਸਤਾਨ ਨੂੰ ਸ਼ਾਂਤੀ ਵਾਰਤਾ ਵਿਚ ਭੂਮਿਕਾ ਦੇਣੀ ਕਾਫ਼ੀ ਜ਼ਰੂਰੀ ਹੈ ਕਿਉਂਕਿ ਅਫ਼ਗਾਨ ਤਾਲਿਬਾਨ ਦੇ ਜ਼ਿਆਦਾਤਰ ਕਮਾਂਡਰ ਲੰਬੇ ਸਮੇਂ ਤੋਂ ਪਾਕਿਸਤਾਨ ਵਿਚ ਹੀ ਬੈਠੇ ਹਨ।

ਟਰੰਪ ਪ੍ਰਸ਼ਾਸਨ ਦੀ ਦੂਜੀ ਮਜਬੂਰੀ ਇਰਾਨ ਵੀ ਹੈ। ਇਸ ਕਾਰਨ ਅਮਰੀਕਾ ਪਾਕਿਸਤਾਨ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਹਾਲਾਂਕਿ ਸ਼ਾਂਤੀ ਵਾਰਤਾ ਦੌਰਾਨ ਵੀ ਤਾਲਿਬਾਨ ਦੇ ਹਮਲੇ ਅਫ਼ਗਾਨਿਸਤਾਨ ਤੋਂ ਘੱਟ ਨਹੀਂ ਹੋਏ ਹਨ, ਪਰ ਦਿਲਚਸਪ ਗੱਲ ਇਹ ਹੈ ਕਿ ਇਸ ਸ਼ਾਂਤੀ ਵਾਰਤਾ ਵਿਚ ਚੀਨ, ਪਾਕਿਸਤਾਨ, ਅਮਰੀਕਾ ਅਤੇ ਰੂਸ ਦੀ ਭੂਮਿਕਾ ਸਰਗਰਮ ਹੈ, ਪਰ ਭਾਰਤ ਕਿਧਰੇ ਨਜ਼ਰ ਨਹੀਂ ਆ ਰਿਹਾ। ਹਾਲ ਹੀ ਵਿਚ ਸ਼ਾਂਤੀ ਵਾਰਤਾ ਵਿਚ ਸ਼ਾਮਲ ਤਾਲਿਬਾਨ ਕਮਾਂਡਰ ਮੁੱਲਾ ਅਬਦੁੱਲ ਗਨੀ ਬਹਾਦਰ ਨੇ ਚੀਨ ਦਾ ਦੌਰਾ ਕੀਤਾ। ਸ਼ਾਂਤੀ ਵਾਰਤਾ ਦੇ ਕੁਝ ਦੌਰ ਦੋਹਾ ਵਿਚ ਹੋਏ ਹਨ ਪਰ ਸ਼ਾਂਤੀ ਵਾਰਤਾ ਤੋਂ ਭਾਰਤ ਫਿਲਹਾਲ ਦੂਰ ਹੈ।

ਭਾਰਤ ਅਤੇ ਪਾਕਿਸਤਾਨ ਵਿਚਕਾਰ ਖ਼ਰਾਬ ਸਬੰਧਾਂ ਦਾ ਇਕ ਮੁੱਖ ਕਾਰਨ ਅਫ਼ਗਾਨਿਸਤਾਨ ਵੀ ਰਿਹਾ ਹੈ। ਪਾਕਿਸਤਾਨ ਬਣਨ ਤੋਂ ਬਾਅਦ ਹੀ ਅਫ਼ਗਾਨਿਸਤਾਨ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਸ਼ੁਰੂ ਹੋ ਗਿਆ ਸੀ। ਦੱਸਿਆ ਜਾਂਦਾ ਹੈ ਕਿ ਕਸ਼ਮੀਰ ਵਿਚ ਪਾਕਿਸਤਾਨ ਵਿਚਕਾਰ ਅਸ਼ਾਂਤੀ ਦਾ ਇਕ ਵੱਡਾ ਕਾਰਨ ਅਫ਼ਗਾਨਿਸਤਾਨ ਵੀ ਹੈ। ਦਰਅਸਲ, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿਚਕਾਰ ਪਾਕਿਸਤਾਨ ਦੇ ਜਨਮ ਤੋਂ ਹੀ ਵਿਵਾਦ ਸ਼ੁਰੂ ਹੋ ਗਿਆ ਕਿਉਂਕਿ ਅਫ਼ਗਾਨਿਸਤਾਨ ਨੇ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਨੂੰ ਵੰਡਣ ਵਾਲੀ ਡੂਰੰਡ ਲਾਈਨ ਨੂੰ ਨਹੀਂ ਮੰਨਿਆ। ਅਫ਼ਗਾਨਿਸਤਾਨ ਨੇ ਪਾਕਿਸਤਾਨ ਦੇ ਪਸ਼ਤੂਨ ਆਬਾਦੀ ਵਾਲੇ ਇਲਾਕਿਆਂ ਨੂੰ ਅਫ਼ਗਾਨਿਸਤਾਨ ਦਾ ਹਿੱਸਾ ਦੱਸਿਆ। ਅਫ਼ਗਾਨਿਸਤਾਨ ਦਾ ਇਕ ਵੱਡਾ ਤਬਕਾ ਅੱਜ ਵੀ ਪਸ਼ਤੂਨ ਆਬਾਦੀ ਵਾਲੇ ਇਲਾਕਿਆਂ 'ਤੇ ਆਪਣੀ ਦਾਅਵੇਦਾਰੀ ਕਰਦਾ ਹੈ। ਅਫ਼ਗਾਨ ਸੀਮਾ 'ਤੇ ਤਣਾਅ ਵਿਚਕਾਰ ਪਾਕਿਸਤਾਨ ਨੂੰ ਸ਼ੱਕ ਰਿਹਾ ਕਿ ਭਾਰਤ ਅਫ਼ਗਾਨਿਸਤਾਨ ਨੂੰ ਹਮੇਸ਼ਾ ਮਦਦ ਕਰਦਾ ਰਿਹਾ ਹੈ। ਦਿਲਚਸਪ ਗੱਲ ਹੈ ਕਿ ਅੱਜ ਵੀ ਭਾਰਤ ਦੀ ਅਫ਼ਗਾਨਿਸਤਾਨ ਵਿਚ ਅਹਿਮ ਭੂਮਿਕਾ ਹੈ। ਭਾਰਤ ਨੇ ਅਫ਼ਗਾਨ ਯੁੱਧ ਵਿਚ ਬਰਬਾਦ ਹੋਏ ਅਫ਼ਗਾਨਿਸਤਾਨ ਅੰਦਰ ਵਿਕਾਸ ਨਾਲ ਸਬੰਧਿਤ ਯੋਜਨਾਵਾਂ ਵਿਚ ਨਿਵੇਸ਼ ਕੀਤਾ। ਅਫ਼ਗਾਨਿਸਤਾਨ ਨੂੰ ਸਿੱਖਿਆ, ਸਿਹਤ ਤੋਂ ਲੈ ਕੇ ਹੋਰ ਵਿਕਾਸ ਕਾਰਜਾਂ ਵਿਚ ਮਦਦ ਕੀਤੀ ਹੈ।

**-ਸੰਜੀਵ ਪਾਂਡੇ**

## ਮਨੁੱਖੀ ਸਿਹਤ ਲਈ ਖ਼ਤਰਾ ਪੰਜਾਬ ਵਿਚ ਪਰਮਾਣੂ ਪਲਾਂਟ

ਪੰਜਾਬ ਵਿਚ ਪਰਮਾਣੂ ਬਿਜਲੀ ਪੈਦਾ ਕਰਨ ਲਈ ਪਲਾਂਟ ਲਾਉਣ ਦੀ ਗੱਲ ਕਾਰਨ ਇਹ ਵਿਸ਼ਾ ਇਕ ਵਾਰ ਫਿਰ ਚਰਚਾ ਵਿਚ ਆ ਗਿਆ ਹੈ। ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਵੱਲੋਂ ਇਸ ਖੇਤਰ ਵਿਚ ਖਾਣ ਦੇ 30 ਕਿਲੋਮੀਟਰ ਦੇ ਘੇਰੇ 'ਚ ਰਹਿਣ ਵਾਲੇ ਲੋਕਾਂ ਦੀ ਸਿਹਤ ਸਥਿਤੀ ਦਾ ਅਧਿਐਨ ਕਰਕੇ ਇਸ ਦੀ 30 ਕਿਲੋਮੀਟਰ ਤੋਂ ਪਰ੍ਹੇ ਰਹਿਣ ਵਾਲੇ ਲੋਕਾਂ ਦੀ ਸਿਹਤ ਨਾਲ ਤੁਲਨਾ ਕੀਤੀ ਗਈ। ਇਸ ਅਧਿਐਨ ਵਿਚ ਸਾਹਮਣੇ ਆਇਆ ਕਿ ਇਨ੍ਹਾਂ ਲੋਕਾਂ ਵਿਚ ਬਾਂਝਪਣ, ਅੰਗਹੀਣ ਬੱਚੇ ਪੈਦਾ ਹੋਣੇ, ਕੁੱਲ ਜ਼ਿੰਦਗੀ ਦੀ ਸੰਭਾਵਨਾ ਦਾ ਘੱਟ ਹੋਣਾ ਅਤੇ ਕੈਂਸਰ ਵਰਗੇ ਰੋਗ ਵੱਡੀ ਗਿਣਤੀ ਵਿਚ ਪਾਏ ਗਏ। ਇਸ ਖਾਣ ਵਿਚੋਂ ਨਿਕਲੇ ਕਿਰਨਾਂ ਨਾਲ ਭਰੇ ਹੋਏ ਕੂੜੇ ਦੀ ਕੋਈ ਸਹੀ ਸੰਭਾਲ ਨਹੀਂ ਹੈ ਤੇ ਇਹ ਸੜਕਾਂ ਦੁਆਲੇ ਖਿਲਰਿਆ ਪਿਆ ਹੈ। ਬੱਚੇ ਇਸ ਵਿਚ ਖੇਡਦੇ ਫਿਰਦੇ ਹਨ ਤੇ ਉਹ ਪਰਮਾਣੂ ਕਿਰਨਾਂ ਦਾ ਸ਼ਿਕਾਰ ਹੋ ਜਾਂਦੇ ਹਨ। ਦੁਨੀਆਂ ਭਰ ਵਿਚ ਪਰਮਾਣੂ ਕੇਂਦਰਾਂ ਦਾ ਹਾਲ ਇਹੋ ਜਿਹਾ ਹੀ ਹੈ। ਇਨ੍ਹਾਂ ਵਿਚ ਆਏ ਦਿਨ ਛੋਟੀਆਂ ਮੋਟੀਆਂ ਦੁਰਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਭਾਰਤ ਵਿਚ ਰਿਪੋਰਟਾਂ ਮੁਤਾਬਿਕ 300 ਦੇ ਕਰੀਬ ਦੁਰਘਟਨਾਵਾਂ ਹੋਈਆਂ ਹਨ, ਪਰ ਇਹ ਗੱਲ ਦੱਬ ਲਈ ਜਾਂਦੀ ਹੈ। ਇਹ ਪਲਾਂਟ ਸੁਰੱਖਿਆ ਕਾਰਨਾਂ ਕਰਕੇ ਸੂਚਨਾ ਦੇ ਅਧਿਕਾਰ ਕਾਨੂੰਨ ਦੇ ਘੇਰੇ ਵਿਚ ਨਹੀਂ ਅਉਂਦੇ। ਦੁਨੀਆਂ ਵਿਚ ਪਰਮਾਣੂ ਪਲਾਂਟਾਂ ਵਿਚ ਤਿੰਨ ਵੱਡੀਆਂ ਦੁਰਘਟਨਾਵਾਂ ਹੋਈਆਂ ਹਨ: 29 ਮਾਰਚ 1979 ਨੂੰ ਥ੍ਰੀ ਮਾਈਲ ਆਈਲੈਂਡ ਅਮਰੀਕਾ, 26 ਅਪਰੈਲ 1986 ਨੂੰ ਯੂਕਰੇਨ ਦੇ ਚਰਨੋਬਿਲ ਅਤੇ 11 ਮਾਰਚ 2011 ਨੂੰ ਜਪਾਨ ਦੇ ਫੁਕੂਸ਼ੀਮਾ ਵਿਚ। ਸਭ ਤੋਂ ਵਧੇਰੇ ਨੁਕਸਾਨ ਚਰਨੋਬਿਲ ਵਿਚ ਹੋਇਆ ਜਿੱਥੇ 93,000 ਤੋਂ ਵੀ ਵੱਧ ਲੋਕ ਮਾਰੇ ਗਏ। ਉੱਥੇ ਸਫ਼ਾਈ ਕਰਨ ਵਾਲੇ ਕਾਮਿਆਂ ਵਿਚੋਂ 10 ਫ਼ੀਸਦੀ ਮਰ ਚੁੱਕੇ ਹਨ ਤੇ 83,000 ਬੱਚੇ ਪੈਦਾਇਸ਼ੀ ਨੁਕਸ ਨਾਲ ਪੈਦਾ ਹੋਏ ਹਨ।

ਪਰਮਾਣੂ ਪਲਾਂਟਾਂ ਦੇ ਨਾਂਹ-ਪੱਖੀ ਪ੍ਰਭਾਵਾਂ ਦੇ ਮੱਦੇਨਜ਼ਰ ਮੁੜ ਵਰਤੇ ਜਾ ਸਕਣ ਵਾਲੇ ਸੋਮਿਆਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਉਪਰੋਕਤ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਪਰਮਾਣੂ ਪਲਾਂਟਾਂ ਬਾਰੇ ਖ਼ੁਸ਼ਫ਼ਹਿਮੀ ਨਹੀਂ ਰੱਖਣੀ ਚਾਹੀਦੀ। ਇਸ ਲਈ ਪੰਜਾਬ ਸਰਕਾਰ ਨੂੰ ਪਰਮਾਣੂ ਪਲਾਂਟ ਇੱਥੇ ਲੱਗਣ ਦਾ ਵਿਰੋਧ ਕਰਨਾ ਚਾਹੀਦਾ ਹੈ।

**-ਡਾ. ਅਰੁਣ ਮਿੱਤਰਾ**

## ਗੰਭੀਰ ਹੁੰਦੀ ਪਰਵਾਸ ਦੀ ਤ੍ਰਾਸਦੀ

ਅੱਜ ਸੋਹਣਾ ਪੰਜਾਬ ਉਦਾਸ ਹੈ। ਉਦਾਸੀ ਦਾ ਕਾਰਨ ਸਾਡੀਆਂ ਪੁੰਗਰਦੀਆਂ ਲਗਰਾਂ, ਸਾਡੇ ਪੁੱਤਰਾਂ-ਧੀਆਂ, ਭੈਣਾਂ-ਭਾਈਆਂ ਦਾ ਵਿਦੇਸ਼ਾਂ ਵੱਲ ਪਰਵਾਸ ਹੈ। ਸਾਡੇ ਨੌਜਵਾਨ ਮੁੱਢਲੀ ਪੜ੍ਹਾਈ ਤੋਂ ਬਾਅਦ ਵਿਦੇਸ਼ਾਂ ਵੱਲ ਉਡਾਰੀ ਮਾਰ ਰਹੇ ਹਨ। ਜਿਸ ਨੌਜਵਾਨ ਵਰਗ ਨੇ ਪੜ੍ਹ-ਲਿਖ ਕੇ ਸਾਡੇ ਪ੍ਰਬੰਧਕੀ, ਸਮਾਜਿਕ ਅਤੇ ਆਰਥਿਕ ਢਾਂਚੇ ਦਾ ਆਧਾਰ ਬਣਨਾ ਹੁੰਦਾ ਹੈ, ਉਸਦਾ ਵਿਦੇਸ਼ਾਂ ਵੱਲ ਮੁਹਾਣ ਸਵਾਲ ਖੜ੍ਹੇ ਕਰਦਾ ਹੈ। ਇਸਦਾ ਸਭ ਤੋਂ ਵੱਡਾ ਕਾਰਨ ਸਿੱਖਿਆ ਦਾ ਵਪਾਰੀਕਰਨ, ਰੁਜ਼ਗਾਰ ਦੀ ਘਾਟ ਅਤੇ ਗ਼ਲਤ ਸਰਕਾਰੀ ਨੀਤੀਆਂ ਹਨ। ਕਦੇ ਰਾਜ ਵਿਚ ਸਰਕਾਰੀ ਖੇਤਰ ਦੀਆਂ ਸਿਰਫ਼ ਚਾਰ ਯੂਨੀਵਰਸਿਟੀਆਂ ਹੁੰਦੀਆਂ ਸਨ ਅਤੇ ਯੂਨੀਵਰਸਿਟੀ ਦੀ ਉਚੇਰੀ ਪੜ੍ਹਾਈ ਨੂੰ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। 2005 ਵਿਚ ਪ੍ਰਾਈਵੇਟ ਯੂਨੀਵਰਸਿਟੀ ਐਕਟ ਪਾਸ ਹੋਣ ਨਾਲ ਯੂਨੀਵਰਸਿਟੀਆਂ ਵੀ ਦੁਕਾਨਾਂ ਵਾਂਗ ਖੁੱਲ੍ਹਣ ਲੱਗੀਆਂ ਹਨ। ਸਰਕਾਰ ਦੀ 'ਕਮਾਓ ਤੇ ਚਲਾਓ' ਦੀ ਨੀਤੀ ਅਧੀਨ ਸਿੱਖਿਆ ਦਾ ਖੇਤਰ ਵੀ ਵੱਡੇ ਕਾਰੋਬਾਰਾਂ ਲਈ ਮੁਨਾਫੇ ਦਾ ਧੰਦਾ ਬਣ ਚੁੱਕਿਆ ਹੈ ਜਿੱਥੇ ਯੋਗਤਾ ਦੀ ਬਜਾਇ ਪੈਸਿਆਂ ਨਾਲ ਵੱਖ-ਵੱਖ ਕੋਟਿਆਂ ਅਧੀਨ ਮਾਸਟਰ, ਡਾਕਟਰ, ਪ੍ਰੋਫੈਸਰ ਅਤੇ ਵਕੀਲ ਆਸਾਨੀ ਨਾਲ ਬਣਿਆ ਜਾ ਸਕਦਾ ਹੈ। ਛੋਟੇ ਜਿਹੇ ਸੂਬੇ ਪੰਜਾਬ ਵਿਚ ਹੀ ਸਰਕਾਰੀ ਖੇਤਰ ਦੀਆਂ 11 ਯੂਨੀਵਰਸਿਟੀਆਂ ਤੋਂ ਇਲਾਵਾ ਨਿੱਜੀ ਖੇਤਰ ਦੀਆਂ 16 ਯੂਨੀਵਰਸਿਟੀਆਂ ਚੱਲ ਰਹੀਆਂ ਹਨ, 4 ਹੋਰ ਖੁੱਲ੍ਹਣ ਜਾ ਰਹੀਆਂ ਹਨ। ਇਨ੍ਹਾਂ ਨਾਲ ਸਬੰਧਿਤ ਸਰਕਾਰੀ ਅਤੇ ਗ਼ੈਰ-ਸਰਕਾਰੀ ਕਾਲਜਾਂ ਦੀ ਗਿਣਤੀ ਵੱਖਰੀ ਹੈ। ਯੋਗਤਾ ਦੀ ਬਜਾਏ ਲੱਖਾਂ ਰੁਪਏ ਖ਼ਰਚ ਕੇ ਹਾਸਲ ਕੀਤੀਆਂ ਡਿਗਰੀਆਂ ਸਾਡੇ ਲਈ ਧੱਕੇ ਨਾਲ ਸਨਮਾਨਯੋਗ ਅਹੁਦਿਆਂ ਉੱਪਰ ਗ਼ੈਰ ਪੇਸ਼ੇਵਰ ਲੋਕਾਂ ਨੂੰ ਬਿਠਾ ਰਹੀਆਂ ਹਨ ਜਿਸ ਕਰਕੇ ਵਧੀ ਹੋਈ ਭੀੜ ਵਿਚ ਆਰਥਿਕ ਤੌਰ 'ਤੇ ਕਮਜ਼ੋਰ ਨੌਜਵਾਨ ਯੋਗ ਹੋਣ ਦੇ ਬਾਵਜੂਦ ਰੁਜ਼ਗਾਰ ਦੇ ਮੌਕਿਆਂ ਤੋਂ ਵਾਂਝੇ ਰਹਿ ਰਹੇ ਹਨ। ਇਸਦੇ ਨਾਲ-ਨਾਲ ਹਰ ਖੇਤਰ ਵਿਚ ਗ਼ੈਰ-ਯੋਗਤਾ ਪ੍ਰਾਪਤ ਵਿਅਕਤੀਆਂ ਦੇ ਦਖਲ ਨਾਲ ਸਾਡਾ ਹਰ ਖੇਤਰ ਵਿਚ ਮਿਆਰ ਡਿੱਗ ਰਿਹਾ ਹੈ ਜਿਸਤੋਂ ਨੌਜਵਾਨ ਵਰਗ ਨਿਰਾਸ਼ਾ ਦਾ ਸ਼ਿਕਾਰ ਹੈ। ਇੱਥੋਂ ਦੇ ਉੱਚ ਵਿਦਿਅਕ ਅਦਾਰਿਆਂ ਤੋਂ ਪੜ੍ਹ-ਲਿਖ ਕੇ ਵੀ ਕੋਈ ਰੁਜ਼ਗਾਰ ਨਾ ਮਿਲਣ 'ਤੇ ਨੌਜਵਾਨ ਵਿਦੇਸ਼ੀ ਵੱਸਣ ਦਾ ਅੱਕ ਚੱਬ ਰਹੇ ਹਨ। ਮਾਪੇ ਨਾ ਚਾਹੁੰਦੇ ਹੋਏ ਵੀ ਜ਼ਮੀਨਾਂ-ਜਾਇਦਾਦਾਂ ਵੇਚ ਕੇ ਧੀਆਂ ਪੁੱਤਰਾਂ ਨੂੰ ਵਿਦੇਸ਼ਾਂ ਵੱਲ ਭੇਜਣ ਲਈ ਮਜਬੂਰ ਹਨ। ਇਹੀ ਵਜ੍ਹਾ ਹੈ ਕਿ ਹੁਣ ਸਾਡੇ ਹਰ ਵੱਡੇ-ਛੋਟੇ ਸ਼ਹਿਰ ਵਿਚ ਆਈਲੈੱਟਸ ਸੈਂਟਰਾਂ ਦਾ ਕਾਰੋਬਾਰ ਵੱਧ-ਫੁੱਲ ਰਿਹਾ ਹੈ। ਇਕ ਅਨੁਮਾਨ ਅਨੁਸਾਰ ਨੌਜਵਾਨ ਆਈਲੈੱਟਸ ਫੀਸ ਦੇ ਰੂਪ ਵਿਚ ਹੀ ਸਾਲਾਨਾ 425 ਕਰੋੜ ਰੁਪਏ ਭਰ ਰਹੇ ਹਨ। ਪੀ.ਆਰ. ਹੋਣ ਲਈ ਭਰੀਆਂ ਜਾ ਰਹੀਆਂ ਫੀਸਾਂ ਅਤੇ ਸਟੱਡੀ ਵੀਜ਼ਾ ਤੇ ਵਿਦੇਸ਼ਾਂ ਵਿਚ ਭਰੀ ਫੀਸ ਦੇ ਅੰਕੜੇ ਵੱਖਰੇ ਹਨ। ਆਰਥਿਕ ਰੂਪ ਵਿਚ ਕਮਜ਼ੋਰ ਹੋ ਰਹੇ ਪੰਜਾਬੀਆਂ ਲਈ ਇਹ ਅੰਕੜੇ ਹੈਰਾਨ ਕਰਨ ਵਾਲੇ ਹਨ। ਸਾਡੇ ਮੌਜੂਦਾ ਢਾਂਚੇ ਵਿਚ ਸਰਕਾਰੀ ਨੌਕਰੀ ਤੋਂ ਇਲਾਵਾ ਕਿਸੇ ਖੇਤਰ ਵਿਚ ਵੀ ਕੋਈ ਆਰਥਿਕ ਜਾਂ ਸਮਾਜਿਕ ਸੁਰੱਖਿਆ ਨਹੀਂ ਹੈ।

**-ਸੰਦੀਪ ਸਿੰਘ ਸਰਾਂ**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



KHALSA
INSURANCE AGENCY, INC.

**Khalsa Insurance Agency is among TOP 50 agencies of Blue Cross in USA.**




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

Call Now for the Lowest Health Insurance Premiums available
Some Households qualify for FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਜਨਮ ਸਾਖੀ ਭਾਈ ਬਾਲਾ ਦੀ ਅਸਲੀਅਤ

**ਸਰਵਜੀਤ ਸਿੰਘ ਸੈਕਰਾਮੈਂਟੋ**

ਜਨਮ ਅਤੇ ਸਾਖੀ ਦੇ ਮੇਲ ਤੋਂ ਬਣੇ ਜਨਮ ਸਾਖੀ ਦਾ ਭਾਵ ਹੈ ਜਨਮ ਦੀ ਗਵਾਹੀ। ਪਰ ਸਿੱਖ ਸਾਹਿਤ ਵਿੱਚ ਜਨਮ ਸਾਖੀ, ਕੇਵਲ ਜਨਮ ਦੀ ਗਵਾਹੀ ਹੀ ਨਹੀਂ ਸਗੋਂ ਗੁਰੂ ਨਾਨਕ ਜੀ ਦੇ ਸਮੁੱਚੇ ਜੀਵਨ ਨਾਲ ਸੰਬੰਧਿਤ ਸਾਖੀਆਂ ਦੇ ਸਮੂਹ ਨੂੰ ਕਿਹਾ ਜਾਂਦਾ ਹੈ। ਵਿਦਵਾਨਾਂ ਦਾ ਮੱਤ ਹੈ ਕਿ ਜਨਮ ਸਾਖੀ ਗੁਰੂ ਜੀ ਦੇ ਜਨਮ ਨਾਲ ਸੰਬੰਧਿਤ ਸਾਖੀ ਦਾ ਸਿਰਲੇਖ ਸੀ ਜੋ ਹੌਲੀ-ਹੌਲੀ ਸਾਖੀਆਂ ਦੇ ਸਮੂਹ ਦਾ ਹੀ ਸਿਰਲੇਖ ਬਣ ਗਿਆ। ਇਸ ਲਈ 'ਜਨਮ ਪਤ੍ਰੀ ਬਾਬਾ ਨਾਨਕ ਜੀ ਕੀ' ਸ਼ਬਦ ਵੀ ਵਰਤਿਆ ਗਿਆ ਹੈ। ਸਿੱਖ ਇਤਿਹਾਸ ਦੇ ਪੁਰਾਤਨ ਵਸੀਲਿਆਂ ਵਿਚ ਜਨਮ ਸਾਖੀਆਂ ਦਾ ਮਹੱਤਵਪੂਰਨ ਅਸਥਾਨ ਹੈ। ਸਿੱਖ ਸਾਹਿਤ ਵਿਚ ਮਿਲਦੀਆਂ ਜਨਮ ਸਾਖੀਆਂ, ਪੁਰਾਤਨ ਜਨਮ ਸਾਖੀ, ਜੋ ਹਾਫਜ਼ਾ ਵਾਦੀ, ਵਲਾਇਤ ਵਾਲੀ ਅਤੇ ਕੌਲਬਰੁਕ ਵਾਲੀ ਜਨਮ ਸਾਖੀ ਆਦਿ ਨਾਵਾਂ ਨਾਲ ਵੀ ਜਾਣੀ ਜਾਂਦੀ ਹੈ, ਪੋਥੀ ਸਚ ਖੰਡ ਮਿਹਰਬਾਨ ਵਾਲੀ ਜਨਮ ਸਾਖੀਆਦਿ ਸਾਖੀਆਂ,ਸ਼ੰਭੂ ਨਾਥ ਵਾਲੀ ਜਨਮ ਪਤ੍ਰੀ, ਭਾਈ ਬਾਲੇ ਵਾਲੀ ਜਨਮ ਸਾਖੀ, ਗਿਆਨ ਰਤਨਾਵਲੀ,ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਜਨਮ ਸਾਖੀ ਨਾਨਕ ਸ਼ਾਹ ਕੀ(ਕ੍ਰਿਤ ਸੰਤ ਦਾਸ ਛਿੱਬਰ), ਜੋ ਭਾਈ ਬਾਲੇ ਵਾਲੀ ਦਾ ਹੀ ਕਾਵਿਕ ਰੂਪ ਹੈ, ਆਦਿ ਸਾਖੀਆਂ, ਭਾਈ ਬੂਲਾ ਦੀ ਕ੍ਰਿਤ ਅਤੇ ਸ਼ੀਹਾ ਉੱਪਲ ਦੀ ਕ੍ਰਿਤ 'ਸਾਖੀ ਮਹਿਲ ਪਹਿਲੇ ਕੀ', ਪ੍ਰਸਿੱਧ ਹਨ। ਜਨਮ ਸਾਖੀਆਂ ਵਿੱਚ ਸਭ ਤੋਂ ਵੱਧ ਪ੍ਰਚੱਲਤ ਹੈ, ਭਾਈ ਬਾਲੇ ਵਾਲੀ ਜਨਮ ਸਾਖੀ। ਇਸ ਦੇ ਪ੍ਰਚੱਲਤ ਹੋਣ ਦਾ ਕਾਰਨ ਹੈ, ਪਿਛਲੀ ਡੇਢ ਸਦੀ ਤੋਂ ਗੁਰਦਵਾਰਿਆਂ ਵਿੱਚ ਭਾਈ ਸੰਤੋਖ ਸਿੰਘ ਦੇ ਲਿਖੇ ਸੂਰਜ ਪ੍ਰਕਾਸ਼ ਦੀ ਹੋ ਰਹੀ ਕਥਾ। ਡਾ ਸ. ਸ. ਪਦਮ ਲਿਖਦਾ ਹੈ, "ਸਥਿਤੀ ਦਾ ਵਿਅੰਗ ਇਹ ਹੈ ਕਿ ਹੰਦਾਲੀਆਂ ਨੇ ਆਪਣੇ ਏਜੰਡੇ ਨੂੰ ਇਸ ਸਫਾਈ ਨਾਲ ਲਾਗੂ ਕੀਤਾ ਕਿ ਸਿੱਖ ਗ੍ਰੰਥਕਾਰਾਂ ਅਤੇ ਇਤਿਹਾਸਕਾਰਾਂ ਦੀ ਅਣਗਹਿਲੀ ਕਾਰਨ, 'ਜਨਮਸਾਖੀ ਬਾਲਾ' ਜਿਸ ਰਾਹੀ ਸਿੱਖ ਇਤਿਹਾਸ ਨੂੰ ਵਿਗਾੜਿਆ ਗਿਆ, ਹੀ ਸਭ ਤੋਂ ਵੱਧ ਪ੍ਰਚੱਲਤ ਰਹੀ। ਇਹ ਮਿਹਰਾਂ ਭਾਈ ਸੰਤੋਖ ਸਿੰਘ ਵਰਗੇ ਗ੍ਰੰਥਕਾਰਾਂ ਕਰਕੇ ਹਨ ਕਿ ਬਾਲਾ, ਜੋ ਹੰਦਾਲੀਆਂ ਨੇ ਅਣ ਹੋਇਆ ਵਿਰੋਧਾਤਮਕ ਪਾਤਰ ਸਿਰਜਿਆ ਸੀ, ਆਪਣੀ ਹੋਂਦ ਨੂੰ 'ਭਾਈ ਬਾਲਾ' ਬਣ ਕੇ ਸਿੱਖ ਮਾਨਸਿਕਤਾ ਵਿੱਚ ਪੱਕੀ ਕਰੀ ਬੈਠਾ ਹੈ।" (ਸਿੱਖਾਂ ਦੀ ਭਗਤ ਮਾਲ, ਪੰਨਾ 195)।

ਇਸ ਜਨਮ ਸਾਖੀ ਦੇ ਹੱਥ ਲਿਖਤ ਉਤਾਰੇ ਬਹੁਤ ਮਿਲਦੇ ਹਨ ਅਤੇ ਛਾਪੇਖ਼ਾਨੇ ਵਾਲਿਆਂ ਨੇ ਵੀ ਵਾਰ-ਵਾਰ ਇਸੇ ਨੂੰ ਹੀ ਛਾਪਿਆ ਹੈ। ਇਸ 'ਚ ਕੋਈ ਸ਼ੱਕ ਨਹੀ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਦਾ ਹੀ ਪ੍ਰਚਾਰ ਸਭ ਤੋਂ ਵੱਧ ਹੋਇਆ ਹੈ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਜਨਮ ਸਾਖੀਆਂ ਦੀ ਪ੍ਰਮਾਣਿਕਤਾ ਬਾਰੇ ਵੀ ਸਭ ਤੋਂ ਵੱਧ ਪਰਖ-ਪੜਚੋਲ, ਭਾਈ ਬਾਲੇ ਵਾਲੀ ਜਨਮ ਸਾਖੀ ਦੀ ਹੀ ਹੋਈ ਹੈ। ਇਸੇ ਤਰ੍ਹਾਂ ਹੀ ਪੁਰਾਤਨ ਜਨਮ ਸਾਖੀਆਂ ਦੀ ਸਾਂਭ-ਸੰਭਾਲ ਅਤੇ ਮੁੜ ਸੰਪਾਦਨਾ ਦਾ ਕਾਰਜ ਭਾਈ ਵੀਰ ਸਿੰਘ ਨੇ ਸੰਨ 1926 ਈ. ਵਿਚ, ਪੁਰਾਤਨ ਜਨਮਸਾਖੀ ਦੀ ਸੰਪਾਦਨਾ ਕਰਕੇ ਆਰੰਭ ਦਿੱਤਾ ਸੀ ਪਰ ਵਿਦਿਅਕ ਅਦਾਰਿਆਂ ਵਿਚ ਵੱਡੀ ਪੱਧਰ 'ਤੇ ਇਸ ਵਿਸ਼ੇ 'ਤੇ ਖੋਜ ਕਾਰਜ ਦਾ ਆਰੰਭ, ਗੁਰੂ ਨਾਨਕ ਜੀ ਦੇ ਪ੍ਰਕਾਸ਼ ਦੀ ਪੰਜਵੀਂ ਸ਼ਤਾਬਦੀ ਭਾਵ 1969 ਈ. ਦੇ ਆਸ-ਪਾਸ ਹੀ ਹੋਇਆ ਸੀ।

ਕੋਈ ਸਮਾਂ ਸੀ ਜਦੋਂ ਸਾਧਨਾਂ ਦੀ ਕਮੀ ਕਾਰਨ ਸਿੱਖਾਂ ਵਿੱਚ ਪੜ੍ਹਨ ਦੀ ਬਹੁਤੀ ਰੁਚੀ ਨਹੀ ਸੀ। ਆਪ ਪੜ੍ਹਨ ਅਤੇ ਪਰਖ ਪੜਚੋਲ ਦੀ ਬਜਾਏ, ਪ੍ਰਚਾਰਕਾਂ ਵੱਲੋਂ ਸੁਣਾਈਆਂ ਸਾਖੀਆਂ ਨੂੰ ਹੀ ਸੱਚ ਮੰਨ ਲਿਆ ਜਾਂਦਾ ਸੀ। ਅੱਜ ਸਾਡੇ ਪਾਸ ਬਹੁਤ ਸਾਰੇ ਸਾਧਨ ਹਨ ਅਤੇ ਪ੍ਰਚਾਰਕਾਂ ਦੀ ਨਵੀਂ ਪੀੜ੍ਹੀ, ਕੁਝ ਇਕ ਨੂੰ ਛੱਡ ਕੇ, ਪੜ੍ਹੀ ਲਿਖੀ ਹੈ, ਜੋ ਇਤਿਹਾਸ 'ਚ ਦਰਜ ਸਾਖੀਆਂ ਨੂੰ ਗੁਰਬਾਣੀ ਦੀ ਕਸਵੱਟੀ ਅਤੇ ਵਿਗਿਆਨਕ ਨਿਯਮਾਂ ਨਾਲ ਪਰਖ ਪੜਚੋਲ ਕੇ ਪੇਸ਼ ਕਰਦੇ ਹਨ। ਪੜ੍ਹਨ-ਲਿਖਣ ਦੀ ਰੁਚੀ ਰੱਖਣ ਵਾਲੇ ਸੱਜਣ ਇਹ ਜਾਣਦੇ ਹਨ ਕਿ ਬਾਲੇ ਵਾਲੀ ਜਨਮ ਸਾਖੀ, ਜੋ ਅੱਜ ਪ੍ਰਚਲਿਤ ਹੈ, ਇਹ ਗੁਰੂ ਅੰਗਦ ਦੇਵ ਜੀ ਵੱਲੋਂ ਲਿਖਾਈ, ਜਨਮ ਸਾਖੀ ਨਹੀਂ ਹੈ। ਬਹੁਗਿਣਤੀ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਹੰਦਾਲੀਆਂ ਵੱਲੋਂ ਲਿਖਵਾਈ ਹੋਈ ਹੈ। ਇਸ ਵਿੱਚ ਹੰਦਾਲ




ਨੂੰ ਗੁਰੂ ਜੀ ਤੋਂ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ। ਇਸ ਜਨਮ ਸਾਖੀ ਵਿੱਚ ਬੇਅੰਤ ਭੁੱਲਾਂ ਦੇ ਨਾਲ-ਨਾਲ ਗੁਰੂ ਜੀ ਦਾ ਨਿਰਾਦਰ ਕਰਨ ਵਾਲੀਆਂ ਸਾਖੀਆਂ ਵੀ ਦਰਜ ਹਨ। ਜਿਵੇ ਕਿ ਮਝੌਤ ਵਾਲੀ (57) ਅਤੇ ਸਹਿਜ ਕੁਸਹਿਜ ਵਾਲੀ ਸਾਖੀ (75)।

ਹੰਦਾਲ ਦਾ ਜਨਮ, ਸੰਮਤ 1630 ਬਿਕ੍ਰਮੀ ਵਿਚ ਹੋਇਆ ਸੀ। ਸੰਮਤ ੧੬੩੦ (1573 ਈ) ਵਿਸਾਖ ਸੁਦੀ ਪੂਰਨਮਾਸ਼ੀ ਸਵਾਂਤੀ ਨਿਛੱਤ੍ਰ ਡੇਢ ਪਹਿਰ ਰਾਤ ਰਹਿੰਦੀ ਐਤਵਾਰ ਗੁਰੂ ਜੀ ਦਾ ਜਨਮ ਹੋਇਆ (ਸ੍ਰੀ ਗੁਰੂ ਹੰਦਾਲ ਪ੍ਰਕਾਸ਼, ਪੰਨਾ 31), (ਯਾਦ ਰਹੇ ਵੈਸਾਖ ਸੁਦੀ ਪੂਰਨਮਾਸ਼ੀ ਨੂੰ 17 ਅਪ੍ਰੈਲ ਦਿਨ ਸ਼ੁੱਕਰਵਾਰ ਸੀ ਨਾ ਕਿ ਐਤਵਾਰ)। ਹੰਦਾਲ ਦੀ ਮੌਤ ਸੰਮਤ 1705 ਬਿਕ੍ਰਮੀ (1648 ਈ) ਨੂੰ ਹੋਈ ਸੀ। ਇਸ ਦੇ ਦੋ ਪੁੱਤਰ ਸਨ। ਬਾਲ ਚੰਦ ਦਾ ਜਨਮ 1657 ਬਿ (1600 ਈ) ਅਤੇ ਬਿਧੀ ਚੰਦ ਦਾ ਜਨਮ ਸੰਮਤ 1660 ਬਿਕ੍ਰਮੀ ਅਤੇ ਮੌਤ ਸੰਮਤ 1715 ਬਿਕ੍ਰਮੀ ਨੂੰ ਹੋਈ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਬਾਲ ਚੰਦ ਹੀ ਬਾਲਾ ਹੈ।

'ਸਾਖੀ ਮਹਿਲ ਪਹਿਲੇ ਕੀ' ਵਿਚ ਸ. ਸ. ਪਦਮ ਲਿਖਦਾ ਹੈ, "ਮੂਲ ਰੂਪ ਵਿਚ ਜਨਮਸਾਖੀ ਬਾਲਾ ਹੰਦਾਲੀਆਂ ਦਾ ਉਤਪਾਦਨ ਹੈ, ਇਹ ਤੱਥ ਬਹੁਤ ਲੰਬੇ ਸਮੇਂ ਤਕ ਵਿਸਰ-ਭੋਲ ਦਾ ਸ਼ਿਕਾਰ ਰਿਹਾ। ਹੰਦਾਲੀਏ ਸਿੱਖ ਪਰੰਪਰਾ ਤੋਂ ਅਲੱਗ ਹੋਈ ਜ਼ਰਾ ਮਾਤਰ ਧੜੇਬੰਦੀ ਸੀ। ਜਿਸ ਦੇ ਪੱਥ-ਭਰਿਸ਼ਟ ਆਗੂ ਬਿਧੀ ਚੰਦ ਨੇ ਇਹ ਜਨਮਸਾਖੀ ਲਿਖਵਾਈ, ਮਨੋਰਥ ਬਾਬੇ ਦੇ ਚਰਿਤ੍ਰ ਘਾਤ ਰਾਹੀਂ, ਆਪਣੀਆਂ ਬਦਫੈਲੀਆਂ ਨੂੰ ਚਲੀ ਆ ਰਹੀ ਰੀਤ ਦਾ ਭਾਗ ਦੱਸ ਕੇ ਭੋਲੇ ਭਾਲੇ ਅਨੁਯਾਈਆਂ ਨੂੰ ਪਤਿਆਉਣ ਅਤੇ ਬਾਬੇ ਦੀ ਕੀਤੀ ਭਵਿੱਖ ਬਾਣੀ ਰਾਹੀਂ ਹੰਦਾਲ ਦੀ ਪ੍ਰਭੁਤਾ ਸਥਾਪਤ ਕਰਨ ਦਾ ਸੀ। ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਇਹੋ ਇਕ ਰਚਨਾ ਹੈ ਜਿਸ ਦੀਆਂ ਵੱਡੀ ਗਿਣਤੀ ਵਿੱਚ ਨਕਲਾਂ ਮਿਲਦੀਆਂ ਹਨ। ਜੋ ਸਵੈ ਇੱਛਾ ਅਧੀਨ ਉਤਾਰਕਾਂ ਦਾ ਮਾਰਿਆ ਮਾਰਕਾ ਨਹੀ ਹੋ ਸਕਦਾ।"...

ਇਕ ਸਾਖੀ ਦੇ ਖਰਚ ਬਾਰੇ ਸ. ਸ. ਪਦਮ ਅਤੇ ਈਸ਼ਰ ਸਿੰਘ ਨਾਰਾ ਨੇ ਵੀ ਹਵਾਲਾ ਦਿੱਤਾ ਹੈ, "ਜਨਮ ਸਾਖੀ ਬਾਬੇ ਨਾਨਕ ਕੀ ਸੰਪੂਰਨ ਹੋਈ। ਵੀਰਵਾਰ ਪਹਿਰ ਦਿਨ ਚੜੇ। ਲਿਖਵਾਈ ਸੰਗਤ ਸਿੰਘ ਸੂਦ ਸਿਖ, ਲਿਖੀ ਆਤਮਾ ਸਿੰਘ ਸੂਦ ਕੀਰਤਨੀਏ। ਵਿਚਰੜੇ ਲਾਹੌਰ ਦੇ। ਆਗੇ ਲਾਗਤ ਪੋਥੀ ਲਿਖੀ 330 ਰੁਪਏ।" ਇਹ ਜਨਮ ਸਾਖੀ ਬਾਬਾ ਪਿਆਰੇ ਨਾਲ ਬੇਦੀ ਦੀ ਸੰਭਾਲ ਵਿਚ ਹੈ। (ਵੈਸਾਖ ਨਹੀਂ ਕੱਤਕ ਪੰਨਾ 11), ਪ੍ਰਤਿਕਰਮ ਸ. ਸ. ਪਦਮ 'ਸਾਖੀ ਮਹਿਲ ਪਹਿਲੇ ਕੀ' ...।

ਇਸੇ ਯੋਜਨਾ ਤਹਿਤ ਇਹ ਸਾਖੀ ਸੈਦੋ ਜੱਟ, ਜੋ ਮੁਜੰਗਾਂ, ਲਹੌਰ ਦਾ ਨਿਵਾਸੀ ਸੀ ਅਤੇ ਭਾਈ ਗੁਰਦਾਸ ਦੇ ਸ਼ਬਦਾਂ ਵਿਚ 'ਸ਼ਬਦ ਵਿਚਾਰ' ਦਾ ਅਧਿਕਾਰੀ ਸੀ, ਕੋਲ ਵੀ ਪੁੱਜੀ ਅਤੇ ਉਸ ਨੇ ਤੁਰੰਤ ਪ੍ਰਤਿਕਰਮ ਵਜੋਂ ਪੁਰਾਤਨ ਜਨਮ ਸਾਖੀ (1660 ਈ:) ਦਾ ਸੰਕਲਨ- ਸੰਪਾਦਨ ਕੀਤਾ (ਪੰਨਾ 83)।

ਡਾ. ਰਤਨ ਸਿੰਘ ਜੱਗੀ ਨੇ ਲਿਖਿਆ ਹੈ, (ਗੁਰੂ ਨਾਨਕ ਜੀਵਨ ਅਤੇ ਵਿਅਕਤਿਤ੍ਵ) ਇਸ ਜਨਮਸਾਖੀ ਦੇ ਵਿਸ਼ੇ ਵਸਤੂ ਸੰਬੰਧੀ ਸੰਦੇਹ ਦੀ ਭਾਵਨਾ ਦਾ ਆਰੰਭ ਮਨੀ ਸਿੰਘ ਜਨਮਸਾਖੀ ਦੀ ਪ੍ਰਸਤਾਵਨਾ ਤੋਂ ਹੁੰਦਾ ਹੈ।... ਭਾਵੇਂ ਬਾਲਾ ਜਨਮਸਾਖੀ ਦੀ ਸੰਦਿਗਧਥਾ ਸਬੰਧੀ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਕੋਈ ਸਪੱਸ਼ਟ ਉਲੇਖ ਨਹੀਂ ਹੈ, ਫਿਰ ਵੀ ਵਿਚਾਰ ਅਧੀਨ ਜਨਮਸਾਖੀ ਵਿੱਚ ਸੰਕਲਿਤ ਸਾਖੀਆਂ ਹੀ ਦੂਜਿਆਂ ਦੇ ਮੁਕਾਬਲੇ ਜਿਆਦਾ ਆਪੱਤੀਜਨਕ ਅਤੇ ਗੁਰੂ-ਚਰਿਤ੍ਰ ਨੂੰ ਦੂਸ਼ਿਤ ਕਰਨ ਵਾਲੀਆਂ ਹਨ। ਇਸ ਲਈ ਇਹ ਉਹੀ ਜਨਮਸਾਖੀ ਸਿੱਧ ਹੁੰਦੀ ਹੈ। ਜਿਸ ਪ੍ਰਤੀ ਭਾਈ ਮਨੀ ਸਿੰਘ ਨੇ ਆਪੱਤੀ ਪ੍ਰਗਟ ਕੀਤੀ ਹੈ। ਇਸ ਤਰਾਂ ਪਰਸਤੁਤ ਜਨਮਸਾਖੀ ਦੀ ਸੰਦਿਗਧਤਾ ਦਾ ਆਰੰਭ ਮਨੀ ਸਿੰਘ ਜਨਮਸਾਖੀ (1735 ਈ) ਤੋਂ ਹੁੰਦਾ ਹੈ, (ਪੰਨਾ 51)।

ਕਵੀ ਸੰਤੋਖ ਸਿੰਘ ਆਪਣੇ ਗ੍ਰੰਥ 'ਸ੍ਰੀ ਗੁਰੂ ਨਾਨਕ ਪ੍ਰਕਾਸ਼ (1832 ਈ) ਪੂਰਬਾਰਦ' ਦੇ 37ਵੇਂ ਅਧਿਆਇ,ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆ,ਵਿੱਚ ਆਪਣੇ ਸਰੋਤਾਂ ਦਾ ਜਿਕਰ ਕਰਦੇ ਲਿਖਦੇ ਹਨ :

ਪੂਰਬ ਪੋਥੀ ਜੋ ਲਿਖੀ ਸ੍ਰੀ ਨਾਨਕ ਇਤਿਹਾਸ।
ਲਿਖਵਾਈ ਅੰਗਦ ਗੁਰੂ ਬਾਲੇ ਬਦਨ ਪ੍ਰਕਾਸ਼।।੧੩।।

ਉਪ੍ਰੋਕਤ ਪੰਗਤੀ ਤੋਂ ਸਪੱਸ਼ਟ ਹੈ ਕਿ ਕਵੀ ਸੰਤੋਖ ਸਿੰਘ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਜਿਕਰ ਕਰ ਰਹੇ ਹਨ ਜੋ ਇਨ੍ਹਾਂ ਦਾ ਇਤਿਹਾਸਕ ਸਰੋਤ ਹੈ। ਇਸ ਤੋਂ ਅੱਗੇ ਕਵੀ ਜੀ, ਹੰਦਾਲ ਦਾ ਜਿਕਰ ਕਰਦੇ ਹੋਏ ਲਿਖਦੇ ਹਨ ਕਿ ਹੰਦਾਲ ਦੇ ਘਰ ਇਕ ਨੀਚ ਪੈਦਾ ਹੋ ਗਿਆ। ਜਿਸ ਦੇ ਹੱਥ ਗੁਰੂ ਅੰਗਦ ਜੀ ਵੱਲੋਂ ਲਿਖਵਾਈ ਪੋਥੀ ਆ ਗਈ। ਉਸ ਨੇ ਇਕ ਕਬੀਰ ਪੰਥੀ ਨਾਲ ਮਿਲ ਕੇ ਮਿਲਾਵਟੀ ਪੋਥੀ ਤਿਆਰ ਕਰ ਦਿੱਤੀ ਜਿਸ ਵਿੱਚ ਉਸ ਨੇ ਹੰਦਾਲ ਦੀ ਵਡਿਆਈ ਕੀਤੀ ਅਤੇ ਗੁਰੂ ਨਾਨਕ ਜੀ ਸਬੰਧੀ ਅਯੋਗ ਸਾਖੀਆਂ ਇਸ ਆਸ ਨਾਲ ਲਿਖ ਦਿੱਤੀਆਂ ਕਿ ਗੁਰੂ ਦੇ ਸਿੱਖ ਸਾਨੂੰ ਮੰਨਣ ਲੱਗ ਪੈਣਗੇ। ਅਸਲ ਪੋਥੀ ਨੂੰ ਪਾੜ ਕੇ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ।

ਹਮਕੋ ਮਨਹਿੰਗੇ ਬਹੁ ਮਾਨਵ। ਲਿਖੀ ਅਧਿਕਤਾ ਉਰ ਆਨਵ।
ਪੂਰਬ ਪੋਥੀ ਹੁਤੀ ਜੋ ਸੋਈ ਦਈ ਬਿਆਸ ਬੀਚ ਡਬੋਇ।।੨੭।।
ਪੰਨੇ ਛੇਦੇ ਦਈ ਬਹਾਈ। ਜੋ ਸ੍ਰੀ ਗੁਰੂ ਅੰਗਦ ਲਿਖਵਾਈ।
ਤਿਹ ਕੋ ਤਾਤਪਰਜ ਸਭਿ ਚੀਨੇ। ਅਧਿਕ ਬਚਨ ਅਪਨੇ ਲਿਖਿ ਦੀਨੇ।।੨੮।।

ਕਵੀ ਸੰਤੋਖ ਸਿੰਘ ਦੀ ਉਪ੍ਰੋਕਤ ਲਿਖਤ ਤੋਂ ਇਹ ਸਪੱਸ਼ਟ ਹੈ, ਕਵੀ ਦੀ ਜਾਣਕਾਰੀ ਦਾ ਵਸੀਲਾ ਭਾਈ ਬਾਲੇ ਵਾਲੀ ਮਿਲਾਵਟੀ ਜਨਮ ਸਾਖੀ ਹੈ। ਕਰਿ ਕੁਕਰਮ ਅਨਸ਼ੋਧ ਬਨਾਈ ਅਪਨ ਵਡਿਨ ਕੀ ਕੀਰਤਿ ਪਾਈ। ਕਵੀ ਜੀ ਲਿਖਦੇ ਹਨ ਕਿ ਹੰਦਾਲੀਆਂ ਨੇ ਅਸਲ ਜਨਮ ਸਾਖੀ ਨੂੰ ਪਾੜ ਕੇ ਬਿਆਸ ਦਰਿਆ 'ਚ ਰੋੜ ਦਿੱਤਾ ਸੀ। ਇਹ ਘਟਨਾ ਸੰਮਤ 1715 ਬਿਕ੍ਰਮੀ (1658 ਈ:) ਦੇ ਨੇੜ ਤੇੜ ਦੀ ਹੀ ਹੋ ਸਕਦੀ ਹੈ।

ਰਤਨ ਸਿੰਘ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ (1840 ਈ.) ਵਿੱਚ ਲਿਖਿਆ ਹੈ,

ਐਸੇ-ਐਸੇ ਝੂਠ ਲਿਖ ਜਨਮਸਾਖੀ ਮੱਧ ਮਿਲਾਇ।
ਜਹਾਂ ਨ ਪਹੁੰਚਯੋ ਪ੍ਰਹਲਾਦ ਧ੍ਰੂ ਹਿੰਦਾਲ ਪਹੁੰਚਯੋ ਲਿਖਵਾਇ। 11।
ਐਸੀ ਭਈ ਹਿੰਦਾਲੇ ਬਾਤ ਸੁਨਹੁੰ ਗੁਰਮੁਖ ਹਮਰੇ ਗੁਰ ਭ੍ਰਾਤ
ਆਗੇ ਭਈ ਹੰਦਾਲ ਉਲਾਦ ਜੋ ਬਡ ਗਜਬ ਗਏ ਲਿਖ ਬਾਦ।। 16।। (ਪੰਨਾ 186)।

ਗੁਰੂ ਨਾਨਕ ਸੂਰਜੋ ਦੇਬਾਬਾ ਗਣੇਸ਼ਾ ਸਿੰਘ ਬੇਦੀ (1926 ਬਿ: -1869 ਈ.) ਜਿਸ ਦਾ ਸੰਪਾਦਨ ਡਾ ਰਾਮ ਸਿੰਘ ਸੈਣੀ ਨੇ ਕੀਤਾ ਹੈ,ਇਸ ਛੰਦ ਬਧ ਜਨਮਸਾਖੀ ਦਾ ਮੂਲ ਸਰੋਤ ਭਾਈ ਬਾਲੇ ਵਾਲੀ ਜਨਮ ਸਾਖੀ ਹੈ। ਜਿਸ ਬਾਰੇ ਲੇਖਕ ਨੇ ਆਪ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੈ।

ਬਾਲਾ ਮੁਖ ਭਾਖਤ ਭਯੋਂ ਪੈੜੇ ਲਿਖ ਲੀਨੀ,
ਲਿਖਵਾਈ ਅੰਗਦ ਗੁਰੂ ਸਰਧ ਮਤ ਭੀਨੀ।। (ਪੰਨਾ 35)।
ਰਚਯੋ ਛੰਦਨ ਮੈਂ ਤਿਸੈ ਨਿਜ ਮਤਿ ਅਨੁਸਾਰੀ,
ਵਾਹਗੁਰੂ ਮੁਖ ਤੇ ਭਨੋ ਜੋ ਚਹਤ ਉਬਾਰੀ।। 26।।
ਬਹੁ ਮਾਨਵ ਉਰ ਸ਼ਰਧਾ ਆਨੀ ਮਾਨੇ ਗੇ ਹਮ ਕੋ ਬਡ ਜਾਨੀ,
ਪੋਥੀ ਪ੍ਰਿਥਮ ਡੁਬਾਈ ਤਾਹੀ, ਪੰਨੇ ਛੇਦ ਬਿਪਾਸਾ ਮਾਹੀ। 18। (ਪੰਨਾ 170)।

ਗਿਆਨੀ ਗਿਆਨ ਸਿੰਘ (ਪੰਥ ਪ੍ਰਕਾਸ਼, 1878 ਈ:),

ਜਨਮਸਾਖੀ ਗੁਰੂ ਨਾਨਕ ਕੇਰੀ, ਤਬਿ ਪੋਥੀ ਨਹਿੰ ਹੁਤੀ ਬਧੇਰੀ।
ਬਿਧੀ ਚੰਦ ਤਿਸ ਪੋਥੀ ਮਾਹੈਂ, ਸਾਖੀ ਦਈ ਕੂਰ ਇਮ ਗਾਹੈਂ।। 205।।

ਇਸ ਤੋਂ ਪਿਛੋਂ ਵਾਰੀ ਆਉਂਦੀ ਹੈ, ਪ੍ਰੋ: ਗੁਰਮੁਖ ਸਿੰਘ ਦੀ, ਜਿਨ੍ਹਾਂ ਨੇ ਸਿੰਘ ਸਭਾ ਦੇ ਸਮੇਂ ਸੰਨ 1884 ਈ: ਵਿਚ 'ਜਨਮ ਕੁੰਡਲੀਆਂ' ਲੇਖ ਆਪਣੇ ਮਾਸਿਕ ਪਤ੍ਰਿਕਾ ਸੁਧਾਰਕ ਵਿੱਚ ਛਾਪਿਆ ਸੀ। ਪਰ ਠੋਸ ਆਲੋਚਨਾਤਮਿਕ ਅਧਿਐਨ ਦਾ ਮੁੱਢ ਸ. ਕਰਮ ਸਿੰਘ ਹਿਸਟੋਰੀਅਨ ਨੇ ਸੰਨ 1912 ਈ: ਵਿਚ, 'ਕੱਤਕ ਕਿ ਵੈਸਾਖ' ਲਿਖ ਕੇ ਬੰਨ੍ਹਿਆ ਸੀ।

ਸ. ਕਰਮ ਸਿੰਘ ਹਿਸਟੋਰੀਅਨ ਲਿਖਦੇ ਹਨ, "ਭਾਈ ਬਾਲੇ ਵਾਲੀ ਜਨਮ ਸਾਖੀ ਦੀ ਪੁਰਾਣੀ ਤੋਂ ਪੁਰਾਣੀ ਕਾਪੀ ਜੋ ਮਿਲ ਸਕੀ ਹੈ, ਉਹ ਜਗਰਾਵੀਂ ਇਕ ਡੇਰੇ ਵਿਚੋਂ ਮਿਲੀ ਹੈ, ਇਸ ਦੇ ਲਿਖੇ ਜਾਣ ਦਾ ਸੰਮਤ ੧੭੮੧ ਬਿ: (1724 ਈ) ਮਿਤੀ ਮੱਘਰ ਵਦੀ ਦਸਮੀ ਹੈ। ਇਸ ਤੋਂ ਪਹਿਲਾਂ ਦੀ ਲਿਖੀ ਹੋਈ ਕਾਪੀ ਨਹੀਂ ਮਿਲਦੀ।" (ਪੰਨਾ 115)।

ਹੁਣ ਖੋਜੀ ਵਿਦਵਾਨਾਂ ਨੂੰ ਬਿਕ੍ਰਮੀ 1715 ਸੰਮਤ (1658 ਈ.) ਦੀ ਲਿਖੀ ਹੋਈ ਹੱਥ ਲਿਖਤ ਮਿਲੀ ਹੈ ਜੋ ਪਿਆਰੇ ਲਾਲ ਕਪੂਰ, ਦੀ ਸੰਤਾਨ ਪਾਸ ਸੁਰੱਖਿਅਤ ਹੈ। ਹੁਣ ਤਾਈਂ ਮਿਲੀਆਂ ਹੱਥ ਲਿਖਤਾਂ 'ਚ ਇਹ ਸਭ ਤੋਂ ਪੁਰਾਣੀ ਹੱਥ ਲਿਖਤ ਮੰਨੀ ਗਈ ਹੈ। ਇਹ ਇਕੋ ਹੱਥ ਦੀ ਲਿਖਤ ਹੈ। ਇਸ ਦਾ ਲੇਖਕ ਲਾਹੌਰ ਨਿਵਾਸੀ ਗੋਰਖ ਨਾਥ ਹੈ। ਸੰਮਤ ੧੭੧੫ ਮਾਘ ਸੁਦੀ ੬ ਪੋਥੀ ਲਿਖੀ ਗੁਰ ਪ੍ਰਸਾਦ ਗੋਰਖ ਦਾਸ ਸੰਗਤ ਗੁਰੂ ਜਾਚਕ। ਪਰ ਇਸ ਜਨਮ ਸਾਖੀ ਦੇ ਆਰੰਭ ਵਿੱਚ ਹੀ ਇਸ ਦਾ ਲੇਖਕ ਲਿਖਦਾ ਹੈ, "ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ ਸੰਮਤ 1582, ਪੰਦ੍ਰਾ ਸੈ ਬੈਆਸੀਆਂ ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ।" ਇਹ ਤਾਰੀਖ 27 ਅਪ੍ਰੈਲ 1525 ਈ: ਬਣਦੀ ਹੈ। ਜਦੋਂ ਕਿ ਗੁਰੂ ਜੀ 8 ਅੱਸੂ ਸੰਮਤ 1596 ਬਿਕ੍ਰਮੀ (7 ਸਤੰਬਰ 1539 ਈ:) ਜੋਤੀ ਜੋਤ ਸਮਾਏ ਸਨ।

ਡਾ. ਗੁਰਬਚਨ ਕੌਰ ਜੀ ਲਿਖਦੇ ਹਨ, ਬਾਲਾ, ਇਸ ਜਨਮ ਸਾਖੀ ਦਾ ਵਿਸ਼ੇਸ਼ ਪਾਤਰ ਹੈ ਜੋ ਗੁਰੂ ਨਾਨਕ ਜੀ ਦਾ ਸਾਥੀ ਹੋਣ ਦਾ ਦਾਅਵਾ ਕਰਦਾ ਹੈ ਤੇ ਆਪਣੇ ਆਪ ਨੂੰ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਨਾਨਕ ਦੀ ਜੀਵਨੀ ਲਿਖਾਉਣ ਵਾਲਾ ਸਿੱਧ ਕਰਦਾ ਹੈ। ਪਰ ਜਨਮ ਸਾਖੀ ਦੀਆਂ ਅੰਦਰਲੀਆਂ ਗਵਾਹੀਆਂ ਦੇ ਅਧਾਰ ਉੱਤੇ ਸਿੱਧ ਕੀਤਾ ਗਿਆ ਹੈ ਕਿ ਇਹੋ ਜਿਹਾ ਕੋਈ ਇਤਿਹਾਸਿਕ ਵਿਅਕਤੀ ਨਹੀਂ ਹੋਇਆ, ਸਗੋਂ ਇਸ ਸਾਰੇ ਖੜ ਜੰਤਰ ਨੂੰ ਰਚਣ ਦਾ ਕੰਮ, ਬੜੀ ਚਤਰਾਈ ਨਾਲ, ਹੰਦਾਲ ਦੇ ਜੇਠੇ ਲੜਕੇ 'ਬਾਲ ਚੰਦ ਨੇ ਕੀਤਾ ਹੈ। ਇਹ ਇਕ ਨਵੀਂ ਲੱਭਤ ਹੈ। (ਜਨਮ ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਣ ਤੇ ਆਲੋਚਨਾਤਮਿਕ ਸੰਪਾਦਨ, ਪੰਨਾ 146)। ਯਾਦ ਰਹੇ ਇਹ ਕਿਤਾਬ 1987 ਈ. ਨੂੰ ਭਾਸ਼ਾ ਵਿਭਾਗ ਵੱਲੋਂ ਛਪੀ ਸੀ ਅਤੇ 27 ਮਈ 2015 ਈ. ਨੂੰ ਭਾਸ਼ਾ ਵਿਭਾਗ ਵੱਲੋਂ ਅੱਗ ਲਾ ਕੇ ਫੂਕ ਦਿੱਤੀ ਗਈ ਸੀ।

**(ਬਾਕੀ ਅਗਲੇ ਹਫ਼ਤੇ)**

**ਕੋਈ ਸਮਾਂ ਸੀ ਜਦੋਂ ਸਾਧਨਾਂ ਦੀ ਕਮੀ ਕਾਰਨ ਸਿੱਖਾਂ ਵਿੱਚ ਪੜ੍ਹਨ ਦੀ ਬਹੁਤੀ ਰੁਚੀ ਨਹੀ ਸੀ। ਆਪ ਪੜ੍ਹਨ ਅਤੇ ਪਰਖ ਪੜਚੋਲ ਦੀ ਬਜਾਏ, ਪ੍ਰਚਾਰਕਾਂ ਵੱਲੋਂ ਸੁਣਾਈਆਂ ਸਾਖੀਆਂ ਨੂੰ ਹੀ ਸੱਚ ਮੰਨ ਲਿਆ ਜਾਂਦਾ ਸੀ। ਅੱਜ ਸਾਡੇ ਪਾਸ ਬਹੁਤ ਸਾਰੇ ਸਾਧਨ ਹਨ ਅਤੇ ਪ੍ਰਚਾਰਕਾਂ ਦੀ ਨਵੀਂ ਪੀੜ੍ਹੀ, ਕੁਝ ਇਕ ਨੂੰ ਛੱਡ ਕੇ, ਪੜ੍ਹੀ ਲਿਖੀ ਹੈ, ਜੋ ਇਤਿਹਾਸ 'ਚ ਦਰਜ ਸਾਖੀਆਂ ਨੂੰ ਗੁਰਬਾਣੀ ਦੀ ਕਸਵੱਟੀ ਅਤੇ ਵਿਗਿਆਨਕ ਨਿਯਮਾਂ ਨਾਲ ਪਰਖ ਪੜਚੋਲ ਕੇ ਪੇਸ਼ ਕਰਦੇ ਹਨ। ਪੜ੍ਹਨ-ਲਿਖਣ ਦੀ ਰੁਚੀ ਰੱਖਣ ਵਾਲੇ ਸੱਜਣ ਇਹ ਜਾਣਦੇ ਹਨ ਕਿ ਬਾਲੇ ਵਾਲੀ ਜਨਮ ਸਾਖੀ, ਜੋ ਅੱਜ ਪ੍ਰਚਲਿਤ ਹੈ, ਇਹ ਗੁਰੂ ਅੰਗਦ ਦੇਵ ਜੀ ਵੱਲੋਂ ਲਿਖਾਈ, ਜਨਮ ਸਾਖੀ ਨਹੀਂ ਹੈ। ਬਹੁਗਿਣਤੀ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਹੰਦਾਲੀਆਂ ਵੱਲੋਂ ਲਿਖਵਾਈ ਹੋਈ ਹੈ। ਇਸ ਵਿੱਚ ਹੰਦਾਲ ਨੂੰ ਗੁਰੂ ਜੀ ਤੋਂ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ।**

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ ਤੇ ਕਿਰਤ ਸਿਧਾਂਤ

**ਗੁਰਲਾਲ ਸਿੰਘ ਸਰੀ**

ਗੁਰੂ ਨਾਨਕ ਸਾਹਿਬ ਦਾ ਸੰਦੇਸ਼ 'ਕਿਰਤ ਕਰੋ ਨਾਮ ਜਪੋ ਵੰਡ ਛਕੋ' ਸੰਸਾਰ ਦੇ ਇਤਿਹਾਸ ਵਿਚ ਇਕ ਮਹਾਨ ਇਤਿਹਾਸਕ ਘਟਨਾ ਹੈ। ਗੁਰੂ ਬਾਬਾ ਜੀ ਦੇ ਇਸ ਸੁਨੇਹੇ ਨੂੰ ਹਰ ਫਿਰਕੇ ਅਤੇ ਧਰਮ ਨੇ ਬੜੀ ਗੰਭੀਰਤਾ ਨਾਲ ਸੁਣਿਆ ਅਤੇ ਉਸ ਸੁਨੇਹੇ ਦਾ ਹਰ ਪਾਸੇ ਡੂੰਘਾ ਪ੍ਰਭਾਵ ਵੀ ਪਿਆ। ਇਸ ਦਾ ਪ੍ਰਮਾਣ ਇਕ ਇਹ ਵੀ ਹੈ ਕਿ ਸੰਨ 1521 ਤੱਕ ਗੁਰੂ ਨਾਨਕ ਸਾਹਿਬ ਨੂੰ ਮੁਸਲਮਾਨਾਂ ਨੇ 'ਹਜ਼ਰਤ ਬਾਬਾ ਨਾਨਕ' ਕਹਿਣਾ ਸ਼ੁਰੂ ਕਰ ਦਿੱਤਾ ਸੀ, ਹਿੰਦੂ ਜਨਤਾ ਨੇ ਆਪ ਨੂੰ 'ਨਾਨਕ ਦੇਵ' ਕਹਿ ਕੇ ਪਿਆਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਨਾਥਾਂ ਜੋਗੀਆਂ ਨੇ ਆਪ ਨੂੰ 'ਨਾਨਕ ਨਾਥ' ਮੰਨ ਲਿਆ ਸੀ। ਆਪ ਦੇ ਨਾਮ ਨਾਲ ਪੀਰ, ਫਕੀਰ ਆਦਿ ਦੇ ਸ਼ਬਦਾਂ ਦੀ ਵਰਤੋਂ ਕੀਤੀ ਜਾਣ ਲੱਗੀ। ਬੋਧੀਆਂ ਨੇ ਆਪ ਨੂੰ ਬੁੱਧ ਵਾਂਗ ਰਿਪਹੁੰਚੇ (ਧਾਰਮਿਕ ਗੁਰੂ) ਸਵੀਕਾਰ ਕਰ ਲਿਆ।

ਸਿੱਖ ਪੰਥ ਵਿਚ ਆਪ 'ਗੁਰੂ ਨਾਨਕ ਸਾਹਿਬ' ਸਨ। ਗੁਰੂ ਨਾਨਕ ਸਾਹਿਬ ਨੇ ਆਪਣੇ ਮਿਸ਼ਨ ਦੇ ਆਰੰਭ ਤੋਂ ਹੀ ਸੰਗਤ ਦੇ ਆਸ਼ੇ ਨੂੰ ਮੁੱਖ ਰੱਖਿਆ। ਜਦ ਆਪ ਉਦਾਸੀਆਂ ਉੱਤੇ ਚੱਲੇ ਤਾਂ ਭਾਈ ਮਰਦਾਨਾ ਉਹਨਾਂ ਦੇ ਰਾਹਾਂ ਦਾ ਸਾਥੀ ਬਣਿਆ। ਜਿਥੇ ਵੀ ਗੁਰੂ ਸਾਹਿਬ ਗਏ, ਉਥੇ ਹੀ ਸੰਗਤ ਕਾਇਮ ਕੀਤੀ। ਸਿੱਖ ਇਤਿਹਾਸ ਵਿਚ ਇਹ ਜਾਣਕਾਰੀ ਭਲੀ-ਭਾਂਤ ਮਿਲ ਜਾਂਦੀ ਹੈ ਕਿ ਹਰ ਥਾਂ ਗੁਰੂ ਜੀ ਨੇ ਸਿੱਖ ਸੰਗਤ ਦੀ ਸਹੂਲਤ ਲਈ ਧਰਮਸਾਲ ਉਸਾਰੀ ਗਈ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :

ਘਰਿ ਘਰਿ ਅੰਦਰਿ ਧਰਮਸਾਲ ਹੋਵੈ
ਕੀਰਤਨੁ ਸਦਾ ਵਿਸੋਆ।

ਗੁਰੂ ਨਾਨਕ ਸਾਹਿਬ ਨੇ ਧਾਰਮਿਕ ਦਰਸ਼ਨ ਦੇ ਦੋ ਸਭ ਤੋਂ ਜ਼ਰੂਰੀ ਸਿਧਾਂਤ ਗੁਰਬਾਣੀ ਅਤੇ ਸੰਗਤ ਹੀ ਮੰਨੇ ਹਨ। ਜਦ ਅਚਲ ਬਟਾਲੇ ਵਿਚ ਗੁਰੂ ਸਾਹਿਬ ਦੀ ਯੋਗੀਆਂ ਨਾਲ ਗੋਸ਼ਟ ਹੋਈ ਤਾਂ ਯੋਗੀਆਂ ਨੇ ਗੁਰੂ ਸਾਹਿਬ ਨੂੰ ਕਰਾਮਾਤ ਦਿਖਾਉਣ ਲਈ ਕਿਹਾ ਤਾਂ ਗੁਰੂ ਜੀ ਨੇ ਉਤਰ ਦਿੱਤਾ ਕਿ ਸਾਡੇ ਪਾਸ ਕੇਵਲ ਦੋ ਹੀ ਕਰਾਮਾਤਾਂ ਹਨ, ਇਕ ਗੁਰਬਾਣੀ ਅਤੇ ਦੂਜੀ ਸੰਗਤ। ਭਾਈ ਗੁਰਦਾਸ ਦੇ ਵਰਨਣ ਅਨੁਸਾਰ :

ਸਿਧਿ ਬੋਲਨਿ, ਸੁਣਿ ਨਾਨਕਾ!
ਤੁਹਿ ਜਗ ਨੋ ਕਰਾਮਾਤਿ ਦਿਖਾਈ।।
ਕੁਝੁ ਵਿਖਾਲੇਂ ਅਸਾਂ ਨੋ,
ਤੁਹਿ ਕਿਉਂ ਢਿਲ ਅਵੇਹੀ ਲਾਈ।।
ਬਾਬਾ ਬੋਲੇ, ਨਾਥ ਜੀ!
ਅਸਿ ਵੇਖਣਿ ਜੋਗੀ ਵਸਤੁ ਨ ਕਾਈ ।।
ਗੁਰੁ ਸੰਗਤਿ ਬਾਣੀ ਬਿਨਾ,
ਦੂਜੀ ਓਟ ਨਹੀ ਹੈ ਰਾਈ।।
ਸਿਵ ਰੂਪੀ ਕਰਤਾ ਪੁਰਖੁ,
ਚਲੇ ਨਾਹੀ ਧਰਤਿ ਚਲਾਈ

ਰਾਏ ਬਲਵੰਡ ਤੇ ਸੱਤਾ ਗੁਰੂ ਅੰਗਦ, ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇਵ ਜੀ ਦੇ ਦਰਬਾਰੀ ਰਬਾਬੀ ਸਨ। ਰਾਮਕਲੀ ਕੀ ਵਾਰ ਵਿਚ ਉਹ ਗੁਰੂ ਨਾਨਕ ਸਾਹਿਬ ਦੀ ਵਡਿਆਈ ਕਰਦੇ ਹੋਏ ਲਿਖਦੇ ਹਨ : ਗੁਰੂ ਨਾਨਕ ਸਾਹਿਬ ਨੇ ਮਜ਼ਬੂਤ ਨੀਂਹ ਉੱਤੇ ਸੱਚ ਦਾ ਕਿਲਾ ਉਸਾਰ ਕੇ ਧਰਮ ਦਾ ਰਾਜ ਸਥਾਪਿਤ ਕੀਤਾ-

ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵ ਦੈ॥
(ਗੁਰੂ ਗ੍ਰੰਥ ਸਾਹਿਬ, ਅੰਗ 966)

ਭਾਈ ਗੁਰਦਾਸ ਜੀ (1558-1637 ਈ:) ਗੁਰੂ ਨਾਨਕ ਸਾਹਿਬ ਦੇ ਨੇੜਲੇ-ਸਮਕਾਲੀ ਸਨ। ਉਹ ਗੁਰੂ ਨਾਨਕ ਸਾਹਿਬ ਦੇ ਆਗਮਨ ਦੀ ਤੁਲਨਾ ਸੂਰਜ-ਉਦੇ ਨਾਲ ਕਰਦੇ ਹਨ, ਜਿਸ ਦੇ ਪ੍ਰਕਾਸ਼ ਨਾਲ ਹਨੇਰਾ ਅਲੋਪ ਹੋ ਜਾਂਦਾ ਹੈ-

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣੁ ਹੋਆ।

ਗੁਰੂ ਨਾਨਕ ਸਾਹਿਬ ਜਿੱਥੇ ਸਿੱਖ ਲਹਿਰ ਦੇ ਮੋਢੀ ਬਾਨੀ ਸਨ, ਉੱਥੇ ਪ੍ਰਮੁੱਖ ਵਿਸ਼ਵ ਯਾਤਰੀ ਵੀ ਹਨ, ਜਿਹਨਾਂ ਨੇ ਮਨੁੱਖੀ ਕਦਰਾਂ-ਕੀਮਤਾਂ ਬਾਰੇ ਗਿਆਨ ਵੰਡਣ ਲਈ ਦੇਸ-ਵਿਦੇਸ਼ ਦੀ ਯਾਤਰਾ ਵੀ ਕੀਤੀ। ਉਹਨਾਂ ਅਧਿਆਤਮਕ ਮਿਸ਼ਨ ਲਈ ਕੀਤੀਆਂ ਉਦਾਸੀਆਂ ਨੂੰ ਲੱਗਭੱਗ 1496 ਈ. ਤੋਂ ਆਰੰਭਿਆ। ਗੁਰੂ ਨਾਨਕ ਸਾਹਿਬ ਆਪਣੀਆਂ ਉਦਾਸੀਆਂ ਦੌਰਾਨ ਮੁਲਤਾਨ ਵਿਖੇ ਵੀ ਗਏ ਜੋ ਸੂਫ਼ੀ ਸੰਤਾਂ ਦਾ ਕੇਂਦਰ ਸੀ। ਗੁਰੂ ਸਾਹਿਬ ਨੇ ਆਪਣੀਆਂ ਯਾਤਰਾ ਦੌਰਾਨ ਸੱਜਣ ਠੱਗ ਦਾ ਸੁਧਾਰ ਕੀਤਾ। ਅਸਲ ਵਿਚ ਉਹ ਇਕ ਲੁਟੇਰਾ ਸੀ ਜੋ ਰਾਹੀਆਂ ਮੁਸਾਫਰਾਂ ਨੂੰ ਲੁੱਟਣ ਦੀ ਤਾਕ ਵਿਚ ਰਹਿੰਦਾ। ਗੁਰੂ ਸਾਹਿਬ ਨੇ ਸੱਜਣ ਨੂੰ ਸੱਚ ਦੇ ਮਾਰਗ ਪਾ ਕੇ ਉਸ ਸਥਾਨ ਉੱਤੇ ਇਕ ਧਰਮਸ਼ਾਲਾ ਬਣਾਕੇ ਸੱਜਣ ਨੂੰ ਉਥੋਂ ਦਾ ਪ੍ਰਚਾਰਕ ਬਣਾਇਆ।

ਬ੍ਰਹਿਮੰਡ ਰਚਨਾ ਦੇ ਸਰਬ-ਪ੍ਰਵਾਨਿਤ ਵਿਗਿਆਨਕ ਸਿਧਾਂਤ ਵਿਸਫੋਟ ਸਿਧਾਂਤ ਦੀ ਖੋਜ 1931 ਈ: ਵਿੱਚ ਇਕ ਬੈਲਜੀਅਮ ਬ੍ਰਹਿਮੰਡ ਵਿਗਿਆਨੀ ਜਾਰਜਿਜ਼ ਲਿਮੈਟਰ ਨੇ ਕੀਤੀ ਅਤੇ ਧਰਤੀ ਉੱਤੇ ਜੀਵਾਂ ਦੀ ਉਤਪਤੀ ਦਾ ਵਿਕਾਸ ਸਿਧਾਂਤ ਇਕ ਅੰਗਰੇਜ਼ ਪ੍ਰਕਿਰਤੀ ਵਿਗਿਆਨੀ ਚਾਰਲਸ ਡਾਰਵਿਨ ਨੇ 1859 ਈਸਵੀ ਵਿਚ ਪ੍ਰਕਾਸ਼ਿਤ ਕੀਤਾ। ਇਹਨਾਂ ਵਿਗਿਆਨੀਆਂ ਨੇ ਕਈ ਤਰ੍ਹਾਂ ਦੀਆਂ ਮਸ਼ੀਨਾਂ, ਦੂਰਬੀਨਾਂ ਤੇ ਜੰਤਰਾਂ ਦੀ ਮਦਦ ਨਾਲ ਕਈ-ਕਈ ਸਾਲ ਅਨੇਕਾਂ ਤਜਰਬੇ ਕੀਤੇ ਅਤੇ ਆਖਿਰ ਵਿਸਫੋਟ ਸਿਧਾਂਤ ਤੇ ਵਿਕਾਸ ਸਿਧਾਂਤ



ਦੇ ਨਤੀਜਿਆਂ 'ਤੇ ਪਹੁੰਚੇ। ਪਰ ਗੁਰੂ ਨਾਨਕ ਸਾਹਿਬ ਦੀ ਵਡਿਆਈ ਇਹ ਹੈ ਕਿ ਉਹ ਵੀਹਵੀਂ ਸਦੀ ਦੇ ਇਹਨਾਂ ਵਿਗਿਆਨੀਆਂ ਤੋਂ ਤਕਰੀਬਨ 500 ਸਾਲ ਪਹਿਲਾਂ ਹੀ ਸਹਿਜ ਅਨੁਭਵ ਦੁਆਰਾ ਹੀ ਇਸ ਨਤੀਜੇ ਉੱਤੇ ਪਹੁੰਚ ਗਏ ਸਨ। ਉਹਨਾਂ ਅਨੁਸਾਰ ਸ੍ਰਿਸ਼ਟੀ ਰਚਨਾ ਦੇ ਅਮਲ ਵਿਚ ਸਭ ਤੋਂ ਪਹਿਲਾਂ ਪਵਨ (ਹਵਾ) ਪੈਦਾ ਹੋਈ, ਫਿਰ ਜਲ ਅਤੇ ਜਲ ਤੋਂ ਸਰਬ ਸੰਸਾਰ ਹੋਂਦ ਵਿਚ ਆਇਆ-

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
(ਸਿਰੀ ਰਾਗ ਮਹਲਾ 1, ਅੰਗ : 19)

ਇਸ ਤਰ੍ਹਾਂ ਗੁਰੂ ਨਾਨਕ ਜੀ ਭਾਈ ਮਰਦਾਨੇ ਨਾਲ ਲੈ ਕੇ ਸੰਸਾਰ ਨੂੰ ਤਾਰਦੇ ਅਤੇ ਸੱਚ ਦਾ ਮਾਰਗ ਸਮਝਾਉਂਦੇ ਲੋਕਾਂ ਸਾਹਮਣੇ ਸਿੱਖ ਧਰਮ ਦੇ ਤਿੰਨ ਸੁਨਹਿਰੀ ਸਿਧਾਂਤ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛੱਕੋ ਰੱਖੇ। ਭਾਈ ਗੁਰਦਾਸ ਫੁਰਮਾਉਂਦੇ ਹਨ :

ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ।
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ।

ਵੰਡ ਛੱਕੋ ਸਿਧਾਂਤ ਤਾਂ ਸਿੱਖ ਕੌਮ ਨੇ ਪੂਰੇ ਵਿਸ਼ਵ ਵਿਚ ਵੱਡੀ ਪੱਧਰ 'ਤੇ ਪ੍ਰਚਾਰਿਆ ਅਤੇ ਫੈਲਾਇਆ ਹੈ। ਜਿਸ ਵੀ ਦੇਸ਼ ਵਿਚ ਕੋਈ ਸਿੱਖ ਬੈਠਾ ਹੈ, ਉੱਥੇ ਗੁਰੂ ਕਾ ਲੋਹ ਲੰਗਰ ਚੱਲਦਾ ਹੀ ਹੈ। ਇਸ ਮਿਸ਼ਨ ਨਾਲ ਸਿੱਖ ਕੌਮ ਦਾ ਸਿਰ ਮਾਣ ਨਾਲ ਉੱਚਾ ਹੁੰਦਾ ਹੈ। ਕਿਰਤ ਕਰੋ ਦਾ ਸਿਧਾਂਤ ਇਹਨਾਂ ਤਿੰਨਾਂ ਸਿਧਾਂਤਾਂ ਵਿੱਚੋਂ ਸਭ ਤੋਂ ਪਹਿਲੇ ਨੰਬਰ 'ਤੇ ਆਉਂਦਾ ਹੈ, ਪਰ ਇਸ ਸਿਧਾਂਤ ਬਾਰੇ ਨਾ ਤਾਂ ਬਹੁਤਾ ਵਿਦਵਾਨਾਂ ਨੇ ਲ਼ਿਖਿਆ ਹੈ ਅਤੇ ਨਾ ਹੀ ਬਹੁਤੇ ਵੱਡੇ ਪੱਧਰ 'ਤੇ ਇਸ ਦਾ ਪ੍ਰਚਾਰ ਹੋਇਆ ਹੈ। ਜਿਓਂ-ਜਿਓਂ ਸਿੱਖ ਸਿਧਾਂਤ ਪੱਖੋਂ ਸੁਚੇਤ ਹੋ ਰਹੇ ਹਨ, ਤਿਓਂ-ਤਿਓਂ ਅੱਖੋਂ ਉਹਲੇ ਹੋਏ ਸਿਧਾਂਤ ਵੀ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਕਿਰਤ ਸੰਕਲਪ ਦੇ ਦੋ ਪੱਖ ਹਨ। ਇਕ ਦੁਨਿਆਵੀ ਅਤੇ ਦੂਸਰਾ ਅਧਿਆਤਮਕ। ਦੁਨਿਆਵੀਂ ਪੱਖੋਂ ਦੇਖੀਏ ਤਾਂ ਆਪਣੇ ਹੱਥੀਂ ਕਿਰਤ ਕਰਨ ਨਾਲ ਸਰੀਰ ਅਤੇ ਮਨ ਅਰੋਗ ਰਹਿੰਦੇ ਹਨ। ਜਿਹੜਾ ਸਰੀਰ ਅਰੋਗ ਹੋਵੇਗਾ, ਉਹ ਹੀ ਜੀਵਨ ਦੀਆਂ ਬਾਕੀ ਜ਼ਿੰਮੇਵਾਰੀਆਂ ਸਹੀ ਢੰਗ ਨਾਲ ਨਿਭਾ ਸਕੇਗਾ। ਜ਼ਿੰਦਗੀ ਚਲਾਉਣ ਲਈ ਪੈਸੇ ਕਮਾ ਕੇ ਪਰਿਵਾਰ ਦਾ ਪਾਲਣ ਪੋਸ਼ਣ ਕਰੇਗਾ ਤੇ ਆਪਣੀਆਂ ਜ਼ਰੂਰਤਾਂ ਪੂਰੀਆਂ ਕਰ ਸਕੇਗਾ, ਜਿਸ ਕਰਕੇ ਜੀਵਨ ਨਿਰਵਾਹ ਲਈ ਉਸ ਨੂੰ ਕਿਸੇ ਅੱਗੇ ਹੱਥ ਨਹੀਂ ਅੱਡਣੇ ਪੈਣਗੇ। ਜੇਕਰ ਸਰੀਰ ਬਲਵਾਨ ਤੇ ਤੰਦਰੁਸਤ ਹੋਵੇ ਤਾਂ ਹੀ ਮਨ ਸ਼ਾਂਤ ਅਤੇ ਟਿਕਾਉ ਵਿਚ ਰਹਿੰਦਾ ਹੈ। ਗੁਰੂ ਜੀ ਨੇ ਇਨਸਾਨ ਨੂੰ ਵਪਾਰ ਕਰਨ ਤੋਂ ਵੀ ਨਹੀਂ ਰੋਕਿਆ ਪਰ ਕੁਝ ਤੱਤ ਇਉਂ ਸਮਝਾਏ ਨੇ,

ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ 568)

ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੇ ਜੀਵਨ ਵਿਚ ਲੋਕਾਈ ਨੂੰ ਹੱਥੀਂ ਕਿਰਤ ਕਰਨ ਦੀ ਪ੍ਰੇਰਨਾ ਆਪ ਕੰਮ ਕਾਜ ਕਰਕੇ ਦਿੱਤੀ ਹੈ। ਸੁਲਤਾਨਪੁਰ ਦੀ ਧਰਤੀ ਨੂੰ ਭਾਗ ਲਾਉਂਦਿਆਂ ਮੋਦੀਖਾਨੇ ਵਿਚ ਕੰਮ ਕੀਤਾ। ਦੂਸਰਾ ਕਰਤਾਰਪੁਰ ਵਿਖੇ ਆਪਣੇ ਹੱਥੀਂ ਗੁਰੂ ਸਾਹਿਬ ਨੇ ਹੱਲ ਵਾਹਿਆ, ਨੱਕੇ ਮੋੜੇ ਅਤੇ ਸਾਰਾ ਖੇਤੀ ਦਾ ਕੰਮ ਧੰਦਾ ਆਪ ਕੀਤਾ।

ਇਤਿਹਾਸਕ ਸਾਖੀ ਹੈ, ਗੁਰੂ ਜੀ ਆਪਣੀ ਉਦਾਸੀ ਸਮੇਂ ਭਾਈ ਮਰਦਾਨੇ ਨਾਲ ਸੈਦਪੁਰ (ਏਮਨਾਬਾਦ) ਪੁੱਜੇ। ਗੁਰੂ ਜੀ ਨੇ ਕਿਰਤੀ ਭਾਈ ਲਾਲੋ ਦੇ ਘਰ ਟਿਕਾਣਾ ਕੀਤਾ। ਇਸ ਸਮੇਂ ਸ਼ਹਿਰ ਦੇ ਧਨਾਢ ਮਲਿਕ ਭਾਗੋ ਨੇ ਬੜਾ ਵੱਡਾ ਯੱਗ ਕੀਤਾ। ਇਸ ਵਿਚ ਉਸ ਨੇ ਮਹਿਮਾਨਾਂ ਲਈ ਵੰਨ-ਸੁਵੰਨੇ ਖਾਣਿਆਂ ਦਾ ਪ੍ਰਬੰਧ ਕੀਤਾ ਸੀ। ਸ਼ਾਮ ਨੂੰ ਜਦੋਂ ਮਲਿਕ ਭਾਗੋ ਨੇ ਅਹਿਲਕਾਰਾਂ ਤੋਂ ਪੁੱਛਿਆ ਕਿ ਕੋਈ ਸ਼ਹਿਰ ਵਾਸੀ ਭੁੱਖਾ ਤਾਂ ਨਹੀਂ। ਉਸ ਦੇ ਅਹਿਲਕਾਰਾਂ ਕਿਹਾ, "ਜੀ ਬਾਕੀ ਤਾਂ ਸਾਰਾ ਸ਼ਹਿਰ ਆ ਕੇ ਖਾਣਾ ਖਾ ਗਿਆ, ਪਰ ਲਾਲੋ ਅਤੇ ਉਸ ਦੇ ਮਹਿਮਾਨ ਇਸ ਵਿਚ ਸ਼ਾਮਲ ਨਹੀਂ ਹੋਏ।"

ਹੰਕਾਰ ਤੇ ਗੁੱਸੇ ਦੇ ਭਰੇ ਮਲਿਕ ਭਾਗੋ ਨੇ ਅਹਿਲਕਾਰਾਂ ਨੂੰ ਹੁਕਮ ਸੁਣਾਉਦਿਆਂ ਕਿਹਾ ਜਿਵੇਂ ਵੀ ਮਰਜ਼ੀ ਲਾਲੋ ਅਤੇ ਉਸ ਦੇ ਮਹਿਮਾਨਾਂ ਨੂੰ ਲੈ ਕੇ ਆਓ। ਜਦੋਂ ਅਹਿਲਕਾਰਾਂ ਦੀ ਬੇਨਤੀ 'ਤੇ ਗੁਰੂ ਜੀ, ਭਾਈ ਮਰਦਾਨਾ ਅਤੇ ਭਾਈ ਲਾਲੋ ਮਲਿਕ ਭਾਗੋ ਦੇ ਘਰ ਪਹੁੰਚੇ ਤਾਂ ਮਲਿਕ ਭਾਗੋ ਨੇ ਯੱਗ ਵਿਚ ਸ਼ਾਮਲ ਨਾ ਹੋਣ ਲਈ ਗੁਰੂ ਜੀ ਕੋਲ ਗਿਲਾ ਕੀਤਾ। ਗੁਰੂ ਸਾਹਿਬ ਨੇ ਉਸ ਨੂੰ ਕਿਹਾ ਕਿ ਤੇਰੇ ਇਹ ਛੱਤੀ ਪ੍ਰਕਾਰ ਦੇ ਖਾਣਿਆਂ ਨਾਲੋਂ ਭਾਈ ਲਾਲੋ ਦੀ ਆਪਣੇ ਹੱਥੀਂ ਕਿਰਤ ਕਰਕੇ ਬਣਾਈ ਰੁੱਖੀ ਰੋਟੀ ਕਈ ਦਰਜੇ ਚੰਗੀ ਏ। ਪਰ ਤੂੰ ਧੱਕੇ ਨਾਲ ਗਰੀਬਾਂ ਦੀ ਕਮਾਈ ਖੋਹ ਲਿਆਉਂਦਾ ਹੈ। ਇਹ ਖਾਣਾ ਮੈਨੂੰ ਪ੍ਰਵਾਨ ਨਹੀਂ। ਜੇਕਰ ਤੁਸੀਂ ਯੱਗ ਕਰਨਾ ਹੀ ਸੀ ਫਿਰ ਆਪਣੀ ਦਸਾਂ ਨੌਹਾਂ ਦੀ ਕਮਾਈ ਨਾਲ ਲੋਕਾਂ ਨੂੰ ਖਵਾਉਂਦੇ ਤਾਂ ਬਹੁਤ ਭਲੇ ਦੀ ਗੱਲ ਸੀ, ਜਿਸ ਵਿਚ ਅਸੀਂ ਵੀ ਸ਼ਾਮਲ ਹੁੰਦੇ। ਮਲਿਕ ਭਾਗੋ ਨੇ ਗੁਰੂ ਜੀ ਦੀ ਗੱਲ ਨੂੰ ਪੱਲੇ ਬੰਨ੍ਹਦਿਆਂ ਅੱਗੇ ਤੋਂ ਆਪ ਹੱਥੀਂ ਕਿਰਤ ਕਮਾਈ ਕਰਨ ਦਾ ਬਚਨ ਦਿੱਤਾ। ਗੁਰੂ ਜੀ ਦਾ ਹੁਕਮ ਸੀ ਕਿਸੇ ਦਾ ਹੱਕ ਮਾਰ ਕੇ ਕੀਤੀ ਹੋਈ ਕਮਾਈ ਧਰਮ ਦੀ ਕਮਾਈ ਨਹੀਂ ਅਖਵਾਉਂਦੀ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ 141)

ਇਹ ਦੋਵੇਂ ਹੀ ਪੱਖ ਹਰ ਇਨਸਾਨ ਦੀ ਜ਼ਿੰਦਗੀ ਵਿਚ ਬਰਾਬਰ ਚੱਲਦੇ ਹਨ ਅਤੇ ਅੰਤਰ-ਆਤਮਾ ਉੱਤੇ ਬਹੁਤ ਡੂੰਘਾ ਅਸਰ ਪਾਉਦੇਂ ਹਨ। ਜੇਕਰ ਕੋਈ ਇਨਸਾਨ ਧਰਮ ਦੀ ਨੇਕ ਕਮਾਈ ਕਰਕੇ ਆਪਣਾ ਤੇ ਪਰਿਵਾਰ ਦਾ ਗੁਜ਼ਾਰਾ ਕਰਦਾ ਹੈ ਤਾਂ ਉਹ ਇਨਸਾਨ ਅਤੇ ਉਸ ਦਾ ਪਰਿਵਾਰ ਆਤਮਕ ਪੱਖੋਂ ਬਹੁਤ ਸਕੂਨ ਅਤੇ ਸਹਿਜ ਵਿਚ ਰਹੇਗਾ ਭਾਵੇਂ ਉਸ ਕੋਲ ਮਹਿਲ ਮਾੜੀਆਂ, ਆਉਣ-ਜਾਣ ਦੇ ਬਹੁਤੇ ਵਧੀਆ ਸਾਧਨ ਨਾ ਹੋਣ ਪਰ ਜ਼ਿੰਦਗੀ ਅਨੰਦਮਈ ਹੋਵੇਗੀ, ਜੋ ਬਹੁਤੇ ਪੈਸੇ ਵਾਲੇ ਅਤੇ ਧਨਾਢ ਲੋਕਾਂ ਕੋਲ ਨਹੀਂ ਹੁੰਦੀ। ਸਿੱਖ ਧਰਮ ਦਾ ਜੋ ਪੌਦਾ ਗੁਰੂ ਨਾਨਕ ਸਾਹਿਬ ਨੇ ਲਗਾਇਆ ਤੇ ਜਿਸ ਨੂੰ ਵਾਰੀ-ਵਾਰੀ ਬਾਕੀ ਗੁਰੂ ਸਾਹਿਬਾਨਾਂ ਨੇ ਬੜੀ ਮਿਹਨਤ ਨਾਲ ਪਾਲਿਆ, ਬਹੁਤ ਫਲਿਆ ਫੁੱਲਿਆ ਤੇ ਅੱਜ ਤੱਕ ਫਲ ਦੇ ਰਿਹਾ ਹੈ ਤੇ ਸਾਰੇ ਸੰਸਾਰ ਦਾ ਚਾਨਣ ਮੁਨਾਰਾ ਵੀ ਬਣਿਆ ਹੋਇਆ ਹੈ। ਸਾਨੂੰ ਗੁਰੂ ਨਾਨਕ ਸਾਹਿਬ ਦੇ ਮਿਸ਼ਨ 'ਤੇ ਚੱਲਦਿਆਂ ਆਪਣੇ ਪੰਥ ਦੀ ਬ੍ਰਹਿਮੰਡੀ ਹੋਂਦ ਸਥਾਪਤ ਕਰਨੀ ਚਾਹੀਦੀ ਹੈ।

**(ਧੰਨਵਾਦ ਸਹਿਤ : ਪੁਸਤਕ 'ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ' ਵਿਚੋਂ)**

---

**ਮਾਸਟਰ ਨਿਰਮਲ ਸਿੰਘ ਲਾਲੀ**
(530-777-0955)

# ਧਰਮ ਬਾਰੇ ਸਮਝਣ ਦੀ ਲੋੜ

ਧਰਮ ਬਾਰੇ ਸਮਝਣ ਦੀ ਲੋੜ ਹੈ ਕਿ ਧਰਮ ਕੀ ਹੈ? ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਨੂੰ ਉਸ ਅਪਾਰ ਸ਼ਕਤੀ ਤੋਂ ਮੁਨਕਰ ਨਹੀਂ ਹੋਣਾ ਚਾਹੀਦਾ। ਨਪੋਲੀਅਨ ਬੋਨਾਪਾਰਟ ਮਹਾਨ ਬਹਾਦਰ ਯੋਧੇ ਨੇ ਵੀ ਕਿਹਾ ਸੀ ਕਿ ਫਰਜ਼ ਕਰੋ ਕੋਈ ਅਪਾਰ ਸ਼ਕਤੀ ਨਹੀਂ ਵੀ ਹੈ ਤਾਂ ਵੀ ਸਾਨੂੰ we have to invent him ਭਾਵ ਸਾਨੂੰ ਉਸ ਅਪਾਰ ਸ਼ਕਤੀ ਨੂੰ ਜੀਵਨ ਵਿਚ ਮੰਨ ਲੈਂਦਾ ਚਾਹੀਦਾ ਹੈ। ਦੂਜਾ ਧਰਮ ਇਸ ਅਪਾਰ ਸ਼ਕਤੀ ਨੂੰ ਪਾਉਣ ਦਾ ਤਰੀਕਾ ਦੱਸਦਾ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਨਾਮ ਜਪਣ ਤੇ ਕਿਰਤ ਕਰਨ ਤੇ ਜ਼ੋਰ ਦਿੱਤਾ ਹੈ, ਪ੍ਰਮਾਤਮਾ ਨੂੰ ਪਾਉਣ ਲਈ ਸਿਰਫ਼ ਉਸ ਦਾ ਸਿਮਰਨ ਕਰਨ ਲਈ ਕਿਹਾ ਹੈ।

ਪਰ ਇਸ ਦੇ ਨਾਲ ਨਾਲ ਧਰਮ ਦਾ ਸਬੰਧ ਮਨੁੱਖੀ ਜੀਵਨ ਨਾਲ ਵੀ ਹੁੰਦਾ ਹੈ। ਭਾਵ ਧਰਮ ਮਨੁੱਖ ਨੂੰ ਜੀਵਨ ਜਾਚ ਬਾਰੇ ਵੀ ਗਿਆਨ ਬਖਸ਼ਦਾ ਹੈ। ਪ੍ਰਮਾਤਮਾ ਦੀ ਹੋਂਦ ਨੂੰ ਮੰਨਣਾ ਤਾਂ ਮਨੁੱਖ ਦਾ ਨਿੱਜੀ ਮਾਮਲਾ ਹੈ ਪਰ ਉਸ ਨੂੰ ਚੰਗਾ ਇਨਸਾਨ ਬਣ ਕੇ ਸਮਾਜ ਵਿਚ ਕਿਵੇਂ ਵਿਚਰਨਾ ਹੈ, ਇਹ ਸਾਨੂੰ ਗੁਰੂ ਸਾਹਿਬਾਨਾਂ ਵਲੋਂ ਦਿੱਤੇ ਉਪਦੇਸ਼ ਤੇ ਸਿਧਾਂਤ ਦੱਸਦੇ ਹਨ। ਪਰ ਅਸੀਂ ਅਜੇ ਤੱਕ ਇਨ੍ਹਾਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿਚ ਅਪਣਾ ਨਹੀਂ ਸਕੇ। ਗੁਰਬਾਣੀ ਸਾਨੂੰ ਕੀ ਆਖਦੀ ਹੈ, ਭਾਵ ਗੁਰਬਾਣੀ ਆਸ਼ੇ ਦੇ ਅਨੁਸਾਰ ਅਸੀਂ ਆਪਣਾ ਜੀਵਨ ਗੁਜ਼ਾਰਨਾ ਨਹੀਂ ਸਿੱਖਿਆ।

ਸਾਡੇ ਪ੍ਰਚਾਰਕ ਅਤੇ ਧਾਰਮਿਕ ਆਗੂ ਵੀ ਅੰਧ ਵਿਸ਼ਵਾਸ਼ੀ ਹਨ ਅਤੇ ਲੋਕਾਂ ਨੇ ਤਾਂ ਕੀ ਜਾਗਰੂਕ ਹੋਣਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹੁਣ ਪਹਿਲਾਂ ਨਾਲੋਂ ਪ੍ਰਚਾਰ ਵਿਚ ਬਹੁਤ ਅੰਤਰ ਹੈ। ਬਹੁਤ ਚੰਗੇ ਕਥਾਕਾਰ ਵੀ ਹਨ ਜਿਹੜੇ ਸੰਗਤ ਨੂੰ ਗੁਰਬਾਣੀ ਦੇ ਅਰਥ ਦੱਸ ਕੇ ਸ਼ਬਦ ਵਿਚਾਰ ਕਰਦੇ ਹਨ ਅਤੇ ਲੋਕਾਂ ਵਿਚ ਕਾਫ਼ੀ ਪਹਿਲਾਂ ਨਾਲੋਂ ਜਾਗਰੂਕਤਾ ਵਧੀ ਹੈ।

ਜੇ ਮਨੁੱਖੀ ਜੀਵਨ ਸੁਰੱਖਿਅਤ, ਸ਼ਾਂਤ ਅਤੇ ਸੁਖਮਈ ਹੁੰਦਾ ਤਾਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ ਮੀਰੀ ਪੀਰੀ ਦਾ ਇਕ ਨਵਾਂ ਸੰਕਲਪ ਦੇ ਕੇ ਸੰਤ ਤੇ ਸਿਪਾਹੀ ਦੋਨੋਂ ਬਣਨ ਦੀ ਪ੍ਰੇਰਨਾ ਕਿਉਂ ਦਿੰਦੇ? ਪੰਜਵੇਂ ਗੁਰੂ ਅਰਜਨ ਦੇਵ ਜੀ ਸ਼ਹੀਦੀ ਤੋਂ ਉਨ੍ਹਾਂ ਨੂੰ ਪੂਰਾ ਵਿਸ਼ਵਾਸ਼ ਹੋ ਗਿਆ ਸੀ ਕਿ ਦੁਨਿਆਵੀ ਸ਼ਕਤੀ ਭਾਵ ਸਰੀਰਕ ਤੇ ਆਰਥਿਕ ਅਤੇ ਰਾਜਨੀਤਕ ਸ਼ਕਤੀ ਵੀ ਜੀਵਨ ਲਈ ਜ਼ਰੂਰੀ ਹੈ। ਇਸ ਲਈ ਉਨ੍ਹਾਂ ਨੇ ਘੋੜੇ ਆਦਿ ਦੇ ਨਜ਼ਰਾਨੇ ਲੈਣੇ ਸ਼ੁਰੂ ਕਰ ਦਿੱਤੇ। ਨੌਜਆਨਾਂ ਨੂੰ ਕੁਸ਼ਤੀਆਂ, ਗੱਤਕਾ ਆਦਿ ਖੇਡਾਂ ਦੀ ਪਿਰਤ ਪਾਈ। ਇਸੇ ਕਰਕੇ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਕਹਿਣਾ ਪਿਆ :

ਦੇਗ ਤੇਗ ਜਗ ਮੈ ਦੋਊ ਚਲੈ।
ਰਾਖ ਆਪ ਮੁਹਿ ਅਉਰ ਨਾ ਦਲੈ।

ਇਸ ਲਈ ਸਾਡੀ ਸੋਚ ਵਿਗਿਆਨਕ, ਤਰਕਸ਼ੀਲ ਅਤੇ ਆਲੋਚਨਾਤਮਿਕ ਹੋਣੀ ਚਾਹੀਦੀ ਹੈ। ਇਕ ਦਾਰਸ਼ਨਿਕ ਦਾ ਕਹਿਣਾ ਹੈ

Brave person believes in causes and effect but shall our person believes in luck.

ਪ੍ਰਸਿੱਧ ਵਿਗਿਆਨੀ ਆਈਨਸਟਾਈਨ ਨੇ ਵੀ ਲਿਖਿਆ ਸੀ

Science withuot religions is lame,
Religion without science is blind

ਸਿੱਖ ਧਰਮ ਦੀ ਹਿੰਦੂ ਧਰਮ ਨਾਲੋਂ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਸਿੱਖ ਧਰਮ ਸਰਬੱਤ ਦਾ ਭਲਾ ਮੰਗਦਾ ਹੈ, ਭਾਵ ਸਿੱਖ ਧਰਮ ਵਿਚ ਜਾਤ ਪਾਤ ਨੂੰ ਕੋਈ ਥਾਂ ਨਹੀਂ। ਸਭ ਮਨੁੱਖ ਬਰਾਬਰ ਹਨ। ਸਿੱਖ ਧਰਮ ਹੱਕ, ਸੱਚ ਤੇ ਇਨਸਾਫ਼ ਦਾ ਮਾਰਗ ਦੱਸਦਾ ਹੈ। ਅਮੀਰ ਗਰੀਬ ਸਭ ਬਰਾਬਰ ਹਨ। ਸਭ ਦੇ ਹੱਕ ਬਰਾਬਰ ਹਨ। ਇਸ ਲਈ ਧਰਮ ਦਾ ਸਬੰਧ ਮਨੁੱਖਤਾ ਨਾਲ ਹੈ, ਮਨੁੱਖ ਨੇ ਮਨੁੱਖ ਨਾਲ ਕਿਵੇਂ ਵਿਚਰਨਾ। ਇਸ ਅੰਗਰੇਜ਼ੀ ਦੇ ਪ੍ਰਸਿੱਧ ਕਵੀ St. Colridge ਨੇ ਵੀ ਲਿਖਿਆ ਸੀ, ਉਹ ਮਨੁੱਖ ਸਭ ਤੋਂ ਵੱਡਾ ਭਗਤ ਹੈ, ਜਿਹੜਾ ਮਨੁੱਖਤਾ ਨੂੰ ਪਿਆਰ ਕਰਦਾ ਹੈ।

He said, ''He prayth best who loveth the ceation of God."

ਪਹਿਲਾਂ ਵੀ ਲਿਖਿਆ ਹੈ ਕਿ ਉਸ ਅਪਾਰ ਸ਼ਕਤੀ ਤੋਂ ਸਾਨੂੰ ਮੁਨਕਰ ਨਹੀਂ ਹੋਣਾ ਚਾਹੀਦਾ ਕਿ ਕੋਈ ਅਪਾਰ ਸ਼ਕਤੀ ਨਹੀਂ ਪਰ ਇਹ ਕਹਿਣਾ ਕਿ ਉਹ ਪ੍ਰਮਾਤਮਾ ਹੀ ਸਭ ਕੁਝ ਕਰਦਾ ਹੈ, ਇਸ ਨੂੰ ਅੰਧ ਵਿਸ਼ਵਾਸ਼ ਕਿਹਾ ਜਾ ਸਕਦਾ ਹੈ। ਜੇਕਰ ਇਹ ਗੱਲ ਹੈ ਤਾਂ ਪੱਛਮੀ ਦੇਸ਼ਾਂ ਦੇ ਲੋਕਾਂ ਦੇ ਜੀਵਨ ਪੱਧਰ ਵਿਚ ਇੰਨਾ ਅੰਤਰ ਕਿਉਂ ਹੈ? ਕੀ ਇਨ੍ਹਾਂ ਦੇਸ਼ਾਂ ਵਿਚ ਰੱਬ ਹੋਰ ਹੈ ਤੇ ਪੂਰਬੀ ਦੇਸ਼ਾਂ ਵਿਚ ਰੱਬ ਹੋਰ ਹੈ?

ਇਸ ਲਈ ਉਸ ਅਪਾਰ ਸ਼ਕਤੀ ਨੂੰ ਜ਼ਰੂਰ ਮੰਨੋ ਤੇ ਉਸ 'ਤੇ ਵਿਸ਼ਵਾਸ ਤੇ ਟੇਕ ਵੀ ਰੱਖੋ ਪਰ ਅੰਧ ਵਿਸ਼ਵਾਸ਼ ਤੋਂ ਬਚੋ।

ਆਸਤਕ ਤੇ ਨਾਸਤਕ ਲੋਕਾਂ ਬਾਰੇ ਵੀ ਜਾਨਣਾ ਬਹੁਤ ਜ਼ਰੂਰੀ ਹੈ ਭਾਵ ਭੇਖੀ ਲੋਕਾਂ ਤੋਂ ਬਚਣ ਦੀ ਲੋੜ ਹੈ। ਬਹੁਤ ਸਾਰੇ ਆਸਤਕ ਅਜਿਹੇ ਮਿਲਦੇ ਹਨ ਜਿਨ੍ਹਾਂ ਦਾ ਬਾਹਰਲਾ ਦਿਖਾਵਾ ਜ਼ਰੂਰੀ ਧਰਮੀ ਹੁੰਦਾ ਹੈ ਭਾਵ ਉਨ੍ਹਾਂ ਦੀ ਕਹਿਣੀ ਤੇ ਕਰਨ ਇਕ ਨਹੀਂ ਹੁੰਦੀ।

# ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ

**ਜਸਵਿੰਦਰ ਸਿੰਘ**

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਇਉ ॥ (ਪੰਨਾ 1408)।

ਭੱਟ ਮਥੁਰਾ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵਿਦਮਾਨ ਇਸ ਪਾਵਨ ਪੰਗਤੀ ਵਿਚ ਬਿਆਨ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਖੁਦ ਉਸ ਹਰਿ (ਅਕਾਲ ਪੁਰਖ) ਦੇ ਜੋਤਿ ਰੂਪ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਆਪ ਉਸ 'ਹਰਿ ਜੋਤਿ' ਦੇ ਸੰਪੂਰਨ ਰੂਪ ਸਨ। ਇਹ ਬਖਸ਼ਿਸ਼ ਉਨ੍ਹਾਂ ਨੂੰ ਧੁਰ ਤੋਂ ਹੀ ਪ੍ਰਾਪਤ ਹੋਈ ਸੀ। ਗੁਰੂ, ਸਰੀਰ ਜਾਂ ਕਾਇਆਂ ਨਹੀਂ ਬਲਕਿ ਅੰਦਰ ਵਰਤ ਰਹੀ ਪ੍ਰਮਾਤਮਾ ਦੀ ਜੋਤਿ ਹੀ ਗੁਰੂ ਹੈ। ਵਾਹਿਗੁਰੂ ਦੀ ਜੋਤਿ ਸਾਰੇ ਖੰਡਾਂ-ਬ੍ਰਹਿਮੰਡਾਂ ਵਿੱਚ ਜਗਮਗਾ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਪਾਵਨ ਗੁਰਬਾਣੀ ਅੰਦਰ ਇਸ ਸਬੰਧੀ ਇਸ ਤਰ੍ਹਾਂ ਫ਼ੁਰਮਾਨ ਕਰਦੇ ਹਨ:

ਸਭ ਮਹਿ ਜੋਤਿ ਜੋਤਿ ਹੈ ਸੋਇ।। ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ।। (ਪੰਨਾ 663)।

ਇਹ ਜੋਤਿ ਗੁਰੂ ਸਾਹਿਬਾਨ ਅੰਦਰ ਦਸ ਜਾਮਿਆਂ ਰਾਹੀਂ 1469 ਈਸਵੀ ਤੋਂ 1708 ਈਸਵੀ ਤਕ ਰੂਪਮਾਨ ਹੁੰਦੀ ਰਹੀ। ਸਿਰਫ ਸਰੀਰ ਜਾਂ ਕਾਇਆਂ ਹੀ ਬਦਲਦੀ ਰਹੀ, ਰੂਪ ਹੀ ਵਟਦਾ ਰਿਹਾ ਪਰ ਸਭ ਪਾਤਸ਼ਾਹੀਆਂ ਵਿਚ ਅਕਾਲ ਪੁਰਖ ਦੀ ਬਖਸ਼ਿਸ਼ 'ਗੁਰੂ ਜੋਤਿ' ਹੀ ਨਿਰੰਤਰ ਵਰਤਦੀ ਰਹੀ। ਇਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਸਰੂਪ ਹੋਏ। ਇਸ ਬਾਰੇ ਭਾਈ ਗੁਰਦਾਸ ਜੀ ਵਰਨਣ ਕਰਦੇ ਹਨ-

ਮਾਰਿਆ ਸਿਕਾ ਜਗਤਿ ਵਿਚਿ
ਨਾਨਕ ਨਿਰਮਲ ਪੰਥੁ ਚਲਾਇਆ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ
ਸਿਰਿ ਛਤ੍ਰੁ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ
ਸਤਿਗੁਰ ਨਾਨਕਿ ਰੂਪੁ ਵਟਾਇਆ।। (ਵਾਰ 1:45)।

ਇਸ 'ਗੁਰੂ ਜੋਤਿ' ਦੀ ਜੁਗਤ ਦੇ ਵਰਤਾਅ ਬਾਰੇ ਭਾਈ ਨੰਦ ਲਾਲ ਜੀ ਗੋਯਾ ਆਪਣੀ ਫ਼ਾਰਸੀ ਦੀ ਪ੍ਰਸਿੱਧ ਰਚਨਾ 'ਜੋਤਿ ਬਿਗਾਸ' ਵਿਚ ਇਸ ਤਰ੍ਹਾਂ ਜ਼ਿਕਰ ਕਰਦੇ ਹਨ-

ਹਮੂ ਨਾਨਕ ਅਸਤੋ ਹਮੂ ਅੰਗਦ ਅਸਤ ॥
ਹਮੂ ਅਮਰਦਾਸ ਅਫਜ਼ਲੋ ਅਮਜਦ ਅਸਤ ॥23 ॥

ਭਾਵ- ਸ੍ਰੀ ਗੁਰੂ ਨਾਨਕ ਦੇਵ ਜੀ ਵੀ ਓਹੀ ਹਨ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਵੀ ਓਹੀ ਹਨ, ਬਖਸ਼ਿਸ਼ ਅਤੇ ਵੱਡੀ ਵਡਿਆਈ ਦੇ ਮਾਲਕ ਸ੍ਰੀ ਗੁਰੂ ਅਮਰਦਾਸ ਜੀ ਵੀ ਓਹੀ ਆਪ ਹੀ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਦਮਾਨ ਭਾਈ ਸਤਾ ਜੀ ਤੇ ਭਾਈ ਬਲਵੰਡ ਜੀ ਦੀ ਪਾਵਨ ਵਾਰ ਅੰਦਰ ਵੀ ਇਸ ਸਿਧਾਂਤ ਦੀ ਪੁਸ਼ਟੀ ਮਿਲਦੀ ਹੈ:

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ।। ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ ॥।
(ਪੰਨਾ 968)

ਪ੍ਰਭੂ-ਸਿਮਰਨ ਨਾਲ ਜੋੜਦੇ ਹੋਏ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਆਰੇ ਗੁਰੂ-ਖਾਲਸੇ ਨੂੰ ਸੰਸਾਰ ਦੇ ਹੋਰ ਫੋਕਟ ਕਰਮਕਾਂਡਾਂ ਨੂੰ ਛੱਡ ਕੇ 'ਜਾਗਤ ਜੋਤਿ' ਅਕਾਲ ਪੁਰਖ ਨਾਲ ਜੁੜਨ ਦਾ ਉਪਦੇਸ਼ ਕਰਦੇ ਹਨ:

ਜਾਗਤਿ ਜੋਤਿ ਜਪੈ ਨਿਸਿ ਬਾਸੁਰ
ਏਕੁ ਬਿਨਾ ਮਨਿ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤਿ ਸਜੈ,
ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ।
(ਅਸਫੋਟਕ ਕਬਿੱਤ)

ਇਸ ਜੋਤਿ ਦੇ ਸੰਕਲਪ ਅਧੀਨ ਸਤਿਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਚਲਾਈ ਗਈ ਰੀਤ ਦਸ ਪੀੜ੍ਹੀਆਂ ਵਿਚ ਚੱਲੀ। ਦਸਾਂ ਪਾਤਸ਼ਾਹੀਆਂ ਵਿੱਚ ਓਹੋ ਸਤਿਗੁਰੂ ਨਾਨਕ ਪਾਤਸ਼ਾਹ ਜੀ ਵਾਲੀ 'ਜੋਤਿ ਅਤੇ ਜੁਗਤਿ' ਪ੍ਰਗਟ ਹੁੰਦੀ ਰਹੀ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ
ਫੇਰਿ ਪਲਟੀਐ ॥। (ਪੰਨਾ 966)

ਸ੍ਰੀ ਗੁਰੂ ਅੰਗਦ ਦੇਵ ਜੀ, ਭਾਈ ਲਹਿਣਾ ਜੀ ਦੇ ਰੂਪ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਆਏ। ਆਪ ਨੇ ਗੁਰੂ ਪਾਤਸ਼ਾਹ ਜੀ ਦੀ ਤਨੋਂ, ਮਨੋਂ ਐਸੀ ਸੇਵਾ ਕਮਾਈ ਕਿ ਆਪ ਗੁਰੂ ਜੀ ਦਾ ਹੀ ਰੂਪ ਹੋ ਗਏ। ਭਾਈ ਲਹਿਣਾ ਜੀ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ 'ਚ ਪ੍ਰਕਾਸ਼ਮਾਨ ਹੋਏ। ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਐਸੀ ਭਾਵਨਾ ਦ੍ਰਿੜ ਕਰਨ ਉਪਰੰਤ ਹੀ ਉਨ੍ਹਾਂ ਦੀ ਮਹਾਨਤਾ ਸਮਝੀ ਜਾ ਸਕਦੀ ਹੈ।

ਭਾਈ ਲਹਿਣਾ ਜੀ ਦਾ ਜਨਮ 31 ਮਾਰਚ 1504 ਈਸਵੀ ਨੂੰ ਪਿਤਾ ਫੇਰੂ ਮੱਲ ਜੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖੋਂ ਪਿੰਡ ਮੱਤੇ ਦੀ ਸਰਾਂ (ਅਜੋਕੇ ਜ਼ਿਲ੍ਹਾ ਮੁਕਤਸਰ ਸਾਹਿਬ) ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਚੰਗੇ ਧਨਾਢ ਤੇ ਉੱਘੇ ਪੁਰਸ਼ ਸਨ। ਉਹ ਦੁਕਾਨਦਾਰੀ ਕਰਦੇ ਸਨ। ਇਲਾਕੇ ਦੇ ਚੌਧਰੀ ਤਖ਼ਤ ਮੱਲ ਨੇ ਬਾਬਾ ਫੇਰੂ ਮੱਲ ਜੀ ਨੂੰ ਆਪਣਾ ਮੁਨਸ਼ੀ ਨੀਯਤ ਕਰ ਲਿਆ। ਫਿਰੋਜ਼ਪੁਰ ਦੇ ਮੁਸਲਮਾਨ ਹਾਕਮ ਨੇ ਵੀ ਆਪ ਜੀ ਨੂੰ ਲੇਖੇ-ਪੱਤੇ ਦੀ ਸੰਭਾਲ ਲਈ ਖਜ਼ਾਨਚੀ ਰੱਖ ਲਿਆ। ਬਾਬਾ ਫੇਰੂ ਮੱਲ ਜੀ ਸੁਭਾਅ ਤੇ ਵਤੀਰੇ ਕਰਕੇ ਚੌਧਰੀ ਤੇ ਹਾਕਮ ਦੇ ਕਾਰ-ਵਿਹਾਰ ਨੂੰ ਪੂਰੀ ਯੋਗਤਾ ਤੇ ਈਮਾਨਦਾਰੀ ਨਾਲ ਨਿਭਾਉਂਦੇ ਸਨ। ਸਮੇਂ ਦੇ ਹਾਲਾਤ ਕਾਰਨ ਬਾਬਾ ਫੇਰੂ ਮੱਲ ਜੀ ਨੇ ਇਥੋਂ ਆਪਣਾ ਟਿਕਾਣਾ ਪਿੰਡ ਹਰੀਕੇ ਪੱਤਣ ਕਰ ਲਿਆ। ਇਥੇ ਵੀ ਆਪ ਨੇ ਆਪਣੀ ਦੁਕਾਨਦਾਰੀ ਦੀ ਕਾਰ ਸ਼ੁਰੂ ਕੀਤੀ। ਇਸ ਸਮੇਂ ਆਪਣੇ ਪਿਤਾ ਜੀ ਨਾਲ ਭਾਈ ਲਹਿਣਾ ਜੀ ਵੀ ਕਾਰ-ਵਿਹਾਰ ਵਿਚ ਹੱਥ ਵਟਾਉਣ ਲੱਗ ਪਏ ਸਨ।

ਬਾਬਾ ਫੇਰੂ ਮੱਲ ਜੀ ਦੀ ਭੈਣ ਸ੍ਰੀ ਸਭਰਾਈ ਜੀ ਖਡੂਰ ਸਾਹਿਬ (ਅੰਮ੍ਰਿਤਸਰ ਸਾਹਿਬ) ਵਿਖੇ ਵਿਆਹੀ ਹੋਈ ਸੀ। ਖਡੂਰ ਸਾਹਿਬ ਨੇੜੇ ਹੀ ਪਿੰਡ ਸੰਘਰ ਸੀ। ਉਥੇ ਹੀ ਭਾਈ ਲਹਿਣਾ ਜੀ ਦਾ ਵਿਆਹ ਭਾਈ ਦੇਵੀ ਚੰਦ ਦੀ ਲੜਕੀ ਬੀਬੀ ਖੀਵੀ ਜੀ ਨਾਲ ਹੋ ਗਿਆ। ਆਪਣੇ ਪਿਤਾ ਬਾਬਾ ਫੇਰੂ ਮੱਲ ਜੀ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਵਾਂਗ ਹੀ ਹਰ ਸਾਲ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਜਾਂਦੇ। ਖਡੂਰ ਸਾਹਿਬ ਵਿਖੇ ਜਿਥੇ ਭਾਈ ਲਹਿਣਾ ਜੀ ਕਾਰ-ਵਿਹਾਰ ਕਰਦੇ ਸਨ, ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਸਿੱਖ ਭਾਈ ਜੋਧ ਜੀ ਰਹਿੰਦਾ ਸੀ। ਦੋਹਾਂ ਦਾ ਅਕਸਰ ਆਪਸ ਵਿੱਚ ਮੇਲ-ਮਿਲਾਪ ਹੁੰਦਾ ਰਹਿੰਦਾ ਸੀ। ਉਸ ਪਾਸੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਪਾਵਨ ਗੁਰਬਾਣੀ ਦੇ ਸ਼ਬਦ ਸਰਵਣ ਕਰਿਆ ਕਰਦੇ ਸਨ।

ਭਾਈ ਜੋਧ ਜੀ ਤੋਂ ਸਰਵਣ ਕੀਤੇ ਗੁਰੂ ਸ਼ਬਦਾਂ ਨੇ ਭਾਈ ਲਹਿਣਾ ਜੀ ਦੇ ਮਨ ਅੰਦਰ ਅਜਿਹੀ ਧੂਹ ਪਾਈ ਕਿ ਆਪ ਜੀ ਦੇਵੀ ਦੇ ਦਰਸ਼ਨ ਕਰਨ ਜਾਂਦੇ ਹੋਏ, ਰਸਤੇ ਵਿਚ ਪੈਂਦੇ ਕਰਤਾਰਪੁਰ (ਰਾਵੀ) ਜਾ ਠਹਿਰੇ। ਆਪ ਅਜਿਹੇ ਠਹਿਰੇ ਕਿ ਫਿਰ ਉਥੇ ਹੀ ਠਹਿਰ ਗਏ ਅਤੇ ਅੱਗੇ ਜਾਣ ਦੀ ਲਾਲਸਾ ਹੀ ਖ਼ਤਮ ਹੋ ਗਈ। ਦਿਲਾਂ ਦੀ ਖਿੱਚ ਨੇ ਇਕ-ਦੂਜੇ ਦੇ ਹੋਰ ਨੇੜੇ ਲੈ ਆਂਦਾ।

ਜਾਪਦਾ ਸੀ ਕਿ 'ਗੁਰੂ ਜੋਤਿ' ਦੀ ਇਲਾਹੀ ਦਾਤ ਨੂੰ ਲੈਣ ਵਾਲੇ ਨਾਲੋਂ ਦੇਣ ਵਾਲਾ ਜ਼ਿਆਦਾ ਕਾਹਲਾ ਸੀ। ਇਸ ਲਈ ਗੁਰੂ ਜੋਤਿ ਦੇ ਟਿਕਾਊ ਲਈ ਪਹਿਲਾਂ ਉਸ ਦੀ ਤਿਆਰੀ ਦੀ ਜ਼ਰੂਰਤ ਸੀ, ਭਾਵ ਕਾਇਆਂ ਨੂੰ ਅੰਦਰੋਂ-ਬਾਹਰੋਂ ਹਰ ਕਿਸੇ ਫੋਕਟ ਕਰਮਾਂ ਤੇ ਵਿਕਾਰਾਂ ਤੋਂ ਬਚਾ ਕੇ ਨਿਰਮਲ ਕਰਨਾ ਸੀ। ਇਸੇ ਕਰਕੇ ਗੁਰੂ ਪਾਤਸ਼ਾਹ ਜੀ ਨੇ ਭਾਈ ਲਹਿਣਾ ਜੀ ਦੇ ਕੁਝ ਐਸੇ ਇਮਤਿਹਾਨ ਲਏ ਜਿਵੇਂ -ਨਦੀਨ ਦੀ ਪੰਡ ਚੁੱਕਣੀ, ਚਿੱਕੜ ਵਿੱਚੋਂ ਕਟੋਰਾ ਕੱਢਣਾ, ਮੁਰਦਾਰ ਖਾਣ ਲਈ ਕਹਿਣਾ, ਸਿਆਲ਼ ਦੀ ਠੰਢੀ ਰਾਤ ਸਮੇਂ ਡਿੱਗੀ ਕੰਧ ਬਣਾਉਣੀ ਤੇ ਅੱਧੀ ਰਾਤੀਂ ਦਰਿਆ ਦੇ ਬਰਫਾਨੀ ਪਾਣੀ ਨਾਲ ਕੱਪੜੇ ਧੋਣ ਜਾਣਾ ਆਦਿ। ਇਹ ਸਭ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਉਨ੍ਹਾਂ ਦੇ ਹਿਰਦੇ ਅੰਦਰ ਗਰੀਬ ਲੋਕਾਂ ਲਈ ਪਿਆਰ, ਹੁਕਮ ਮੰਨਣਾ, ਰਜ਼ਾ ਵਿੱਚ ਰਾਜ਼ੀ ਰਹਿਣਾ ਤੇ ਨਿਮਰਤਾ ਆਦਿ ਜੈਸੇ ਗੁਣ ਪੈਦਾ ਹੋ ਜਾਣ। ਭਾਈ ਲਹਿਣਾ ਜੀ ਅੰਦਰ ਇਹ ਸਭ ਗੁਣ ਗੁਰੂ ਪਾਤਸ਼ਾਹ ਜੀ ਦੀ ਸੰਗਤ ਸਦਕਾ ਹੌਲੀ-ਹੌਲੀ ਪ੍ਰਵੇਸ਼ ਕਰ ਚੁੱਕੇ ਸਨ। ਇਨ੍ਹਾਂ ਸਭ ਗੁਣਾਂ ਕਰਕੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਖਿਆ- ਤੂੰ ਮੇਰਾ ਆਪਾ ਹੈਂ, ਤੂੰ ਮੇਰਾ ਅੰਗ ਹੈਂ, ਅੱਜ ਤੋਂ ਤੂੰ ਅੰਗਦ ਹੈਂ। ਅੱਜ ਤੋਂ ਤੇਰਾ ਨਾਮ ਤਬਦੀਲ, ਤੇਰਾ ਜੀਵਨ ਤਬਦੀਲ ਅਤੇ ਤੇਰਾ ਕਾਰਜ ਖੇਤਰ ਵੀ ਤਬਦੀਲ। ਇਸ ਸਬੰਧੀ ਭਾਈ ਗੁਰਦਾਸ ਜੀ ਬਿਆਨ ਕਰਦੇ ਹਨ-

ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।। (ਵਾਰ 26:34)।
ਗੁਰੁ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।
(ਵਾਰ 24:25)।

ਇਸ ਤਰ੍ਹਾਂ ਜਦ ਪਰਖ ਪੂਰੀ ਹੋਈ ਤੇ ਸੋਨਾ ਕਸਵੱਟੀ 'ਤੇ ਖਰਾ ਸਿੱਧ ਹੋਇਆ ਤਾਂ ਉਹ ਗੁਰਤਾਗੱਦੀ ਦੇ ਵਾਰਸ ਬਣ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਸਾਹਿਬ ਬਣਾਉਣ ਸਮੇਂ ਇਕ ਕ੍ਰਾਂਤੀਕਾਰੀ ਅਮਲ ਕਰ ਵਿਖਾਇਆ। ਸਮੇਂ ਦੀ ਚੱਲ ਰਹੀ ਪ੍ਰੰਪਰਾ ਤੋਂ ਉਲਟ ਕਿਸੇ ਪੰਡਤ ਕੋਲੋਂ ਨਹੀਂ, ਸਗੋਂ ਇਕ ਕਿਰਤੀ ਕਿਸਾਨ ਬਾਬਾ ਬੁੱਢਾ ਜੀ ਪਾਸੋਂ ਭਾਈ ਲਹਿਣਾ ਜੀ ਨੂੰ ਗੁਰਿਆਈ ਦਾ ਤਿਲਕ ਲੁਆਇਆ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਹੋ ਨਿਬੜੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਸਭ ਤੋਂ ਪਹਿਲਾਂ ਆਪਣੇ ਚੇਲੇ ਅੱਗੇ ਸਿਰ ਨਿਵਾਇਆ।




ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੱਦੀ 'ਤੇ ਬਿਰਾਜਮਾਨ ਹੋਣ ਤੋਂ ਬਾਅਦ ਕੀਰਤਨ ਅਤੇ ਲੰਗਰ ਦਾ ਪ੍ਰਵਾਹ ਜੋ ਪਹਿਲਾਂ ਰਾਵੀ ਦੇ ਕੰਢੇ (ਕਰਤਾਰਪੁਰ) ਚੱਲਦਾ ਸੀ, ਹੁਣ ਉਹ ਬਿਆਸ ਦੇ ਕੰਢੇ (ਖਡੂਰ ਸਾਹਿਬ) ਚੱਲਣ ਲੱਗ ਪਿਆ, ਭਾਵ ਗੁਰੂ ਸਾਹਿਬ ਪੱਕੇ ਤੌਰ 'ਤੇ ਖਡੂਰ ਸਾਹਿਬ ਆ ਗਏ।

"ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥(ਪੰਨਾ 968)।

ਖਡੂਰ ਸਾਹਿਬ ਉਹ ਪਵਿੱਤਰ ਧਰਤੀ ਹੈ, ਜਿਥੋਂ ਦੀ ਨੇਕ ਜਨ ਮਾਤਾ ਖੀਵੀ ਜੀ ਆਪਣੇ ਹੱਥੀਂ ਲੰਗਰ ਵਿਚ ਘਿਆਲੀ ਖੀਰ ਵੰਡਦੀ ਹੁੰਦੀ ਸੀ। ਸਰੀਰਕ ਵਰਜਿਸ਼ਾਂ ਕਰਨ ਵਾਲਿਆਂ ਨੂੰ ਚੰਗੀ ਖੁਰਾਕ ਦੀ ਲੋੜ ਹੁੰਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੌਜਵਾਨਾਂ ਨੂੰ ਆਪ ਆਖ ਕੇ ਵਰਜਿਸ਼ ਕਰਵਾਇਆ ਕਰਦੇ ਸਨ, ਗੁਰਦੁਆਰਾ 'ਮੱਲ ਅਖਾੜਾ ਸਾਹਿਬ' ਇਸ ਗੱਲ ਦਾ ਸਬੂਤ ਹੈ। ਲੰਗਰ ਦੀ ਪ੍ਰਥਾ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਲਾਈ ਸੀ ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਦਾ ਹੋਰ ਵਿਕਾਸ ਕੀਤਾ ਤੇ ਚੰਗਾ ਪ੍ਰਬੰਧ ਚਲਾਇਆ। ਗੁਰੂ ਪਾਤਸ਼ਾਹ ਜੀ ਆਪਣੇ ਘਰ ਦਾ ਖਰਚ ਮੁੰਜ ਵੱਟ ਕੇ, ਵੇਚ ਕੇ ਚਲਾਉਂਦੇ ਸਨ ਅਤੇ ਲੰਗਰ ਦਾ ਪ੍ਰਬੰਧ ਸਿੱਖਾਂ ਵੱਲੋਂ ਭੇਟ ਕੀਤੇ ਦਸਵੰਧ ਨਾਲ ਕੀਤਾ ਜਾਂਦਾ ਸੀ। ਲੰਗਰ ਗਰੀਬਾਂ, ਨਿਆਸਰਿਆਂ ਤੇ ਅਤਿਥੀਆਂ ਵਾਸਤੇ ਸੀ। ਗੁਰੂ ਮਹਾਰਾਜ ਜੀ ਦੇ ਸੁਯੋਗ ਸੁਪਤਨੀ ਮਾਤਾ ਖੀਵੀ ਜੀ ਨੇ ਲੰਗਰ ਪ੍ਰਥਾ ਨੂੰ ਸੁਚੱਜੇ ਢੰਗ ਨਾਲ ਚਲਾਉਣ ਵਿਚ ਭਰਪੂਰ ਯੋਗਦਾਨ ਪਾਇਆ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਲੋਕਾਂ ਦੀ ਮਾਂ-ਬੋਲੀ ਪੰਜਾਬੀ ਨੂੰ ਆਪਣੇ ਪ੍ਰਚਾਰ ਦਾ ਮਾਧਿਅਮ ਬਣਾਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਨੂੰ ਨਵਾਂ ਰੂਪ ਦੇਣ ਅਤੇ ਪ੍ਰਚਾਰਨ ਦਾ ਸ਼ਲਾਘਾਯੋਗ ਕੰਮ ਕੀਤਾ। ਇਸ ਲਿੱਪੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਗੁਰੂ ਪਾਤਸ਼ਾਹ ਜੀ ਨੇ ਗੁਰਮੁਖੀ ਪਾਠਸ਼ਾਲਾ ਵੀ ਖੋਲ੍ਹੀ, ਜਿਸ ਵਿਚ ਗੁਰੂ ਜੀ ਆਪ ਵੀ ਪੜ੍ਹਾਇਆ ਕਰਦੇ ਸਨ। ਇਸ ਤਰ੍ਹਾਂ ਮਾਤ-ਬੋਲੀ ਪੰਜਾਬੀ ਵਿਚ ਧਾਰਮਿਕ ਸਾਹਿਤ ਦੀ ਰਚਨਾ ਸੁਚੱਜੇ ਰੂਪ 'ਚ ਸ਼ੁਰੂ ਹੋਈ, ਜਿਸ ਨਾਲ ਸਿੱਖੀ ਦਾ ਹੋਰ ਵਧੇਰੇ ਪ੍ਰਚਾਰ ਸ਼ੁਰੂ ਹੋਇਆ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਕ ਹੋਰ ਮਹਾਨ ਕਾਰਜ ਉਹ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਕੁਝ ਭਗਤ ਸਾਹਿਬਾਨ ਦੀ ਉਚਾਰੀ ਹੋਈ ਬਾਣੀ ਜੋ ਇਕ ਖਰੜੇ ਦੇ ਰੂਪ ਵਿਚ ਇਨ੍ਹਾਂ ਨੂੰ ਸੌਂਪ ਗਏ ਸਨ, ਉਸ ਨੂੰ ਇਕ ਪੋਥੀ ਰੂਪ ਵਿਚ ਸੰਕਲਿਤ ਕੀਤਾ। ਇਹ ਪੋਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਸਹਾਇਕ ਸਿੱਧ ਹੋਈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਜਾਤ-ਪਾਤ, ਫੋਕਟ ਕਰਮਾਂ ਅਤੇ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ। ਆਪ ਨੇ ਲੰਗਰ ਦੀ ਪ੍ਰਥਾ ਜਾਰੀ ਰੱਖੀ, ਜਿਥੇ ਹਰ ਕੋਈ ਬਿਨਾਂ ਕਿਸੇ ਜਾਤ-ਪਾਤ ਜਾਂ ਰੁਤਬੇ ਦੇ ਵਿਤਕਰੇ ਤੋਂ ਇਕੱਠੇ ਬੈਠ ਕੇ ਪੰਗਤ ਵਿਚ ਲੰਗਰ ਛਕ ਸਕਦਾ ਹੈ। ਇਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਮਨੁੱਖਤਾ ਦੀ ਭਲਾਈ ਦੇ ਕਾਰਜ ਕਰਦੇ 1552 ਈਸਵੀ ਵਿੱਚ ਜੋਤੀ ਜੋਤਿ-ਸਮਾ ਗਏ।

ਸੋ ਐਸੇ ਮਹਾਨ ਸਤਿਗੁਰੂ ਪਾਤਸ਼ਾਹ ਜੀ ਜਿਨ੍ਹਾਂ ਨੇ ਸੇਵਕ ਤੋਂ ਗੁਰਤਾਗੱਦੀ ਤਕ ਦੀ ਮੰਜ਼ਿਲ ਹਾਸਲ ਕੀਤੀ। ਉਸ ਸ਼ਖ਼ਸੀਅਤ ਬਾਰੇ ਭਾਈ ਸੰਤੋਖ ਸਿੰਘ ਇਸ ਤਰ੍ਹਾਂ ਬਿਆਨ ਕਰਦੇ ਹਨ-

ਦੋਹਰਾ :-
ਸ੍ਰੀ ਅੰਗਦ ਕੰਦਨ ਬਿਘਨ ਬਦਨ ਸੁ ਮੰਗਲ ਸਾਲ।
ਪਰਨ ਸ਼ਰਨ ਕਰ ਚਰਨ ਕੋ ਨਮਸਕਾਰ ਧਰਿ ਭਾਲ ॥7 ॥
(ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਵਾਰਧ, ਅਧਿਆਏ ।।1।।

ਭਾਵ- ਸ੍ਰੀ ਗੁਰੂ ਅੰਗਦ ਦੇਵ ਜੀ ਵਿਘਨਾਂ ਦੇ ਨਾਸ਼ ਕਰਨ ਵਾਲੇ ਹਨ ਅਤੇ ਉਨ੍ਹਾਂ ਦਾ ਮੁਖਾਰਬਿੰਦ ਮੰਗਲਾਂ ਦਾ ਘਰ ਹੈ। ਉਨ੍ਹਾਂ ਦੀ ਸ਼ਰਨ ਦਾ ਆਸਰਾ ਲੈ ਕੇ ਧਰਤੀ ਉੱਤੇ ਮੱਥਾ ਧਰ ਕੇ ਚਰਨਾਂ ਨੂੰ ਨਮਸਕਾਰ ਕਰਦਾ ਹਾਂ।

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਪਿੰਡ ਬਾਸਰਕੇ, (ਜ਼ਿਲ੍ਹਾ ਅੰਮ੍ਰਿਤਸਰ) ਵਿਚ ਭਾਈ ਤੇਜ ਭਾਨ ਜੀ ਦੇ ਗ੍ਰਹਿ ਵਿਖੇ ਮਾਤਾ ਸੁਲੱਖਣੀ ਜੀ ਦੇ ਉਦਰ ਤੋਂ 1479 ਈਸਵੀ ਨੂੰ ਹੋਇਆ। ਭਾਈ ਸੰਤੋਖ ਸਿੰਘ ਜੀ ਦਾ ਕਥਨ ਹੈ-

ਇਕ ਬਾਸੁਰ ਕੇ ਗ੍ਰਾਮ ਹੈ ਤਹਿੰ ਬਸਹਿ ਨਿਕੇਤੰ।
ਤੇਜੋ ਛੱਤ੍ਰੀ ਭਾਗ ਬਡ ਨਿਸ ਦਿਨ ਪ੍ਰਭੁ ਚੇਤੰ ॥2 ॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 14)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਬੀਬੀ ਅਮਰੋ ਜੀ, ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਭਾਈ ਜੱਸੂ ਨਾਲ ਵਿਆਹੀ ਹੋਈ ਸੀ। ਉਹ ਪਿਛਲ- ਰਾਤ ਜਾਗ ਕੇ ਇਸ਼ਨਾਨ ਕਰਕੇ ਗੁਰਬਾਣੀ ਬੜੇ ਪ੍ਰੇਮ ਨਾਲ ਪੜ੍ਹਦੀ ਸੀ। ਇਕ ਦਿਨ ਉਸ ਪਾਠ ਕਰਦੀ ਨੂੰ ਸੁਣ ਕੇ, ਸ੍ਰੀ ਗੁਰੂ ਅਮਰਦਾਸ ਜੀ ਦੇ ਹਿਰਦੇ ਵਿਚ ਖਿੱਚ ਪਈ ਤੇ ਉਹ ਬੀਬੀ ਅਮਰੋ ਜੀ ਪਾਸ ਆ ਕੇ ਕਹਿਣ ਲੱਗੇ, ਹੇ ਪੁੱਤਰੀ! ਜੋ ਤੂੰ ਪੜ੍ਹ ਰਹੀ ਸੀ ਉਹ ਮੈਨੂੰ ਫਿਰ ਪੜ੍ਹ ਕੇ ਸੁਣਾ, ਉਸ ਨੇ ਤਾਂ ਮੇਰੇ ਸਰੀਰ 'ਚ ਜਾਨ ਜਿਹੀ ਪਾ ਦਿੱਤੀ। ਬੀਬੀ ਅਮਰੋ ਜੀ ਨੇ ਗੁਰ-ਸ਼ਬਦ ਦਾ ਉਚਾਰਨ ਇਉਂ ਕੀਤਾ:

ਕਰਣੀ ਕਾਗਦੁ ਮਨੁ ਮਸਵਾਣੀ
ਬੁਰਾ ਭਲਾ ਦੁਇ ਲੇਖ ਪਾਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ
ਤਉ ਗੁਣ ਨਾਹੀ ਅੰਤੁ ਹਰੇ ॥
ਚਿਤ ਚੇਤਸਿ ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥(ਪੰਨਾ 990)

ਇਹ ਸੁਣਦਿਆਂ ਹੀ ਸ੍ਰੀ ਅਮਰਦਾਸ ਜੀ ਦੇ ਮਨ ਨੂੰ ਸ਼ਾਂਤੀ ਆ ਗਈ ਤੇ ਹਿਰਦਾ- ਕਮਲ ਖਿੜ ਉੱਠਿਆ। ਆਪ ਜੀ ਨੇ ਪੁੱਛਿਆ,ਬੀਬੀ! ਇਹ ਸ਼ਬਦ ਕਿਸ ਦਾ ਉਚਾਰਿਆ ਹੋਇਆ ਹੈ? ਬੀਬੀ ਅਮਰੋ ਜੀ ਨੇ ਦੱਸਿਆ ਕਿ ਇਹ ਸ਼ਬਦ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੋਇਆ ਹੈ, ਜੋ ਜੋਤੀ-ਜੋਤਿ ਸਮਾ ਚੁੱਕੇ ਹਨ ਤੇ ਮੇਰੇ ਪਿਤਾ ਜੀ ਹੁਣ ਉਸ ਗੱਦੀ 'ਤੇ ਬਿਰਾਜਮਾਨ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਬੀਬੀ ਅਮਰੋ ਜੀ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਆਪਣੇ ਪਿਤਾ ਜੀ ਪਾਸ ਲੈ ਚੱਲੇ। ਬੀਬੀ ਅਮਰੋ ਜੀ ਉਨ੍ਹਾਂ ਨੂੰ ਖਡੂਰ ਸਾਹਿਬ ਆਪਣੇ ਪਿਤਾ ਗੁਰੂ, ਸ੍ਰੀ ਅੰਗਦ ਦੇਵ ਜੀ ਪਾਸ ਲੈ ਗਈ, ਕੁੜਮ ਆਏ ਜਾਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਆਦਰ ਵਿਚ ਖੜ੍ਹੇ ਹੋ ਗਏ ਤਾਂ ਸ੍ਰੀ ਅਮਰਦਾਸ ਜੀ ਨੇ ਆਪ ਜੀ ਦੇ ਚਰਨ ਫੜ ਲਏ-

ਚਰਨ ਗਹੇ ਸ੍ਰੀ ਅਮਰ ਤਬਿ ਬੰਦਨ ਕੋ ਠਾਨੀ।
ਉਚਿਤ ਨਹੀਂ ਗਰ ਮਿਲਨ ਕੇ ਲਿਹੁ ਦਾਸ ਪਛਾਨੀ।
(ਰਾਸਿ 1, ਅੰਸੂ 15)

ਇਸ ਤਰ੍ਹਾਂ ਗੁਰੂ ਅਤੇ ਚੇਲੇ ਦਾ ਪਹਿਲਾ ਮਿਲਾਪ ਹੋਇਆ। ਸ੍ਰੀ ਗੁਰੂ ਅਮਰਦਾਸ ਜੀ 'ਤੇ ਪ੍ਰਭੂ ਬਖਸ਼ਿਸ਼ ਹੋਈ ਤੇ ਆਪ ਗੁਰੂ ਸੇਵਾ ਪ੍ਰਭੂ- ਸਿਮਰਨ ਦੇ ਮਾਰਗ ਵਿਚ ਆ ਗਏ। ਆਪ ਨੇ ਜ਼ਿੰਦਗੀ ਦੀ ਵਡੇਰੀ ਉਮਰ ਦੇ ਹੁੰਦਿਆਂ ਗੁਰੂ ਸੇਵਾ ਦੀ ਕਰੜੀ ਘਾਲ ਘਾਲੀ। ਆਪ ਨੇ ਪਾਣੀ ਭਰਨ ਦੀ ਸੇਵਾ ਸੰਭਾਲੀ ਗੁਰੂ ਸਾਹਿਬ ਦੇ ਇਸ਼ਨਾਨ ਲਈ ਤੇ ਸੰਗਤ ਦੇ ਪੀਣ ਲਈ ਆਪ ਜਲ ਢੋਂਦੇ ਰਹੇ। ਬਿਆਸ ਦਰਿਆ ਤੋਂ ਜਲ ਲਿਆ ਕੇ ਗੁਰੂ ਜੀ ਦਾ ਇਸ਼ਨਾਨ ਕਰਵਾਉਣ ਪਿੱਛੋਂ ਬਸਤਰ ਧੋ ਕੇ ਲਿਆਉਂਦੇ, ਬੜਾ ਘੱਟ ਬੋਲਦੇ, ਥੋੜ੍ਹਾ ਖਾਂਦੇ ਤੇ ਥੋੜ੍ਹਾ ਹੀ ਸੌਂਦੇ ਸਨ। ਹਰ ਵਕਤ ਸੇਵਾ ਵਿਚ ਜੁਟੇ ਰਹਿੰਦੇ,ਹੋਰ ਸਭ ਕੁਝ ਵਿਸਾਰ ਦਿੱਤਾ।

ਸ੍ਰੀ ਅਮਰਦਾਸ ਜੀ ਨੂੰ ਗੁਰੂ ਜੀ ਦੀ ਨੇੜਤਾ ਦਾ ਮਾਣ ਪ੍ਰਾਪਤ ਹੋਇਆ। ਹੁਣ ਆਪ ਜੀ ਨੂੰ ਗੁਰੂ ਜੀ ਦੇ ਬਰਤਨ ਮਾਂਜਣ, ਕੱਪੜੇ ਧੋਣ ਅਤੇ ਪੱਖਾ ਝੱਲਣ ਦੀ ਸੇਵਾ ਪ੍ਰਾਪਤ ਹੋ ਗਈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਈਰਖਾ ਤੋਂ ਬਚਾਉਣ ਲਈ ਪਹਿਲਾਂ ਹੀ ਗੋਇੰਦਵਾਲ ਰਹਿਣ ਦੀ ਆਗਿਆ ਕੀਤੀ ਹੋਈ ਸੀ।

ਇਕ ਦਿਨ ਸ੍ਰੀ ਅਮਰਦਾਸ ਜੀ, ਗੁਰੂ ਜੀ ਦੇ ਇਸ਼ਨਾਨ ਲਈ ਜਲ ਲੈਣ ਵਾਸਤੇ ਬਿਆਸ ਦਰਿਆ ਵੱਲ ਗਾਗਰ ਚੁੱਕ ਕੇ ਗਏ। ਉਧਰੋਂ ਜਲ ਦੀ ਗਾਗਰ ਭਰ ਕੇ ਖਡੂਰ ਸਾਹਿਬ ਵੱਲ ਆ ਰਹੇ ਸਨ ਤਾਂ ਅਚਾਨਕ ਹਨੇਰੇ ਕਾਰਨ ਰਸਤੇ ਵਿਚ ਇਕ ਕਿੱਲੇ 'ਚ ਅੜਕ ਕੇ ਡਿੱਗ ਗਏ ਪਰ ਗਾਗਰ ਵਿੱਚੋਂ ਜਲ ਨਾ ਡੁੱਲਣ ਦਿੱਤਾ। ਖੜਕਾ ਸੁਣ ਕੇ ਜੁਲਾਹਾ ਉੱਠਿਆ ਅਤੇ ਆਪਣੀ ਪਤਨੀ ਨੂੰ ਕਹਿਣ ਲੱਗਿਆ ਕਿ ਕੋਈ ਚੋਰ ਹੈ ਤਾਂ ਉਹ ਕਹਿਣ ਲੱਗੀ ਕਿ ਐਸੀ ਠੰਡ 'ਚ ਤਾਂ ਮਨੁੱਖ ਤੇ ਪਸ਼ੂ-ਪੰਛੀ ਸਭ ਲੁਕਦੇ ਫਿਰਦੇ ਆ, ਇਸ ਸਮੇਂ ਕਿਹੜਾ ਚੋਰ ਹੋਣੈ, ਇਹ ਤਾਂ ਅਮਰੂ ਨਿਥਾਵਾਂ ਹੋਣਾ, ਜੋ ਆਪਣੇ ਕੁੜਮਾਂ ਦਾ ਪਾਣੀ ਢੋਂਦਾ ਫਿਰਦੈ। ਸ੍ਰੀ ਅਮਰਦਾਸ ਜੀ ਨੇ ਜੁਲਾਹੀ ਦੀ ਗੱਲ ਸੁਣੀ ਤਾਂ ਉੱਚੀ ਦੇਣੇ ਕਿਹਾ- ਮੈਂ ਨਿਥਾਵਾਂ ਨਹੀਂ ਆਂ, ਗੁਰੂ ਮੇਰੀ ਥਾਂ ਐ, ਕਮਲੀਏ!

ਗੁਰੂ ਜੀ ਨੇ ਇਸ਼ਨਾਨ ਕਰ ਲਿਆ, ਦੀਵਾਨ ਸਜ ਗਿਆ। ਸ੍ਰੀ ਅਮਰਦਾਸ ਜੀ ਨੂੰ ਬੁਲਾਵਾ ਭੇਜਿਆ ਤੇ ਵਾਪਰੀ ਘਟਨਾ ਬਾਰੇ ਪੁੱਛਿਆ। ਜੁਲਾਹਾ ਆਪਣੀ ਪਤਨੀ ਨੂੰ ਲੈ ਕੇ ਹਾਜ਼ਰ ਹੋਇਆ ਤੇ ਖਿਮਾ ਮੰਗਣ ਲੱਗਿਆ। ਸ੍ਰੀ ਅਮਰਦਾਸ ਜੀ ਨੇ ਬੇਨਤੀ ਕੀਤੀ-ਮੈਂ ਨਿਥਾਵਾਂ ਸਾਂ, ਜਦੋਂ ਦਾ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ ਆਂ, ਮੈਂ ਨਿਥਾਵਾਂ ਨਹੀਂ ਰਿਹਾ। ਮੈਂ ਗੁਰੂ-ਘਰ ਦਾ ਨਿਰਾਦਰ ਕਿਵੇਂ ਸਹਿ ਜਾਂਦਾ? ਇਸ ਲਈ ਮੈਥੋਂ ਜੁਲਾਹੀ ਨੂੰ 'ਕਮਲੀ' ਕਹਿ ਹੋਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਚਨ ਸੁਣੇ ਤਾਂ ਸ੍ਰੀ ਅਮਰਦਾਸ ਜੀ ਨੂੰ ਗਲਵੱਕੜੀ ਵਿੱਚ ਲੈ ਲਿਆ ਤੇ ਇਉਂ ਬਖਸ਼ਿਸ਼ਾਂ ਬਖ਼ਸ਼ਣ ਲੱਗੇ। ਭਾਈ ਸੰਤੋਖ ਸਿੰਘ ਜੀ 'ਸੂਰਜ ਪ੍ਰਕਾਸ਼' ਵਿਚ ਇਸ ਤਰ੍ਹਾਂ ਲਿਖਦੇ ਹਨ-

ਤੁਮਹੋ ਨਿਥਾਵਨ ਥਾਨ।
ਕਰਿ ਹੋ ਨਿਮਾਨਹਿਂ ਮਾਨ।
ਬਿਨ ਓਟ ਕੀ ਤੁਮ ਓਟ।
ਨਿਧਰੇਨ ਕੀ ਧਿਰ ਕੋਟ ॥23 ॥ (ਰਾਸਿ 1, ਅੰਸੂ 17)

ਥੋੜ੍ਹੇ ਸਮੇਂ ਬਾਅਦ ਹੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਤਾਗੱਦੀ ਦੀ ਜ਼ਿੰਮੇਵਾਰੀ ਸੌਂਪਦਿਆਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੋਤੀ-ਜੋਤਿ ਸਮਾਉਣ ਦੀ ਤਿਆਰੀ ਕਰ ਲਈ। ਪਹਿਲੇ ਗੁਰੂ ਜੀ ਨੇ ਆਪ ਮੱਥਾ ਟੇਕਿਆ ਤੇ ਪਿੱਛੋਂ ਸਰਬੱਤ ਸੰਗਤ ਨੇ ਸੀਸ ਨਿਵਾਇਆ। ਸ੍ਰੀ ਗੁਰੂ ਅਮਰਦਾਸ ਜੀ ਬੜੇ ਵੈਰਾਗਵਾਨ ਹੋਏ ਤੇ ਗੋਇੰਦਵਾਲ ਸਾਹਿਬ ਆ ਗਏ।

'ਗੁਰੂ ਜੋਤਿ' ਦਾ ਵਰਤਾਰਾ ਇਸ ਤਰ੍ਹਾਂ ਵਰਤਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅਮਰਦਾਸ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਆਦਿ 'ਗੁਰੂ ਜੋਤਿ' ਵਿੱਚ ਪ੍ਰਗਟ ਹੋਏ, ਕਿਉਂਕਿ 'ਹਰਿ ਜੋਤਿ' ਇਕ ਹੀ ਸੀ ਸਿਰਫ ਕਾਇਆ ਜਾਂ ਦੇਹੀ ਹੀ ਬਦਲਦੀ ਰਹੀ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਪਿਤਾ ਗੁਰੂ, ਸ੍ਰੀ ਗੁਰੂ ਰਾਮਦਾਸ ਜੀ ਅਤੇ ਮਾਤਾ ਬੀਬੀ ਭਾਨੀ ਜੀ ਦੇ ਗ੍ਰਹਿ ਵਿਖੇ 1563 ਈਸਵੀ ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ। ਬੀਬੀ ਭਾਨੀ ਜੀ, ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਸਨ। ਸ੍ਰੀ ਅਰਜਨ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਜੀ ਨੂੰ ਹਰ ਪ੍ਰਕਾਰ ਦੀ ਵਿੱਦਿਆ ਵਿੱਚ ਨਿਪੁੰਨ ਕਰਨ ਵਿੱਚ ਨਾਨਾ ਗੁਰੂ ਸ੍ਰੀ ਗੁਰੂ ਅਮਰਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰ ਗੁਰਸਿੱਖਾਂ ਦਾ ਵਿਸ਼ੇਸ਼ ਯੋਗਦਾਨ ਹੈ। ਆਪ ਜੀ ਦੀ ਸ਼ਖ਼ਸੀਅਤ ਚੰਗੇ ਗੁਣਾਂ ਦਾ ਖਜ਼ਾਨਾ ਹੋ ਨਿੱਬੜੀ। ਇਨ੍ਹਾਂ ਸਮੂਹ ਗੁਣਾਂ ਦੇ ਕਾਰਨ ਹੀ ਆਪ ਜੀ ਗੁਰੂ ਪਾਤਸ਼ਾਹ ਜੀ ਦੀ ਬਖਸ਼ਿਸ਼ ਇਲਾਹੀ ਦਾਤ ਗੁਰਤਾਗੱਦੀ ਦੇ ਵਾਰਿਸ ਬਣੇ।

ਗੁਰੂ- ਪਿਤਾ ਜੀ ਦੇ ਬਚਨਾਂ ਦਾ ਪੂਰੀ ਤਰ੍ਹਾਂ ਪਾਲਣ, ਸੇਵਾ ਅਤੇ ਪਰਉਪਕਾਰ ਆਪ ਜੀ ਦੇ ਜੀਵਨ ਦੇ ਅਮਲੀ ਪੱਖ ਸਨ। ਇਨ੍ਹਾਂ ਗੁਣਾਂ ਕਾਰਨ ਹੀ 1581 ਈਸਵੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਕੁਝ ਸਮਾਂ ਪਹਿਲਾਂ ਹੀ ਆਪ ਜੀ ਨੂੰ ਗੁਰਿਆਈ ਬਖ਼ਸ਼ਿਸ਼ ਕੀਤੀ। ਵੱਡੇ ਭਰਾ ਪ੍ਰਿਥੀ ਚੰਦ ਨੇ ਆਪਣਾ ਹੱਕ ਜਿਤਾਇਆ, ਵਿਰੋਧ ਕੀਤਾ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਹਿਨਸ਼ੀਲਤਾ, ਸਬਰ ਅਤੇ ਸੁਹਿਰਦਤਾ ਅੱਗੇ ਉਸ ਦੀ ਪੇਸ਼ ਨਾ ਗਈ। ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਨਿਰਮਲ ਪੰਥ ਨੂੰ ਹਰ ਪੱਖੋਂ ਮਜ਼ਬੂਤ ਅਤੇ

**ਬਾਕੀ ਸਫ਼ਾ 32 'ਤੇ**


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਮੋਦੀ ਸਰਕਾਰ ਵੱਲੋਂ ਦਰਿਆਈ ਪਾਣੀਆਂ ਬਾਰੇ ਸੋਧ ਬਿੱਲ ਪਾਸ

ਪੈਦਾ ਕਰਨ ਵਾਸਤੇ ਇਹਨਾਂ ਦਰਿਆਵਾਂ ਦੇ ਪਾਣੀ ਨੂੰ ਸੁਰੰਗਾਂ ਪੁੱਟ ਕੇ ਪਾਈਪਾਂ ਰਾਹੀਂ ਵੱਡੇ ਪੱਧਰ 'ਤੇ ਇੱਧਰ ਉੱਧਰ ਲਿਜਾਇਆ ਜਾ ਰਿਹਾ। ਹਿਮਾਚਲ ਦੇ ਪਹਾੜਾਂ ਅੰਦਰ ਸੁਰੰਗਾਂ ਐਨੀ ਵੱਡੀ ਗਿਣਤੀ ਵਿਚ ਪੁੱਟੀਆਂ ਜਾ ਰਹੀਆਂ ਕਿ ਮਿਸਾਲ ਦੇ ਤੌਰ 'ਤੇ ਜਦੋਂ ਸਿਰਫ ਸਤਲੁੱਜ ਉੱਤੇ ਬਣਨ ਵਾਲੇ ਸਾਰੇ ਡੈਮ ਪੂਰੇ ਹੋ ਗਏ ਤਾਂ ਇਸ ਦਾ ਪਾਣੀ ਇਧਰ ਉਧਰ ਲ਼ੈ ਕੇ ਜਾਣ ਵਾਲੀਆਂ ਸੁਰੰਗਾਂ ਦੀ ਕੁੱਲ ਲੰਬਾਈ 185 ਕਿਲੋਮੀਟਰ ਹੋ ਜਾਵੇਗੀ। ਹਿਮਾਚਲ ਵਿੱਚ ਮਾਰਚ 2019 ਤੱਕ 153 ਡੈਮ ਬਿਜਲੀ ਪੈਦਾ ਕਰਨ ਲਈ ਬਣਾਏ ਜਾ ਚੁੱਕੇ ਹਨ ਅਤੇ 863 ਡੈਮ ਹੋਰ ਬਣਾਏ ਜਾ ਰਹੇ ਨੇ। ਭਾਰਤੀ ਕਾਨੂੰਨ ਮੁਤਾਬਕ ਵੀ ਇਕ ਡੈਮ ਤੋਂ ਬਾਅਦ ਦਰਿਆ ਨੂੰ ਘੱਟੋ ਘੱਟ ਪੰਜ ਕਿਲੋਮੀਟਰ ਤੱਕ ਖੁੱਲਾ ਵਗਣ ਦੇਣਾ ਚਾਹੀਦਾ। ਪਰ ਸਤਲੁਜ ਦੇ ਪਾਣੀ ਨੂੰ ਡੈਮ ਚਲਾਉਣ ਖਾਤਰ ਸੁਰੰਗਾਂ ਰਾਹੀਂ ਇਕ ਡੈਮ ਤੋਂ ਦੂਜੇ ਡੈਮ ਲਿਜਾਇਆ ਜਾ ਰਿਹਾ। ਰਿਪੇਰੀਅਨ ਕਾਨੂੰਨ ਦੀ ਉਲੰਘਣਾ ਹੈ। ਅਜਿਹਾ ਕਰਨ ਨਾਲ ਜਿਥੋਂ ਦਰਿਆ ਵਗਦਾ ਏ, ਉਥੇ ਸੋਕਾ ਪੈ ਜਾਵੇਗਾ, ਕਿਉਂਕਿ ਪਾਣੀ ਸੁਰੰਗ ਵਿਚੋਂ ਜਾਵੇਗਾ। ਦੂਜਾ, ਇਹ ਸੁਰੰਗਾਂ ਬਹੁਤ ਸੌਖਿਆਂ ਹੀ ਪੰਜਾਬ ਨੂੰ ਆ ਰਿਹਾ ਦਰਿਆਈ ਪਾਣੀ ਚੋਰੀ ਕਰਕੇ ਜਮੁਨਾ ਵਿੱਚ ਪਾਉਣ ਲਈ ਵਰਤੀਆਂ ਜਾਣਗੀਆਂ। ਫਿਰ ਐਸ ਵਾਈ ਐਲ ਨਹਿਰ ਦਾ ਪੰਗਾ ਹੀ ਖਤਮ ਹੋ ਜਾਵੇਗਾ। ਪਰ ਕੁਦਰਤ ਨਾਲ ਖਿਲਵਾੜ ਕੇਂਦਰ ਸਰਕਾਰ ਨੂੰ ਮਹਿੰਗਾ ਪਵੇਗਾ, ਕਿਉਂ ਉਹ ਦਰਿਆਵਾਂ ਨਾਲ ਛੇੜਛਾੜ ਕਰਕੇ ਹਿਮਾਚਲ ਦੀ ਹੋਂਦ ਨੂੰ ਖਤਰਾ ਖੜ੍ਹਾ ਹੋ ਜਾਵੇਗਾ।

ਇੱਥੇ ਜ਼ਿਕਰਯੋਗ ਹੈ ਕਿ ਪਾਣੀਆਂ ਦੇ ਪੰਜਾਬ ਹੱਕਾਂ ਬਾਰੇ ਡਾਕਾ ਐਮਰਜੈਂਸੀ ਦੇ ਸਮੇਂ 24 ਮਾਰਚ, 1976 ਨੂੰ ਇੰਦਰਾ-ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਇੱਕਪਾਸੜ ਤੌਰ 'ਤੇ ਦਿੱਤੇ ਫ਼ੈਸਲੇ ਨਾਲ ਮਾਰਿਆ ਗਿਆ ਜਿਸ ਮੁਤਾਬਿਕ 70 ਲੱਖ ਏਕੜ ਫੁੱਟ ਪਾਣੀ ਵਿਚੋਂ ਦੋਹਾਂ ਰਾਜਾਂ ਨੂੰ 35-35 ਲੱਖ ਏਕੜ ਫੁੱਟ ਵੰਡ ਦਿੱਤਾ ਗਿਆ। ਪੰਜਾਬ ਦਾ ਦੋਹਾਂ ਦਰਿਆਵਾਂ ਦਾ ਹਿੱਸਾ 51 ਲੱਖ ਏਕੜ ਫੁੱਟ ਤੋਂ ਘੱਟ ਕੇ 35 ਲੱਖ ਏਕੜ ਫੁੱਟ ਤੱਕ ਰਹਿ ਗਿਆ। ਐਮਰਜੈਂਸੀ ਤੋਂ ਬਾਅਦ ਪੰਜਾਬ ਦੀ ਤਤਕਾਲੀ ਅਕਾਲੀ ਸਰਕਾਰ ਨੇ ਪੰਜਾਬ ਦੇ ਹੱਕ ਵਿਚ ਸਟੈਂਡ ਲੈਂਦਿਆਂ 1979 ਵਿੱਚ ਪੰਜਾਬ ਪੁਨਰਗਠਨ ਦੀ ਧਾਰਾ 78 ਨੂੰ ਚੁਣੌਤੀ ਦਿੱਤੀ। ਇੰਦਰਾ ਸਰਕਾਰ ਦੇ ਫ਼ੈਸਲੇ ਨੂੰ ਗ਼ੈਰਕਾਨੂੰਨੀ ਸਾਬਤ ਕਰਾਉਣ ਲਈ ਸੁਪਰੀਮ ਕੋਰਟ ਵਿਚ ਰਿੱਟ ਦਾਇਰ ਕਰ ਦਿੱਤੀ। ਜਨਤਾ ਪਾਰਟੀ ਦੀ ਸਰਕਾਰ ਟੁੱਟਣ ਮਗਰੋਂ 1980 ਵਿੱਚ ਮੁੜ ਕੇਂਦਰੀ ਸੱਤਾ ਉੱਤੇ ਕਾਂਗਰਸ ਕਾਬਜ਼ ਹੋ ਗਈ। ਇਸੇ ਦੌਰਾਨ 31 ਦਸੰਬਰ 1981 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਦੀ ਹਦਾਇਤ ਉੱਤੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਤਤਕਾਲੀ ਮੁੱਖ ਮੰਤਰੀਆਂ ਦਰਮਿਆਨ ਸਮਝੌਤਾ ਕਰਵਾ ਕੇ ਕੇਸ ਵਾਪਸ ਲਿਆ ਗਿਆ ਤੇ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਿਆ ਗਿਆ। ਇਸ ਸਮਝੌਤੇ ਤਹਿਤ ਕੁੱਲ 158.5 ਲੱਖ ਏਕੜ ਫੁੱਟ ਪਾਣੀ ਨੂੰ 171.7 ਲੱਖ ਏਕੜ ਫੁੱਟ ਕਹਿ ਦਿੱਤਾ ਗਿਆ ਅਤੇ ਇਸ ਵਿਚੋਂ ਪੰਜਾਬ ਨੂੰ 42.2, ਰਾਜਸਥਾਨ ਨੂੰ 86, ਹਰਿਆਣਾ ਨੂੰ 35, ਜੰਮੂ-ਕਸ਼ਮੀਰ ਨੂੰ 6.5 ਅਤੇ ਦਿੱਲੀ ਨੂੰ 2 ਲੱਖ ਏਕੜ ਫੁੱਟ ਪਾਣੀ ਵੰਡ ਦਿੱਤਾ ਗਿਆ। ਇਹ ਇੰਦਰਾ ਸਰਕਾਰ ਦਾ ਪੰਜਾਬ ਨਾਲ ਧੋਖਾ ਸੀ। ਇਸੇ ਕਾਰਨ ਐੱਸਵਾਈਐੱਲ ਖ਼ਿਲਾਫ਼ 1982 ਵਿੱਚ ਧਰਮ ਯੁੱਧ ਮੋਰਚਾ ਲੱਗਿਆ ਸੀ। ਪੰਜਾਬ ਸੰਤਾਪ ਦੇ ਦੌਰ ਵਿਚ 24 ਜੁਲਾਈ, 1985 ਨੂੰ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਵਿਚਾਲੇ ਪੰਥ ਤੇ ਪੰਜਾਬ ਵਿਰੋਧੀ ਸਮਝੌਤਾ ਹੋਇਆ। ਪਰ ਲੌਂਗੋਵਾਲ ਦੇ ਕਤਲ ਤੋਂ ਬਾਅਦ ਉਹ ਸਿਰੇ ਨਾ ਚੜ੍ਹ ਸਕਿਆ। ਜੁਲਾਈ 1990 ਵਿਚ ਖਾੜਕੂਆਂ ਨੇ ਇਕ ਚੀਫ਼ ਇੰਜਨੀਅਰ ਤੇ ਇਕ ਨਿਗਰਾਨ ਇੰਜਨੀਅਰ ਨੂੰ ਕਤਲ ਕਰਕੇ ਨਹਿਰ ਦੀ ਖੁਦਾਈ ਦਾ ਕੰਮ ਬੰਦ ਕਰਾ ਦਿੱਤਾ। ਖਾੜਕੂ ਲਹਿਰ ਖਤਮ ਹੋਣ ਤੋਂ ਬਾਅਦ ਸੁਪਰੀਮ ਕੋਰਟ ਨੇ ਪਹਿਲੀ ਜਨਵਰੀ, 2002 ਨੂੰ ਹਰਿਆਣਾ ਦੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੂੰ ਜਨਵਰੀ 2003 ਤੱਕ ਨਹਿਰ ਦਾ ਕੰਮ ਮੁਕੰਮਲ ਕਰਨ ਲਈ ਕਿਹਾ। 2004 ਵਿੱਚ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਮੁੜ ਨਹਿਰ ਦਾ ਨਿਰਮਾਣ ਮੁਕੰਮਲ ਕਰਨ ਦਾ ਹੁਕਮ ਦੇ ਦਿੱਤਾ। ਕੈਪਟਨ ਦੀ ਅਗਵਾਈ ਵਿਚ ਪੰਜਾਬ ਵਿਧਾਨ ਸਭਾ ਨੇ 12 ਜੁਲਾਈ 2004 ਨੂੰ ਜਲ ਸਮਝੌਤੇ ਰੱਦ ਕਰਨ ਦਾ ਕਾਨੂੰਨ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਸ ਵਿੱਚ ਧਾਰਾ 5 ਸ਼ਾਮਲ ਕੀਤੀ ਗਈ, ਜਿਸ ਤਹਿਤ ਜੋ ਪਾਣੀ ਗੁਆਂਢੀ ਰਾਜਾਂ ਨੂੰ ਹੁਣ ਤਕ ਜਾਂਦਾ ਹੈ, ਉਹ ਜਾਂਦਾ ਰਹੇਗਾ। ਇਸ ਧਾਰਾ ਨੂੰ ਸ਼ਾਮਲ ਕਰਨ ਨਾਲ ਰਿਪੇਰੀਅਨ ਐਕਟ ਨੂੰ ਕਮਜ਼ੋਰ ਹੋ ਗਿਆ ਹੈ। ਪੰਜਾਬ ਵਿਧਾਨ ਸਭਾ ਦੇ ਜਲ ਸਮਝੌਤੇ ਰੱਦ ਕਰਨ ਵਾਲੇ ਕਾਨੂੰਨ ਬਾਰੇ ਲਗਪਗ 12 ਸਾਲ ਬਾਅਦ ਸੁਣਵਾਈ ਸ਼ੁਰੂ ਕੀਤੀ। ਇਸੇ ਦੌਰਾਨ ਪੰਜਾਬ ਵਿਧਾਨ ਸਭਾ ਨੇ 14 ਮਾਰਚ 2016 ਨੂੰ ਨਹਿਰ ਲਈ ਐਕੁਆਇਰ ਕੀਤੀ ਜ਼ਮੀਨ ਵਾਪਸ ਕਰਨ ਵਾਲੇ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ। ਬਿੱਲ ਰਾਜਪਾਲ ਨੇ ਰਾਸ਼ਰਪਤੀ ਦੀ ਮਨਜ਼ੂਰੀ ਲਈ ਭੇਜ ਦਿੱਤਾ ਅਤੇ 17 ਮਾਰਚ ਨੂੰ ਸੁਪਰੀਮ ਕੋਰਟ ਨੇ ਸਟੇਟਸ ਕੋ ਦਾ ਹੁਕਮ ਜਾਰੀ ਕਰ ਦਿੱਤਾ। 10 ਨਵੰਬਰ, 2016 ਨੂੰ ਸੁਪਰੀਮ ਕੋਰਟ ਨੇ ਜਲ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ 2004 ਨੂੰ ਗ਼ੈਰਕਾਨੂੰਨੀ ਕਰਾਰ ਦੇ ਦਿੱਤਾ। 15 ਨਵੰਬਰ ਨੂੰ ਐਗਜ਼ੈਕਟਿਵ ਆਰਡਰ ਜਾਰੀ ਕਰ ਕੇ ਜ਼ਮੀਨ ਦੇ ਅਸਲੀ ਮਾਲਕਾਂ ਨੂੰ ਜ਼ਮੀਨ ਵਾਪਸ ਦੇਣ ਦਾ ਹੁਕਮ ਜਾਰੀ ਕਰ ਦਿੱਤਾ। 22 ਫਰਵਰੀ, 2017 ਨੂੰ ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਨੂੰ ਦੋ ਮਹੀਨੇ ਦੇ ਅੰਦਰ ਆਪਸੀ ਸਹਿਮਤੀ ਨਾਲ ਮਾਮਲਾ ਨਜਿੱਠਣ ਦਾ ਸਮਾਂ ਦਿੱਤਾ ਸੀ। ਪਰ ਹੁਣ ਮਾਮਲਾ ਉਥੇ ਦਾ ਉਥੇ ਖੜਾ ਹੈ। ਸੁਪਰੀਮ ਕੋਰਟ ਇਸ ਮਾਮਲੇ ਵਿਚ ਰਿਪੇਰੀਅਨ ਆਧਾਰ 'ਤੇ ਫੈਸਲਾ ਕਰਨ ਦੀ ਥਾਂ 'ਤੇ ਪੰਜਾਬ ਨਾਲ ਧੱਕਾ ਕਰ ਰਹੀ ਹੈ। ਪਰ ਪੰਜਾਬ ਦੇ ਸਿਧਾਂਤਹੀਣ ਮੁੱਖ ਮੰਤਰੀ ਪਹਿਲਾਂ ਵਾਂਗ ਹੀ ਪੰਜਾਬ ਦੇ ਹੱਕ ਵਿਚ ਦ੍ਰਿੜ੍ਹ ਸਟੈਂਡ ਨਹੀਂ ਲੈ ਰਹੇ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ ਪੁਨਰਗਠਨ ਦੀ ਧਾਰਾ 78 ਤੋਂ 80 ਤਹਿਤ ਪਾਣੀਆਂ ਦੇ ਵਿਵਾਦ ਵਿਚ ਕੇਂਦਰ ਦਾ ਦਖ਼ਲ, ਭਾਖੜਾ- ਬਿਆਸ ਪ੍ਰਬੰਧਕੀ ਬੋਰਡ ਅਤੇ ਇਸ ਨਾਲ ਜੁੜੇ ਪਣ ਬਿਜਲੀ ਪ੍ਰਾਜੈਕਟਾਂ ਉੱਤੇ ਕੇਂਦਰ ਦਾ ਕਬਜ਼ਾ ਸਭ ਗ਼ੈਰ-ਸੰਵਿਧਾਨਕ ਹਨ। ਸਮੁੱਚੇ ਪੰਜਾਬੀਆਂ ਨੂੰ ਪੰਜਾਬ ਦੇ ਹੱਕਾਂ ਦੇ ਲਈ ਤੇ ਪੰਜਾਬ ਦੇ ਪਾਣੀਆਂ ਲਈ ਦ੍ਰਿੜਤਾ ਨਾਲ ਪਹਿਰਾ ਦੇਣਾ ਚਾਹੀਦਾ ਹੈ।

## ਪੰਜਾਬ ਦੇ ਪਾਣੀਆਂ ਦੀ ਲੁੱਟ ਦਾ ਟਾਈਮ ਟੇਬਲ

ਸੁਪਰੀਮ ਕੋਰਟ ਵਿਚੋਂ ਪਟੀਸ਼ਨਾਂ ਵਾਪਸ ਲੈਣ ਦਾ ਫ਼ੈਸਲਾ। ਸਮਝੌਤੇ ਅਨੁਸਾਰ ਕੁੱਲ ਪਾਣੀ 171.7 ਲੱਖ ਏਕੜ ਫੁੱਟ। ਪੰਜਾਬ- 42.2 ਲੱਖ ਏਕੜ ਫੁੱਟ। ਹਰਿਆਣਾ- 35 ਲੱਖ ਏਕੜ ਫੁੱਟ। ਰਾਜਸਥਾਨ- 86 ਲੱਖ ਏਕੜ ਫੁੱਟ। ਜੰਮੂ-ਕਸ਼ਮੀਰ- 6.5 ਲੱਖ ਏਕੜ ਫੁੱਟ। ਦਿੱਲੀ- 2 ਲੱਖ ਏਕੜ ਫੁੱਟ।

- ➢ 8 ਅਪਰੈਲ 1982 ਨੂੰ ਕਪੂਰੀ ਵਿਖੇ ਤਤਕਾਲੀ ਪ੍ਰਧਾਨ ਮੰਤਰੀ ਵੱਲੋਂ ਐੱਸਵਾਈਐੱਲ ਦਾ ਨੀਂਹ ਪੱਥਰ।
- ➢ ਅਕਾਲੀ ਦਲ ਅਤੇ ਸੀਪੀਐੱਮ ਨੇ ਮੋਰਚਾ ਲਗਾਉਣ ਦਾ ਕੀਤਾ ਐਲਾਨ।
- ➢ ਮੋਰਚਾ ਧਰਮ ਯੁੱਧ ਵਿੱਚ ਤਬਦੀਲ ਕੀਤਾ।
- ➢ ਜੂਨ 1984, ਸਾਕਾ ਨੀਲਾ ਤਾਰਾ। ਅਕਤੂਬਰ 1984 ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ, ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ ਸਿੱਖ ਕਤਲੇਆਮ। 24 ਜੁਲਾਈ 1985 ਰਾਜੀਵ-ਲੌਂਗੋਵਾਲ ਸਮਝੌਤਾ।
- ➢ ਜੁਲਾਈ 1990 ਵਿਚ ਖਾੜਕੂਆਂ ਵੱਲੋਂ ਇਕ ਚੀਫ਼ ਇੰਜਨੀਅਰ ਤੇ ਇਕ ਨਿਗਰਾਨ ਇੰਜਨੀਅਰ ਦਾ ਕਤਲ ਕਰਨ ਤੋਂ ਬਾਅਦ ਨਹਿਰ ਦੀ ਖੁਦਾਈ ਦਾ ਕੰਮ ਬੰਦ। ਸਮਝੌਤੇ ਅਨੁਸਾਰ ਪਹਿਲੀ ਜੁਲਾਈ 85 ਤੱਕ ਮਿਲਣ ਵਾਲਾ ਪਾਣੀ ਰਾਜਾਂ ਨੂੰ ਮਿਲਦਾ ਰਹੇਗਾ, ਵਾਧੂ ਪਾਣੀ ਦੀ ਵੰਡ ਲਈ ਜਸਟਿਸ ਬਾਲਾ ਕ੍ਰਿਸ਼ਨ ਇਰਾਦੀ ਦੀ ਪ੍ਰਧਾਨਗੀ ਵਿੱਚ ਕਮਿਸ਼ਨ ਦਾ ਗਠਨ। 20 ਅਗਸਤ 1985 ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਕਤਲ।
- ➢ ਸੁਪਰੀਮ ਕੋਰਟ ਦਾ ਫ਼ੈਸਲਾ 2004 ਤੱਕ ਨਹਿਰ ਮੁਕੰਮਲ ਕਰਨ ਦਾ ਹੁਕਮ।
- ➢ 12 ਜੁਲਾਈ 2004 ਪੰਜਾਬ ਵਿਧਾਨ ਸਭਾ ਵੱਲੋਂ ਜਲ ਸਮਝੌਤੇ ਰੱਦ ਕਰਨ ਦਾ ਕਾਨੂੰਨ ਪਾਸ।
- ➢ ਕੇਂਦਰ ਨੇ ਕਾਨੂੰਨ ਰਾਸਟਰਪਤੀ ਦੀ ਸਲਾਹ ਲਈ ਭੇਜਿਆ।
- ➢ ਸੁਪਰੀਮ ਕੋਰਟ ਵੱਲੋਂ 12 ਸਾਲ ਬਾਅਦ 2016 ਵਿੱਚ ਸਲਾਹ ਦੇਣ ਲਈ ਸੁਣਵਾਈ ਸ਼ੁਰੂ।
- ➢ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਜ਼ਮੀਨਾਂ ਕਿਸਾਨਾਂ ਨੂੰ ਵਾਪਸ ਦੇਣ ਦਾ ਐਲਾਨ।
- ➢ 14 ਮਾਰਚ 2016 ਨੂੰ ਪੰਜਾਬ ਵਿਧਾਨ ਸਭਾ ਵੱਲੋਂ ਜ਼ਮੀਨ ਵਾਪਸ ਕਰਨ ਵਾਲਾ ਬਿਲ ਸਰਬਸੰਮਤੀ ਨਾਲ ਪਾਸ।
- ➢ 15 ਮਾਰਚ ਨੂੰ ਪੰਜਾਬ ਦੇ ਰਾਜਪਾਲ ਨੂੰ ਮਿਲਿਆ ਸਰਬਦਲੀ ਵਿਧਾਇਕਾਂ ਦਾ ਡੈਲੀਗੇਸ਼ਨ। ਕਿਸਾਨਾਂ ਨੂੰ ਜ਼ਮੀਨ ਦਾ ਕਾਬਜ਼ ਦਵਾਉਣਾ ਸ਼ੁਰੂ।
- ➢ 17 ਮਾਰਚ ਹਰਿਆਣਾ ਦੀ ਪਟੀਸ਼ਨ ਉੱਤੇ ਸੁਪਰੀਮ ਕੋਰਟ ਵੱਲੋਂ ਸਥਿਤੀ ਜਿਉਂ ਦੀ ਤਿਉਂ ਰੱਖਣ ਦਾ ਹੁਕਮ। 18 ਮਾਰਚ ਵਿਧਾਨ ਸਭਾ ਵੱਲੋਂ ਇੱਕ ਹੋਰ ਮਤਾ ਪਾਸ ਕਰ ਕੇ ਪਾਣੀ ਲਈ ਹਰ ਕੁਰਬਾਨੀ ਕਰਨ ਦਾ ਮੁੱਖ ਮੰਤਰੀ ਨੇ ਦੁਹਰਾਇਆ ਇਰਾਦਾ। ਹਰਿਆਣਾ ਨੂੰ ਭਿਜਵਾਇਆ ਜ਼ਮੀਨ ਐਕੁਆਇਰ ਕਰਨ ਲਈ ਦਿੱਤਾ ਪੈਸਾ।+

## ਪੰਜਾਬ ਦਾ ਲੱਜਪਾਲ ਪੁੱਤਰ ਪੋਰਸ

ਵੱਡੇ ਵੱਡੇ ਸੂਰਮੇ ਵੇਖੇ ਨੇ ਜਿਨ੍ਹਾਂ ਨਾਲ ਮੈਨੂੰ ਮੁਕਾਬਲਾ ਕਰਨਾ ਪੈ ਰਿਹਾ ਹੈ। ਮੈਂ ਪੰਜਾਬ ਵਿਚ ਆਪਣੇ ਲਈ ਬੜੀਆਂ ਵੱਡੀਆਂ ਰੁਕਾਵਟਾਂ ਵੇਖ ਰਿਹਾ ਹਾਂ। ਪਲੂਟਾਰਚ ਲਿਖਦਾ ਹੈ-ਪੋਰਸ ਨਾਲ ਹੋਈ ਜੰਗ ਤੇ ਹੋਰ ਝੜਪਾਂ ਨੇ ਮਕਦੂਨੀਆਂ ਦੇ ਹੌਸਲੇ ਬਿਲਕੁਲ ਢਾਹ ਦਿਤੇ। ਇਸ ਦੀ ਵਜ੍ਹਾ ਇਹ ਸੀ ਕਿ ਸਿਕੰਦਰ ਦੀਆਂ ਫ਼ੌਜਾਂ ਨੂੰ ਪੰਜਾਬ ਵਿਚ ਬਹੁਤ ਜ਼ਿਆਦਾ ਮਾਰ ਖਾਣੀ ਪਈ। ਸਿਕੰਦਰ ਘਰੋਂ ਦੁਨੀਆ ਫਤਹਿ ਕਰਨ ਲਈ ਨਿਕਲਿਆ ਸੀ ਪਰ ਪੰਜਾਬ ਦੇ ਜੰਗੀ ਸਫਰ ਵਿਚ ਉਸ ਨੂੰ ਸਭ ਤੋਂ ਵੱਡੇ ਤੇ ਖਤਰਨਾਕ ਮੁਕਾਬਲੇ ਦਾ ਸਾਹਮਣਾ ਕਰਨਾ ਪਿਆ। ਇਸ ਲਈ ਸਿਕੰਦਰ ਦੀਆਂ ਫ਼ੌਜਾਂ ਨੇ ਲੜਨ ਤੋਂ ਇਨਕਾਰ ਕਰ ਦਿੱਤਾ। ਇਸ ਪ੍ਰੇਸ਼ਾਨੀ ਦੇ ਆਲਮ ਵਿਚ ਸਿਕੰਦਰ ਪੰਜ ਦਿਨ ਆਪਣੇ ਖੇਮੇ ਵਿਚੋਂ ਬਾਹਰ ਨਹੀਂ ਨਿਕਲਿਆ। ਆਖਰ ਆਪਣੇ ਕਮਾਂਡਰਾਂ ਨਾਲ ਮਸ਼ਵਰਾ ਕਰਨ ਤੋਂ ਬਾਅਦ ਉਸ ਨੇ ਵਾਪਸੀ ਦਾ ਰਸਤਾ ਫੜਿਆ। ਤਾਰੀਖੀ ਤੌਰ 'ਤੇ ਇਹ ਗੱਲ ਪੱਕੀ ਹੈ ਕਿ ਸਿਕੰਦਰ ਦੇ ਰਸਤੇ ਵਿਚ ਜੇ ਕਦੇ ਪੋਰਸ ਨਾ ਆਉਂਦਾ ਤਾਂ ਸਿਕੰਦਰ ਦਾ ਦੁਨੀਆ ਫਤਹਿ ਕਰਨ ਦਾ ਸੁਪਨਾ ਪੂਰਾ ਹੋ ਜਾਣਾ ਸੀ।

ਪੋਰਸ ਦੀ ਮੌਤ ਜਿਹਲਮ ਦੇ ਕੰਢੇ ਉਸ ਦੀ ਆਪਣੀ ਰਾਜਧਾਨੀ ਵਿਚ ਹੋਈ। ਉਸ ਵਕਤ ਪੋਰਸ ਦੀ ਉਮਰ 45 ਵਰ੍ਹੇ ਸੀ। 317 ਈਸਾ ਪੂਰਬ ਵਿਚ ਚੰਦਰ ਗੁਪਤ ਮੌਰੀਆ ਨੇ ਸਾਜ਼ਿਸ਼ ਕਰ ਕੇ ਪੋਰਸ ਦਾ ਕਤਲ ਕਰਵਾ ਦਿੱਤਾ। ਪੋਰਸ ਦੀ ਰਿਆਸਤ ਖਤਮ ਕਰ ਕੇ ਚੰਦਰ ਗੁਪਤ ਨੇ ਉਸ ਨੂੰ ਹਿੰਦੋਸਤਾਨ ਵਿਚ ਸ਼ਾਮਿਲ ਕਰ ਲਿਆ।

ਪੰਜਾਬ ਨੂੰ ਹਮੇਸ਼ਾ ਲੁਟੇਰੇ ਟੋਲਿਆਂ ਨੇ ਤਬਾਹ ਕੀਤਾ। ਪਿਛਲੇ ਚਾਰ ਹਜ਼ਾਰ ਸਾਲਾਂ ਤੋਂ ਪੰਜਾਬ ਵਿਚ ਜ਼ੁਲਮ ਦੀ ਹੋਲੀ ਖੇਡੀ ਜਾ ਰਹੀ ਹੈ। ਇਹ ਜ਼ੁਲਮ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੈ। ਇਕ ਗੱਲ ਬੜੀ ਚੰਗੀ ਤੇ ਹੌਸਲੇ ਵਾਲੀ ਹੈ ਕਿ ਇਸ ਧਰਤੀ ਦਿਆਂ ਪੁੱਤਰਾਂ ਨੇ ਜ਼ੁਲਮ ਸਹਿ ਕੇ ਵੀ ਸੀ ਨਹੀਂ ਕੀਤੀ, ਬਲਕਿ ਬੜੇ ਹੌਸਲੇ ਤੇ ਦਲੇਰੀ ਨਾਲ ਜ਼ਾਲਮ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ।

## ਤਿੰਨ ਦਹਾਕੇ ਬਾਅਦ ਪੈਰੋਲ 'ਤੇ ਆਇਆ ਭਾਈ ਹਰਨੇਕ ਸਿੰਘ ਭੱਪ

ਘਰ ਵਿਚ ਮਾਂ ਦੀਆਂ ਅੱਖਾਂ ਵੱਲ ਝਾਕਣ ਦੀ ਹਿੰਮਤ ਹੀ ਨਹੀ ਸੀ ਪੈਂਦੀ। ਮਾਤਾ ਨੇ ਸਿੱਖੀ ਦੀ ਸ਼ਾਨ ਲਈ ਆਪਣਾ ਸਭ ਕੁਝ ਦਾਅ ਉਪਰ ਲਾ ਦਿੱਤਾ।

ਉਜਾੜਾ ਸਬਦ ਲਿਖਣਾ ਤੇ ਬੋਲਣਾ ਬੜਾ ਸਹਿਜ ਹੈ ਪਰ ਜੇ ਉਜਾੜਾ ਦੇਖਣਾ ਹੋਵੇ ਤਾਂ ਬੁਟਾਹਰੀ ਪਿੰਡ ਵਿਚ ਸੂਬੇਦਾਰ ਤਾਰਾ ਸਿੰਘ ਦੇ ਘਰ ਗੇੜਾ ਮਾਰਕੇ ਆਓ। ਜਿਹੜੇ ਕਹਿੰਦੇ ਰਹਿੰਦੇ ਨੇ ਕਿ ਖਾੜਕੂਆਂ ਨੇ ਲੁੱਟਾਂ-ਖੋਹਾਂ ਕਰਕੇ ਬਹੁਤ ਪੈਸਾ ਇਕੱਠਾ ਕੀਤਾ ਤੇ ਕੋਠੀਆਂ-ਕਾਰਾਂ ਬਣਾ ਲਈਆਂ, ਉਹ ਜਾ ਕੇ ਪੜਤਾਲ ਕਰ ਲੈਣ ਕਿ ਕਿਵੇਂ ਇਸ ਜੁਝਾਰੂ ਦੀ ਮਾਂ ਦਿਨ ਕੱਟਦੀ ਰਹੀ ਤੇ ਕਿਵੇਂ ਡਿੱਗਦੀ ਛੱਤ ਹੇਠ ਰਾਤਾਂ ਕੱਟਦੀ ਰਹੀ ਤੇ ਜਦ ਮੀਂਹ ਆ ਜਾਂਦਾ ਤਾਂ ਖੂੰਜੇ ਲੱਗਕੇ ਰਾਤ ਕੱਟ ਲੈਂਦੀ। ਉਹ ਵੀ ਦਿਨ ਸਨ ਜਦ ਲੋਕ ਸਰਕਾਰੀ ਦਹਿਸ਼ਤ ਕਾਰਨ ਮਾਤਾ ਨੂੰ ਬੁਲਾਉਣ ਤੋਂ ਵੀ ਡਰਦੇ ਸੀ, ਕਿਉਂਕਿ ਪੁਲੀਸ ਅਕਸਰ ਹੀ ਪਿੰਡ ਦੇ ਲੋਕਾਂ ਨੂੰ ਫੜ ਕੇ ਕੁਟਾਪਾ ਚਾੜ੍ਹਦੀ ਰਹਿੰਦੀ ਸੀ। ਕੌਣ ਬਿਗਾਨੀ ਅੱਗ ਵਿਚ ਮੱਚਦਾ ਹੈ ?

ਸਤਾਰਾਂ ਸਾਲ ਭਾਈ ਭੱਪ ਸਿੱਖ ਸੰਘਰਸ਼ ਵਿਚ ਸਰਗਰਮ ਰਹਿਣ ਮਗਰੋਂ ਜਦ ਪੁਲੀਸ ਦੇ ਹੱਥ ਚੜ੍ਹ ਗਿਆ ਤਾਂ ਉਸ ਦੇ ਜਾਣਕਾਰ ਗਵਾਹੀ ਦਿੰਦੇ ਸਨ ਕਿ ਅੱਜ ਤੱਕ ਇਕ ਰੁਪਈਆ ਵੀ ਘਰ ਨਹੀਂ ਭੇਜਿਆ। ਸਰਕਾਰ ਨੇ ਉਸ ਦੇ ਸਿਰ ਦਾ 20 ਲੱਖ ਇਨਾਮ ਰੱਖਿਆ ਹੋਇਆ ਸੀ। ਮੰਡੀ ਅਹਿਮਦਗੜ੍ਹ ਦੇ ਇਲਾਕੇ ਵਿਚ ਕਿਸੇ ਵੀ ਹਿੰਦੂ ਦੁਕਾਨਦਾਰ ਨੂੰ ਭਾਈ ਭੱਪ ਦੇ ਹੁੰਦਿਆਂ ਕਦੇ ਕਿਸੇ ਲੁਟੇਰੇ ਦਾ ਡਰ ਨਹੀਂ ਸੀ ਹੁੰਦਾ।

ਹੁਣ ਭਾਈ ਭੱਪ ਜੈਪੁਰ ਜੇਲ ਵਿਚੋਂ ਪੈਰੋਲ ਉਤੇ ਘਰ ਆਇਆ ਹੈ ਪਰ ਪੰਜਾਬ ਤੋਂ ਦੂਰ ਜੈਪੁਰ ਜੇਲ੍ਹ ਵਿਚ ਵੀ ਉਹ ਵਾਹਿਗੁਰੂ ਦਾ ਸ਼ੁਕਰ ਗੁਜਾਰ ਹੈ ਕਿ ਕੌਮ ਦੀ ਸੇਵਾ ਕੀਤੀ ਹੈ। ਪਰ ਕਦੇ ਕਦਾਈਂ ਤਾਂ ਉਹਦੇ ਦਿਲ ਵਿਚ ਖਿਆਲ ਆਉਂਦਾ ਹੀ ਹੋਵੇਗਾ ਕਿ ਜਿਸ ਕੌਮ ਲਈ ਘਰ-ਬਾਰ ਛੱਡਿਆ, ਜਿਸ ਕੌਮ ਲਈ ਮਾਪਿਆਂ ਤੇ ਭਰਾਵਾਂ ਨੇ ਜੁਲਮ ਝੱਲਿਆ, ਕੀ ਉਸ ਕੌਮ ਨੂੰ ਪਤਾ ਵੀ ਹੈ ਕਿ ਉਹ ਜੈਪੁਰ ਜੇਲ ਦੀਆਂ ਕਾਲ ਕੋਠੜੀਆਂ ਪਿਛੇ ਨਜ਼ਰਬੰਦ ਹੈ। ਹੁਣ ਐਡੀ ਦੂਰ ਉਹਦੀ ਮਾਤਾ ਤਾਂ ਵਾਰ-ਵਾਰ ਜਾ ਨਹੀਂ ਸਕਦੀ। ਕੀ ਕਿਸੇ ਦੇ ਦਿਲ ਵਿਚ ਆਇਆ ਕਿ ਜੇ ਏਹਦੇ ਭਰਾ ਠੀਕ ਹੁੰਦੇ ਤਾਂ ਆਪੇ ਪੈਰਵਾਈ ਕਰਦੇ, ਪਰ ਜੇ ਉਹ ਕੁਝ ਕਰਨ ਜੋਗੇ ਨਹੀਂ ਤਾਂ ਮੈਂ ਖੁਦ ਕਿਉਂ ਨਾ ਤਰੀਕ ਵਾਲੇ ਦਿਨ ਅਦਾਲਤ ਚਲਾ ਜਾਇਆਂ ਕਰਾਂ। ਅਦਾਲਤਾਂ ਵਿਚ ਤਾਂ ਵਕੀਲ ਵੀ ਖੁਦ ਸੱਦਕੇ ਲਿਆਉਣੇ ਪੈਂਦੇ ਨੇ। ਕੀ ਜੈਪੁਰ ਦੇ ਕਿਸੇ ਸਿੱਖ ਦੇ ਮਨ ਵਿਚ ਆਇਆ ਹੋਵੇਗਾ ਕਿ ਵਕੀਲ ਨੂੰ ਹੀ ਅਵਾਜ਼ ਮਾਰ ਦਿਆਂ ਕਰਾਂਗੇ। ਪਰ ਭਾਈ ਭੱਪ ਨੂੰ ਪਿਆਰ ਕਰਨ ਵਾਲੇ, ਉਹਦੇ ਕੌਮੀ ਜਜ਼ਬੇ ਦੀ ਕਦਰ ਕਰਨ ਵਾਲੇ, ਉਹਦੀ ਪੰਥਕ ਘਾਲਣਾ ਨੂੰ ਸਲਾਮ ਕਰਨ ਵਾਲੇ ਜੈਪੁਰ ਵੀ ਪਹੁੰਚਦੇ ਰਹੇ। ਹੁਣ ਪੈਰੋਲ ਮਿਲ ਗਈ ਹੈ ਤਾਂ ਜੇਲ੍ਹ ਬਦਲੀ ਕਰਵਾ ਕੇ ਪੰਜਾਬ ਲਿਆਉਣ ਲਈ ਕਾਨੂੰਨੀ ਚਾਰਾਜੋਈ ਕਰਨ ਦੀ ਲੋੜ ਹੈ।

## ਨਫ਼ਰਤੀ ਭੀੜਤੰਤਰ ਅਤੇ ਸਰਕਾਰੀ ਭਗਵਾਂਵਾਦ

ਦੀਮਪੁਰ (ਆਸਾਮ) ਵਿੱਚ 2015 ਵਿੱਚ ਫਰੀਦਖਾਨ ਨੂੰ ਇਸ ਕਰਕੇ ਭੀੜ ਨੇ ਮਾਰ ਦਿੱਤਾ ਕਿ ਉਸ ਨੇ ਦੂਜੇ ਫਿਰਕੇ ਦੀ ਇੱਕ ਲੜਕੀ ਨਾਲ ਬਲਾਤਕਾਰ ਕੀਤਾ ਸੀ। ਸ੍ਰੀਨਗਰ ਵਿੱਚ ਮੁਸਲਿਮ ਹਜੂਮ ਨੇ ਡੀ.ਐਸ.ਪੀ. ਅਯੂਬ ਨੂੰ ਮਸਜਿਦ ਸਾਹਮਣੇ ਕੁੱਟ ਕੁੱਟ ਕੇ ਮਾਰ ਦਿੱਤਾ। ਰਾਜਸਥਾਨ ਦੇ ਅਲਵਰ ਵਿੱਚ ਪਹਿਲੂ ਖਾਨ ਨਾਂਅ ਦੇ ਵਿਅਕਤੀ ਦਾ ਕਤਲ ਕਿਸੇ ਤੋਂ ਭੁਲਿਆ ਨਹੀਂ। ਪਰ ਇਨ੍ਹਾ ਘਟਨਾਵਾਂ ਵਿੱਚੋਂ ਬਹੁਤੀਆਂ ਘਟਨਾਵਾਂ ਪ੍ਰਤੀ ਸਰਕਾਰੀ ਅਧਿਕਾਰੀਆਂ ਦੀ ਇਨ੍ਹਾ ਘਟਨਾਵਾਂ ਤੋਂ ਬਾਅਦ ਵਿਖਾਈ ਬੇਰੁਖੀ ਵੱਡੇ ਸਵਾਲ ਖੜੇ ਕਰਦੀ ਹੈ। ਬਹੁਤ ਘੱਟ ਲੋਕਾਂ ਨੂੰ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਸਜ਼ਾ ਮਿਲੀ। ਇਸ ਤੋਂ ਹੀ ਬਹੁਤ ਘੱਟ ਲੋਕਾਂ ਨੂੰ ਗੋਧਰਾ ਕਾਂਡ ਦੇ ਮਾਮਲੇ ਵਿੱਚ ਇਨਸਾਫ਼ ਮਿਲਿਆ। ਪਰ ਇਨ੍ਹਾ ਸਾਰੀਆਂ ਘਟਨਾਵਾਂ ਨੂੰ ਸਿਆਸੀ ਰੰਗਣ ਦੇ ਕੇ ਲਗਾਤਾਰ ਲਟਕਾਇਆ ਗਿਆ। ਕਮਿਸ਼ਨ ਬਣੇ, ਸਪੈਸ਼ਲ ਇਨਵਿਰਸਟੀਗੇਸ਼ਨ ਕਰਵਾਈਆਂ ਗਈਆਂ, ਪਰ ਬਹੁਤੀਆਂ ਹਾਲਤਾਂ ਵਿੱਚ ਇਨ੍ਹਾ ਘਟਨਾਵਾਂ ਦਾ ਸਿਆਸੀਕਰਨ ਹੋਇਆ। ਭਾਰਤੀ ਲੋਕਤੰਤਰ ਵਿੱਚ ਹਰ ਧਰਮ, ਫਿਰਕੇ, ਜਾਤ ਦੇ ਲੋਕਾਂ ਨੂੰ ਬਰਾਬਰ ਦੇ ਅਧਿਕਾਰ, ਭਾਰਤ ਦੇ ਸੰਵਿਧਾਨ ਅਨੁਸਾਰ ਮਿਲੇ ਹੋਏ ਹਨ। ਜੇਕਰ ਉਨ੍ਹਾ ਅਧਿਕਾਰਾਂ ਦੀ ਰੱਖਿਆ ਕਰਨ ਵਿਚ ਸਰਕਾਰਾਂ ਅਸਮਰਥ ਰਹਿੰਦੀਆਂ ਹਨ ਤਾਂ ਇਹ ਉਨ੍ਹਾ ਲੋਕਾਂ ਦੇ ਮਨਾਂ ਵਿਚ ਡਾਹਢਾ ਰੋਸ ਪੈਦਾ ਕਰੇਗਾ, ਜਿਨ੍ਹਾ ਨੂੰ ਡਰਾਕੇ ਉਨ੍ਹਾ ਦੇ ਹੱਕ ਕਿਸੇ ਤਾਕਤਵਰ ਧਿਰ ਵੱਲੋਂ ਖੋਹੇ ਜਾਂਦੇ ਹਨ। ਅਸਲ ਵਿੱਚ ਇਹ ਕਾਰਵਾਈ ਸਰਕਾਰਾਂ ਦੀ ਆਪਣੇ ਫ਼ਰਜ਼ਾਂ ਵਿਚ ਕੋਤਾਹੀ ਵਜੋਂ ਵੇਖੀ ਜਾਵੇਗੀ।

ਲੋੜ ਇਸ ਗੱਲ ਦੀ ਹੈ ਕਿ ਦੇਸ਼ ਵਿਚ ਦੇਸ਼ ਦਾ ਕਾਨੂੰਨ ਆਪਣੇ ਹੱਥ ਲੈ ਕੇ ਆਪ ਹੁਦਰੀਆਂ ਕਰਨ ਵਾਲਿਆਂ ਨੂੰ ਸਖਤੀ ਨਾਲ ਰੋਕਣ ਦਾ ਪ੍ਰਬੰਧ ਕੀਤਾ ਜਾਵੇ।

## ਆਓ ਤੰਬਾਕੂ ਨੂੰ ਅਲਵਿਦਾ ਕਹੀਏ.. .

ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਸਰਕਾਰਾਂ ਦੁਆਰਾ ਤੰਬਾਕੂ ਵਿਕਰੀ ਨੂੰ ਇਜਾਜ਼ਤ ਦੇ ਕੇ ਉਨ੍ਹਾਂ ਦੁਆਰਾ ਹੋਣ ਵਾਲੀ ਆਮਦਨ ਨਾਲ ਫਿਰ ਤੰਬਾਕੂ ਦੁਆਰਾ ਹੋਏ ਕੈਂਸਰ ਜਾਂ ਹੋਰ ਘਾਤਕ ਬੀਮਾਰੀਆਂ ਲਈ ਹਸਪਤਾਲ ਖੋਲ੍ਹੇ ਜਾਦੇ ਹਨ, ਮੁਫਤ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ। ਤੰਬਾਕੂ ਤੋਂ ਹੋਏ ਮੁਨਾਫੇ ਨਾਲ ਦੇਸ਼ ਵਿਚ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਖੋਲ੍ਹੀਆਂ ਜਾਂਦੀਆਂ ਹਨ ਫਿਰ ਉਨ੍ਹਾਂ ਵਿਦਿਅਕ ਅਦਾਰਿਆਂ ਵਿਚ 'ਨਸ਼ੇ ਬਹੁਤ ਮਾਰੂ ਹਨ' ਪੜ੍ਹਾਇਆ ਜਾਂਦਾ ਹੈ। ਸਰਕਾਰਾਂ ਦੁਆਰਾ ਤੰਬਾਕੂ ਅਤੇ ਹੋਰ ਘਾਤਕ ਨਸ਼ਿਆਂ ਤੋਂ ਹੋਣ ਵਾਲੀ ਆਮਦਨ ਦੇਖੀ ਜਾਂਦੀ ਹੈ ਪਰ ਉਨ੍ਹਾਂ ਦੁਆਰਾ ਹੋਣ ਵਾਲਾ ਘਾਣ ਕਦੇ ਨਹੀਂ ਦੇਖਿਆ ਜਾਂਦਾ । ਤੰਬਾਕੂਨੋਸ਼ੀ ਨਾਲ ਦੇਸ਼ ਦਾ ਆਉਣ ਵਾਲਾ ਭਵਿੱਖ ਕਾਲਾ ਹੋ ਰਿਹਾ ਹੈ। ਜਿਨ੍ਹਾਂ ਵੱਲੋਂ ਤੰਬਾਕੂ ਦਾ ਸੇਵਨ ਨਹੀਂ ਕੀਤਾ ਜਾਦਾਂ ਉਨ੍ਹਾਂ 'ਤੇ ਵੀ ਇਸ ਦਾ ਮਾਰੂ ਪ੍ਰਭਾਵ ਥੋੜਾ ਬਹੁਤ ਜ਼ਰੂਰ ਪੈਂਦਾ ਹੈ। ਇਸ ਨਾਲ ਸਾਡੇ ਸਮਾਜ ਵਿਚ ਆਉਣ ਵਾਲੀਆਂ ਨਸਲਾਂ ਦੀ ਸਰੀਰਕ ਤਾਕਤ, ਰੰਗ ਰੂਪ, ਸੁਭਾਅ ਤੇ ਸਰੀਰਕ ਢਾਂਚਾ ਹੌਲੀ-ਹੌਲੀ ਬਦਲ ਰਿਹਾ ਹੈ, ਜਿਸ ਦੇ ਭਵਿੱਖ ਵਿਚ ਗੰਭੀਰ ਨਤੀਜੇ ਨਿਕਲ ਸਕਦੇ ਹਨ। ਇਸ ਕਰ ਕੇ ਆਮ ਲੋਕਾਂ ਤੇ ਸਰਕਾਰਾਂ ਨੂੰ ਹਰ ਹੀਲੇ ਇਸ ਭਿਆਨਕ ਨਸ਼ੇ ਨੂੰ ਪੂਰਨ ਰੂਪ ਵਿਚ ਤਿਆਗ ਕੇ ਮਾਨਵਤਾ ਪ੍ਰਤੀ ਆਪਣੀ ਸੁਹਿਰਦਤਾ ਤੇ ਜਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

## ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ

ਸਵੈ-ਨਿਰਭਰ ਬਣਾਇਆ। ਇਕ ਪਾਸੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੰਪੂਰਨਤਾ ਕਰਕੇ ਸਿੱਖ ਸੰਗਤ ਨੂੰ ਇਕ ਨਵਾਂ ਧਰਮ ਕੇਂਦਰ ਬਖਸ਼ਿਆ, ਦੂਜੇ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਗੁਰੂ ਵਿਰਸੇ ਦੀ ਨਾ ਕੇਵਲ ਸੰਭਾਲ ਕੀਤੀ, ਸਗੋਂ ਸਿੱਖ ਜਗਤ ਨੂੰ ਗੁਰਬਾਣੀ ਨਾਲ ਜੁੜਨ ਦਾ ਵਸੀਲਾ ਵੀ ਪ੍ਰਦਾਨ ਕੀਤਾ। ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਸ਼ਬਦ ਕੀਰਤਨ ਦੀ ਇਲਾਹੀ ਦਾਤ ਨਾਲ ਜੋੜਿਆ ਅਤੇ ਹਰ ਸਿੱਖ ਨੂੰ ਆਪ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ। ਸ੍ਰੀ ਅੰਮ੍ਰਿਤਸਰ ਸ਼ਹਿਰ ਨੂੰ ਹਰ ਪੱਖੋਂ ਉਜਾਗਰ ਕਰਨ ਲਈ ਵਪਾਰੀਆਂ, ਕਿਸਾਨਾਂ ਅਤੇ ਮਿਹਨਤੀ ਕਾਰੀਗਰਾਂ ਨੂੰ ਕੰਮ/ਰੁਜ਼ਗਾਰ ਵਿਚ ਮਾਲੀ ਮਦਦ ਕਰਕੇ ਉਨ੍ਹਾਂ ਦੇ ਕਾਰੋਬਾਰ ਤੋਰੇ। ਧਰਮ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਹਿਤ ਦਸਵੰਧ ਦੀ ਪ੍ਰਥਾ ਨੂੰ ਵਿਕਸਿਤ ਕੀਤਾ, ਜਿਸ ਨਾਲ ਸਿੱਖ ਸੰਗਠਨ ਆਰਥਿਕ ਪੱਖੋਂ ਮਜ਼ਬੂਤ ਹੋਇਆ। ਗੁਰੂ ਪਾਤਸ਼ਾਹ ਜੀ ਨੇ ਮਨੁੱਖੀ ਭਲਾਈ ਦੇ ਕਾਰਜ ਆਰੰਭੇ ਜਿਵੇਂ- ਭਿਆਨਕ ਰੋਗੀਆਂ ਅਤੇ ਕੋਹੜੀਆਂ ਦੇ ਇਲਾਜ ਲਈ ਵਿਸ਼ੇਸ਼ ਪ੍ਰਬੰਧ ਤਰਨ ਤਾਰਨ ਸਾਹਿਬ ਵਿਖੇ ਕੀਤਾ। ਇਸੇ ਤਰ੍ਹਾਂ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਵਾਸਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦੀ ਖੁਸ਼ੀ ਅੰਦਰ ਛੇਹਰਟਾ ਸਾਹਿਬ ਵਿਖੇ ਖੂਹ ਲਗਵਾਇਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਸ੍ਰੇਸ਼ਟ ਦੇਣ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੈ, ਜਿਸ ਵਿੱਚ ਪੰਜ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਪੰਦਰ੍ਹਾਂ ਭਗਤਾਂ ਅਤੇ ਹੋਰ ਗੁਰਸਿੱਖਾਂ ਦੀ ਬਾਣੀ ਸ਼ਾਮਲ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ-ਸਾਂਝੀਵਾਲਤਾ ਅਤੇ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਪ੍ਰਤੀਕ ਹੈ। ਇਹ ਪਾਵਨ ਬਾਣੀ ਸਾਰੀ ਮਨੁੱਖਤਾ ਨੂੰ ਪ੍ਰਭੂ ਪਿਆਰ ਨਾਲ ਜੋੜਦੀ ਹੋਈ, ਮਨੁੱਖੀ ਭਾਈਚਾਰੇ ਦਾ ਸੰਕਲਪ ਪੇਸ਼ ਕਰਦੀ ਹੈ, ਜਿਸ ਵਿੱਚ ਕੋਈ ਊਚ-ਨੀਚ, ਜਾਤ-ਪਾਤ, ਅਮੀਰ-ਗਰੀਬ ਅਤੇ ਰੰਗ ਰੂਪ ਦਾ ਭੇਦ ਨਹੀਂ ਜੋ-ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ਦੀ ਭਾਵਨਾ ਦ੍ਰਿੜ੍ਹ ਕਰਵਾਉਂਦੀ ਹੈ। ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਰਬ ਮਨੁੱਖਤਾ ਹਿੱਤ ਪਿਆਰ ਅਤੇ ਸੇਵਾ ਕਾਰਨ ਸਿੱਖੀ ਬਹੁਤ ਪ੍ਰਫੱਲਤ ਹੋਈ।

ਜਿੰਨੀ ਮਹਾਨ ਅਤੇ ਸੱਚੀ-ਸੁੱਚੀ ਕਿਸੇ ਦੀ ਸ਼ਖ਼ਸੀਅਤ ਹੁੰਦੀ ਹੈ, ਓਨਾ ਹੀ ਵਧੇਰੇ ਉਸ ਸ਼ਖ਼ਸੀਅਤ ਦੀ ਕੁਰਬਾਨੀ ਦਾ ਲੋਕ ਮਨਾਂ 'ਤੇ ਪ੍ਰਤੀਕਰਮ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਆਪ ਪ੍ਰਤੱਖ ਪਰਮਾਤਮਾ ਦਾ ਰੂਪ ਸਨ। ਆਪ ਜੀ ਸੇਵਾ, ਸਿਮਰਨ, ਸਹਿਨਸ਼ੀਲਤਾ ਅਤੇ ਰੱਬੀ ਭਾਣੇ ਦੀ ਸਾਕਾਰ ਮੂਰਤ ਸਨ। ਗੁਰੂ ਪਾਤਸ਼ਾਹ ਜੀ ਨੇ ਸਰਬ ਮਨੁੱਖਤਾ ਨੂੰ ਸੱਚਾ ਜੀਵਨ ਜਿਊਣ ਦਾ ਮਾਰਗ ਦੱਸਿਆ ਅਤੇ ਆਪਣੀ ਸ਼ਹੀਦੀ ਰਾਹੀਂ ਸੱਚ ਲਈ ਸ਼ਹੀਦ ਹੋਣ ਦੇ ਪੂਰਨੇ ਪਾਏ।

ਪੰਚਮ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਭਾਈ ਸੰਤੋਖ ਸਿੰਘ ਜੀ 'ਸੂਰਜ ਪ੍ਰਕਾਸ਼' ਅੰਦਰ ਇਸ ਤਰ੍ਹਾਂ ਲਿਖਦੇ ਹਨ-

ਸ੍ਰੀ ਅਰਜਨ ਸ੍ਰੋਤਾ ਅਰਜ, ਸਿਰਜਨ ਆਰਜਤਾਯ।<br>
ਲਰਜਤਿ ਜਮ ਜਿਨ ਨਾਮ ਤੇ, ਬੰਦੋਂ ਤਿਨ ਜੁਗ

ਗੁਰੂ ਅਰਜਨ ਦੇਵ ਜੀ ਬੇਨਤੀਆਂ ਦੇ ਸੁਣਨ ਵਾਲੇ ਤੇ ਵਡਿਆਈਆਂ ਦੇ ਰਚਨਹਾਰ ਹਨ, ਜਿਨ੍ਹਾਂ ਦੇ ਨਾਮ ਤੋਂ ਯਮ ਕੰਬਦਾ ਹੈ, ਮੈਂ ਉਨ੍ਹਾਂ ਦੇ ਦੋਹਾਂ ਚਰਨਾਂ 'ਤੇ ਨਮਸਕਾਰ ਕਰਦਾ ਹਾਂ।

ਇਸ 'ਗੁਰੂ ਜੋਤਿ' ਦੇ ਸੰਕਲਪ ਅਧੀਨ ਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋਈ ਪਰੰਪਰਾ ਦਸ ਜਾਮਿਆਂ ਅੰਦਰ ਵਿਚਰੀ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਨ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਆਦਿ ਵੱਖ-ਵੱਖ ਨਾਵਾਂ ਨਾਲ ਜਾਣੇ ਗਏ, ਪਰ ਸਭ ਬਾਣੀਕਾਰ ਗੁਰੂ ਪਾਤਸ਼ਾਹ ਜੀ ਨੇ ਬਾਣੀ ਅੰਦਰ 'ਨਾਨਕ' ਪਦ ਹੀ ਵਰਤਿਆ ਹੈ। 'ਜੋਤਿ' ਅਤੇ 'ਜੁਗਤਿ' ਦਸਾਂ ਪਾਤਸ਼ਾਹੀਆਂ ਵਿੱਚ ਉਹੀ ਅਕਾਲ ਪੁਰਖ ਦੀ 'ਹਰਿ ਜੋਤਿ' ਹੀ ਪ੍ਰਗਟ ਹੁੰਦੀ ਰਹੀ। ਸੋ ਇਕ ਹੀ 'ਹਰਿ ਜੋਤਿ' ਦਸ ਪਾਤਸ਼ਾਹੀਆਂ ਅੰਦਰ ਵਿਗਸੀ ਇਸ 'ਹਰਿ ਜੋਤਿ' ਦੇ ਵਿਗਸਣ ਸਬੰਧੀ ਭਾਈ ਸਤਾ ਜੀ ਅਤੇ ਭਾਈ ਬਲਵੰਡ ਜੀ ਰਾਮਕਲੀ ਦੀ ਵਾਰ ਅੰਦਰ ਬਿਆਨ ਕਰਦੇ ਹਨ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ<br>
ਪਲਟੀਐ ॥ (ਪੰਨਾ 966)।

## ਪੱਕੇ ਹੋਣ ਲਈ ਗੋਰੀਆਂ ਨਾਲ ਮੁੱਲ ਦੇ ਵਿਆਹ ਕਰਵਾਏ ਪਰ ਫੜੇ ਗਏ

ਸਥਾਨਕ ਪੁਲਿਸ ਨੇ ਦੱਸਿਆ ਕਿ ਸਾਲ 2015 ਦੇ 'ਵੈਲੇਨਟਾਈਨ ਡੇਅ' ਤੋਂ ਇੱਕ ਦਿਨ ਪਹਿਲਾਂ ਆਸਟ੍ਰੇਲੀਆ ਵਾਸੀ ਚਾਲੋਈ ਮੌਸਨੇਰ ਨੇ ਸਿਡਨੀ ਦੇ ਬਲੈਕਟਾਊਨ ਵਿਚ ਆਪਣੇ ਮਾਪਿਆਂ ਦੇ ਘਰ ਸਮਾਰੋਹ ਵਿਚ ਸਿਧਾਰਥ ਸ਼ਰਮਾ ਨਾਲ ਵਿਆਹ ਕਰਵਾਇਆ ਸੀ। ਦੋਹਾਂ ਨੇ ਵਿਆਹ ਦੇ ਸਰਟੀਫਿਕੇਟ 'ਤੇ ਦਸਤਖ਼ਤ ਕੀਤੇ, ਤਸਵੀਰਾਂ ਖਿਚਵਾਈਆਂ ਤੇ ਨਵਾਂ ਸਾਂਝਾ ਬੈਂਕ ਖਾਤਾ ਖੋਲ੍ਹਿਆ। ਇਸ ਵਿਆਹ ਵਿਚ ਜਗਜੀਤ ਸਿੰਘ ਕਥਿਤ ਵਿਚੋਲਾ ਸੀ। ਦੋ ਮਹੀਨਿਆਂ ਬਾਅਦ ਮੌਸਨੇਰ ਨੇ ਮੰਨ ਲਿਆ ਕਿ ਉਸ ਦਾ ਵਿਆਹ ਸਿਰਫ ਵਿਖਾਵਾ ਸੀ, ਜਿਸ ਤਹਿਤ ਉਸ ਨੇ ਸ਼ਰਮਾ ਨੂੰ ਆਸਟ੍ਰੇਲੀਆ ਦੀ ਪੀਆਰ ਹਾਸਲ ਕਰਨ ਲਈ ਰਾਹ ਪੱਧਰਾ ਕੀਤਾ ਸੀ। ਇਸ ਬਦਲੇ ਉਸ ਨੂੰ 19,500 ਡਾਲਰ ਦੀ ਕਮਾਈ ਹੋਣੀ ਸੀ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਮੌਸਨੇਰ ਇਕੱਲੀ ਨਹੀਂ, ਕਈ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਆਸਟ੍ਰੇਲੀਆ ਵਾਸੀ ਹਨ, ਜੋ ਇਸ ਜਾਅਲਸਾਜ਼ੀ ਸਮੂਹ ਦਾ ਹਿੱਸਾ ਹਨ। ਉਕਤ ਕੇਸ ਤੋਂ ਇਲਾਵਾ ਜ਼ਾਇਨਾ ਯੂਸਫ ਅਤੇ ਕਰਮਜੀਤ ਸਿੰਘ, ਬੈਂਜਾਮਿਨ ਪ੍ਰੋਥਰੋ ਅਤੇ ਗੁਰਪ੍ਰੀਤ ਕੌਰ ਤੇ ਅਪਰੈਲ ਵ੍ਹੀਲਰ ਤੇ ਮਨੀਕਰਨ ਸਿੰਘ ਦਾ ਵਿਆਹ ਫ਼ਰਜ਼ੀ ਸਾਬਤ ਹੋਇਆ। ਵਿਆਹ ਘਪਲੇ ਵਿਚ ਕਈਆਂ ਦੇ ਨਾਂਅ ਉੱਭਰ ਕੇ ਸਾਹਮਣੇ ਆਏ ਹਨ ਪਰ ਸੁਪਰਡੈਂਟ ਲੋਅ ਦਾ ਕਹਿਣਾ ਹੈ ਕਿ ਫ਼ਰਜ਼ੀ ਵਿਆਹ ਵੀਜ਼ਾ ਘੁਟਾਲਾ 'ਕਿਸੇ ਇੱਕ ਕੌਮ' ਨਾਲ ਜੁੜਿਆ ਨਹੀਂ ਹੈ।

# ਕਸ਼ਮੀਰ ਨੂੰ ਲੈ ਕੇ ਭਾਰਤ-ਪਾਕਿ ’ਚ ਸਿਆਸੀ ਘਮਾਸਾਨ

ਭਾਰਤ-ਪਾਕਿ ਦੀ ਵੰਡ ਸਮੇਂ ਭਾਰਤ ਨਾਲ ਰਲੇਵੇਂ ਵੇਲੇ ਰਾਜ ਨੂੰ ਧਾਰਾ-370 ਤਹਿਤ ਮਿਲੇ ਖਾਸ ਅਧਿਕਾਰ ਖ਼ਤਮ ਹੋ ਜਾਣਗੇ। ਇਨ੍ਹਾਂ ਖਾਸ ਅਧਿਕਾਰਾਂ ਤਹਿਤ ਰਾਜ ਤੋਂ ਬਾਹਰਲਾ ਨਾਗਰਿਕ ਉਥੇ ਜ਼ਮੀਨ ਨਹੀਂ ਖਰੀਦ ਸਕਦਾ ਸੀ। ਰਾਜ ਦਾ ਆਪਣਾ ਝੰਡਾ ਸੀ। ਸਰਕਾਰੀ ਦਫ਼ਤਰਾਂ ਵਿੱਚ ਤਿਰੰਗੇ ਨਾਲ-ਨਾਲ ਰਾਜ ਦਾ ਝੰਡਾ ਝੂਲਦਾ ਸੀ। ਸੰਸਦ ਰੱਖਿਆ, ਵਿਦੇਸ਼ ਮਾਮਲਿਆਂ ਤੇ ਸੰਚਾਰ ਤੋਂ ਬਿਨਾਂ ਕਿਸੇ ਵਿਸ਼ੇ ਵਿਚ ਰਾਜ ਬਾਰੇ ਕਾਨੂੰਨ ਨਹੀਂ ਬਣਾ ਸਕਦੀ ਸੀ। ਉਸ ਨੂੰ ਆਪਣਾ ਸੰਵਿਧਾਨ ਬਣਾਉਣ ਦੀ ਆਗਿਆ ਦਿੱਤੀ ਗਈ ਸੀ। ਦੂਜੇ ਰਾਜਾਂ ਦੇ ਨਾਗਰਿਕ ਉਥੇ ਨਾ ਵੋਟ ਪਾ ਸਕਦੇ ਸਨ ਤੇ ਨਾ ਉਮੀਦਵਾਰ ਬਣ ਸਕਦੇ ਸਨ। ਸਰਕਾਰ ਦੇ ਫ਼ੈਸਲੇ ਨਾਲ ਉਥੇ ਭਾਰਤੀ ਸੰਵਿਧਾਨ ਹੀ ਪੂਰੀ ਤਰ੍ਹਾਂ ਲਾਗੂ ਹੋਵੇਗਾ। ਹੁਣ ਭਾਰਤ ਦਾ ਕੋਈ ਵੀ ਨਾਗਰਿਕ ਉਥੇ ਜ਼ਮੀਨ ਖ਼ਰੀਦ ਸਕੇਗਾ। ਨੌਕਰੀ ਹਾਸਲ ਕਰ ਸਕੇਗਾ।

**ਸਰਹੱਦ ‘ਤੇ ਤਣਾਅ-**

ਇਸ ਮੁੱਦੇ ’ਤੇ ਭਾਰਤ ਦੀਆਂ ਆਪੋਜ਼ੀਸ਼ਨ ਪਾਰਟੀਆਂ ਵੰਡੀਆਂ ਗਈਆਂ ਹਨ, ਪਰ ਪਾਕਿਸਤਾਨ ਦੀਆਂ ਆਪੋਜ਼ੀਸ਼ਨ ਪਾਰਟੀਆਂ ਆਪਣੀ ਸਰਕਾਰ ਨਾਲ ਖੜ੍ਹੀਆਂ ਨਜ਼ਰ ਆ ਰਹੀਆਂ ਹਨ ਤੇ ਉਨ੍ਹਾਂ ਸਰਕਾਰ ’ਤੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਤੱਕ ਪਹੁੰਚ ਕਰਨ ਲਈ ਜ਼ੋਰ ਪਾਇਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮੁਹੰਮਦ ਕੁਰੈਸ਼ੀ ਨੇ ਕਿਹਾ ਹੈ ਕਿ ਭਾਰਤ ਨੇ ਕਸ਼ਮੀਰ ਮੁੱਦੇ ਦਾ ਇੱਕ ਵਾਰ ਫਿਰ ਕੌਮਾਂਤਰੀਕਰਨ ਕਰ ਦਿੱਤਾ ਹੈ। ਪਾਕਿਸਤਾਨ ਇਸ ‘ਗ਼ੈਰ-ਕਾਨੂੰਨੀ ਕਦਮ’ ਵਿਰੁੱਧ ਸਾਰੇ ਸੰਭਾਵਤ ਬਦਲ ਤਲਾਸ਼ੇਗਾ। ਵਾਦੀ ਵਿੱਚ ਕਰਫ਼ਿਊ ਵਾਲੇ ਹਾਲਾਤ ਵਿੱਚ ਉਥੋਂ ਦੇ ਲੋਕਾਂ ਲਈ ਕਿਸੇ ਤਰ੍ਹਾਂ ਦਾ ਪ੍ਰੋਟੈਸਟ ਕਰਨਾ ਸ਼ਾਇਦ ਸੰਭਵ ਨਾ ਹੋਵੇ, ਪਰ ਪਾਕਿਸਤਾਨ ਕੰਟਰੋਲ ਲਾਈਨ ’ਤੇ ਗੋਲੀਬਾਰੀ ਵਧਾ ਕੇ ਭਾਰਤ ਲਈ ਸਿਰਦਰਦੀ ਵਧਾ ਸਕਦਾ ਹੈ। ਬਾਹਰਮੁਖੀ ਹਾਲਤਾਂ ਇਸ ਤਰ੍ਹਾਂ ਦੀਆਂ ਹਨ ਕਿ ਅਫ਼ਗਾਨਿਸਤਾਨ ਵਿੱਚੋਂ ਫ਼ੌਜਾਂ ਕੱਢਣ ਲਈ ਤਾਲਿਬਾਨ ਨਾਲ ਸਮਝੌਤੇ ਵਿੱਚ ਪਾਕਿਸਤਾਨ ਦੀ ਮਦਦ ਲੈਣ ਖਾਤਰ ਅਮਰੀਕਾ ਵੀ ਉਸ ਨੂੰ ਬਹੁਤਾ ਵਰਜ ਨਹੀਂ ਸਕੇਗਾ। ਕਸ਼ਮੀਰ ’ਤੇ ਵਿਚੋਲਗੀ ਦੀ ਪੇਸ਼ਕਸ਼ ਕਰਕੇ ਡੋਨਾਲਡ ਟਰੰਪ ਪਹਿਲਾਂ ਹੀ ਇਮਰਾਨ ਖਾਨ ਨੂੰ ਖੁਸ਼ ਕਰ ਚੁੱਕਾ ਹੈ। ਸਰਕਾਰ ਨੇ ਆਪਣੇ ਫੈਸਲੇ ਨਾਲ ਆਰ ਐੱਸ ਐੱਸ ਦੇ ਪਾਕਿਸਤਾਨ ਤੇ ਬੰਗਲਾਦੇਸ਼ ਨੂੰ ਭਾਰਤ ਨਾਲ ਮਿਲਾ ਕੇ ਅਖੰਡ ਭਾਰਤ ਬਣਾਉਣ ਦੇ ਏਜੰਡੇ ਨੂੰ ਸਾਕਾਰ ਕਰਨ ਦਾ ਕਦਮ ਤਾਂ ਪੁੱਟ ਲਿਆ ਹੈ ਪਰ ਕਸ਼ਮੀਰ ਦੇ ਲੋਕਾਂ ਨੂੰ ਹੋਰ ਦੂਰ ਕਰ ਲਿਆ ਹੈ। ਕਸ਼ਮੀਰੀਆਂ ਦਾ ਦਿਲ ਜਿੱਤੇ ਬਿਨਾਂ ਕਸ਼ਮੀਰ ’ਤੇ ਰਾਜ ਕਰਨਾ ਅਸਾਨ ਨਹੀਂ ਹੋਵੇਗਾ।

**ਅਕਾਲੀ ਦਲ, ਮਾਇਆਵਤੀ ਤੇ ਕੇਜਰੀਵਾਲ ਵਲੋਂ ਹਮਾਇਤ-**

ਹਾਲਾਂਕਿ ਮਾਇਆਵਤੀ ਤੇ ਅਰਵਿੰਦ ਕੇਜਰੀਵਾਲ ਵਰਗਿਆਂ ਨੇ ਫ਼ੈਸਲੇ ਦੀ ਹਮਾਇਤ ਕੀਤੀ ਹੈ, ਪਰ ਕਾਂਗਰਸ ਤੇ ਖੱਬੀਆਂ ਜਮਹੂਰੀ ਪਾਰਟੀਆਂ ਨੇ ਇਸ ਨੂੰ ਦੇਸ਼ ਦੇ ਫੈਡਰਲ ਸਿਧਾਂਤਾਂ ਨੂੰ ਤਬਾਹ ਕਰਨਾ ਕਰਾਰ ਦਿੱਤਾ ਹੈ। ਅਨੰਦਪੁਰ ਮਤੇ ਦੇ ਹੱਕ ਵਿਚ ਰਹੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਫੈਸਲੇ ਵਿਚ ਸਰਕਾਰ ਦੇ ਨਾਲ ਹੋਣ ਦਾ ਦਾਅਵਾ ਕੀਤਾ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਇਤਿਹਾਸਕ ਫੈਸਲੇ ਦੇ ਨਾਲ ਹੁਣ ਸਹੀ ਅਰਥਾਂ ਵਿਚ ਕਸ਼ਮੀਰ, ਭਾਰਤ ਵਿਚ ਸ਼ਾਮਲ ਹੋਇਆ ਹੈ। ਰਾਜ ਦੇ ਸਾਬਕਾ ਮੁੱਖ ਮੰਤਰੀ ਗੁਲਾਮ ਨਬੀ ਅਜ਼ਾਦ ਨੇ ਕਿਹਾ ਹੈ ਕਿ ਇਹ ਤਾਂ ਸੁਫਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਐੱਨ ਡੀ ਏ ਸਰਕਾਰ ਜੰਮੂ-ਕਸ਼ਮੀਰ ਰਾਜ ਦੀ ਹੋਂਦ ਹੀ ਖ਼ਤਮ ਕਰਨ ਤੱਕ ਚਲੇ ਜਾਵੇਗੀ। ਇਸ ਨੂੰ ਪਤਾ ਨਹੀਂ ਕਿ ਜੰਮੂ-ਕਸ਼ਮੀਰ ਦੇ ਇੱਕ ਪਾਸੇ ਚੀਨ, ਇੱਕ ਪਾਸੇ ਪਾਕਿਸਤਾਨ ਤੇ ਇੱਕ ਪਾਸੇ ਮਕਬੂਜ਼ਾ ਕਸ਼ਮੀਰ ਲੱਗਦੇ ਹਨ। ਭਾਜਪਾ ਸਰਕਾਰ ਨੇ ਰਾਜ ਨਾਲ ਖਿਲਵਾੜ ਕਰ ਕੇ ਦੇਸ਼ ਨਾਲ ਗਦਾਰੀ ਕੀਤੀ ਹੈ। ਸਰਹੱਦੀ ਰਾਜ ਵਿਚ ਸਿਰਫ਼ ਫ਼ੌਜ ਦੀ ਬਦੌਲਤ ਦੁਸ਼ਮਣ ਨੂੰ ਨਹੀਂ ਰੋਕ ਸਕਦੇ, ਸਥਾਨਕ ਲੋਕਾਂ ਦਾ ਵਿਸ਼ਵਾਸ ਜ਼ਰੂਰੀ ਹੈ। ਸਰਕਾਰ ਨੇ ਅੱਜ ਦੇਸ਼ ਦਾ ਸਿਰ ਵੱਢ ਲਿਆ ਹੈ। ਭਾਰਤ ਨੂੰ ਬਿਨਾਂ ਸਿਰ ਦਾ ਬਣਾ ਦਿੱਤਾ। ਸਾਬਕਾ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਮੁਤਾਬਕ ਭਾਜਪਾ ਨੇ ਜੰਮੂ-ਕਸ਼ਮੀਰ ਨੂੰ ਬਸਤੀ ਬਣਾ ਦਿੱਤਾ ਹੈ। ਇਹ ਹੋਰਨਾਂ ਰਾਜਾਂ ਲਈ ਵੀ ਚਿਤਾਵਨੀ ਹੈ ਕਿ ਵੋਟਾਂ ਖਾਤਰ ਉਨ੍ਹਾਂ ਦੀ ਵੀ ਵੱਢ-ਟੁੱਕ ਕੀਤੀ ਜਾ ਸਕਦੀ ਹੈ। ਤ੍ਰਿਣਮੂਲ ਦੇ ਡੈਰੇਕ ਓ ਬ੍ਰਾਇਨ ਨੇ ਇਸ ਫ਼ੈਸਲੇ ਨੂੰ ਪਾਰਲੀਮਾਨੀ ਜਮਹੂਰੀਅਤ, ਫੈਡਰਲਿਜ਼ਮ, ਸੰਵਿਧਾਨ, ਰਾਜ ਸਭਾ ਤੇ ਭਾਰਤ ਦੇ ਵਿਚਾਰ ਲਈ ਕਾਲਾ ਦਿਨ ਕਰਾਰ ਦਿੱਤਾ ਹੈ। ਐੱਮ ਡੀ ਐੱਮ ਕੇ ਦੇ ਵਾਇਕੋ ਨੇ ਕਸ਼ਮੀਰ ਦੇ ਕੋਸੋਵੋ, ਪੂਰਬੀ ਤੈਮੂਰ ਤੇ ਦੱਖਣੀ ਸੂਡਾਨ ਬਣ ਜਾਣ ਦੀ ਚਿੰਤਾ ਜ਼ਾਹਰ ਕੀਤੀ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮੁਤਾਬਕ ਕੋਈ ਕਾਨੂੰਨੀ ਪ੍ਰਕਿਰਿਆ ਅਪਨਾਏ ਬਿਨਾਂ ਭਾਰਤ ਦਾ ਸੰਵਿਧਾਨ ਮੁੜ ਲਿਖ ਦਿੱਤਾ ਗਿਆ ਹੈ। ਕੇਂਦਰ ਸਰਕਾਰ ਰਾਸ਼ਟਰਪਤੀ ਰਾਜ ਲਾਗੂ ਕਰ ਕੇ ਕਿਸੇ ਵੀ ਰਾਜ ਦਾ ਪੁਨਰਗਠਨ ਕਰ ਸਕਦੀ ਹੈ। ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਡੀ ਰਾਜਾ ਨੇ ਸਰਕਾਰ ਦੇ ਫੈਸਲੇ ਨੂੰ ਜਮਹੂਰੀਅਤ ਦਾ ਕਤਲ ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਨਾਲ ਕਸ਼ਮੀਰ ਦੇ ਲੋਕ ਹੋਰ ਨਿਖੜਨਗੇ। ਸਾਬਕਾ ਅਟਾਰਨੀ ਜਨਰਲ ਸੋਲੀ ਸੋਰਾਬਜੀ ਮੁਤਾਬਕ ਇਹ ਫਾਸ਼ੀਵਾਦੀ ਫੈਸਲਾ ਹੈ।

**ਕੀ ਕਹਿਦੇ ਹਨ ਸ਼ਾਹ-**

ਸ਼ਾਹ ਨੇ ਬਿੱਲ ’ਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਵਿਰੋਧੀ ਧਿਰਾਂ ਵੱਲੋਂ ਜਤਾਏ ਤੌਖਲਿਆਂ ਨੂੰ ਰੱਦ ਕਰਦਿਆਂ ਭਰੋਸਾ ਦਿੱਤਾ ਕਿ ਕਸ਼ਮੀਰ ਨੂੰ ‘ਕੁਝ ਨਹੀਂ ਹੁੰਦਾ’ ਤੇ ਇਸ ਨੂੰ ਜੰਗ ਦਾ ਝੰਬਿਆ ਕੋਸੋਵੋ ਬਣਨ ਦੀ ਇਜਾਜ਼ਤ ਨਹੀਂ ਦਿਆਂਗੇ। ਉਨ੍ਹਾਂ ਕਿਹਾ, ‘ਇਹ ਧਰਤੀ ’ਤੇ ਜੰਨਤ ਸੀ ਤੇ ਹਮੇਸ਼ਾਂ ਰਹੇਗੀ।’ ਉਨ੍ਹਾਂ ਕਿਹਾ ਕਿ ਜੰਮੂ ਤੇ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ‘ਢੁੱਕਵੇਂ ਸਮੇਂ’ ਅਤੇ ‘ਹਾਲਾਤ ਆਮ ਵਾਂਗ’ ਹੋਣ ਮਗਰੋਂ ਬਹਾਲ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਜੰਮੂ ਤੇ ਕਸ਼ਮੀਰ ਨੂੰ ਮੁਲਕ ਦਾ ਸਭ ਤੋਂ ਵਿਕਸਤ ਰਾਜ ਬਣਾਉਣ ਲਈ ਵਚਨਬੱਧ ਸੀ, ਪਰ ‘ਧਾਰਾ 370 ਸੂਬੇ ਵਿੱਚ ਹਾਲਾਤ ਆਮ ਵਾਂਗ ਕਰਨ ਵਿਚ ਵੱਡਾ ਅੜਿੱਕਾ ਸੀ।’ ਉਨ੍ਹਾਂ ਕਿਹਾ ਕਿ ਧਾਰਾ 370 ਤੇ 35ਏ ਜਿੰਨੀ ਦੇਰ ਹੋਂਦ ਵਿੱਚ ਸਨ, ਓਨੀ ਦੇਰ ਸੂਬੇ ਵਚੋਂ ਅਤਿਵਾਦ ਦਾ ਖ਼ਾਤਮਾ ਮੁਸ਼ਕਲ ਸੀ। ਸ਼ਾਹ ਨੇ ਕਿਹਾ ਕਿ ਆਜ਼ਾਦੀ ਤੋਂ 70 ਸਾਲਾਂ ਮਗਰੋਂ ਜੰਮੂ-ਕਸ਼ਮੀਰ ਦੀ ਕਮਾਨ ਤਿੰਨ ਪਰਿਵਾਰਾਂ ਦੇ ਹੱਥ ਹੀ ਰਹੀ ਜਿਨ੍ਹਾਂ ਜਮਹੂਰੀਅਤ ਦੀ ਥਾਂ ਭ੍ਰਿਸ਼ਟਾਚਾਰ ਨੂੰ ਵਧਣ ਫੁਲਣ ਦਾ ਮੌਕਾ ਦਿੱਤਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸੈਰ-ਸਪਾਟਾ ਵਿਕਸਤ ਨਹੀਂ ਹੋ ਸਕਿਆ ਕਿਉਂਕਿ ਬਾਹਰੀ ਲੋਕਾਂ ਨੂੰ ਸੂਬੇ ਵਿੱਚ ਜ਼ਮੀਨ ਖਰੀਦਣ ਦੀ ਖੁੱਲ੍ਹ ਨਹੀਂ ਹੈ। ਜੰਮੂ ਕਸ਼ਮੀਰ ਵਿੱਚ ਕਿਸੇ ਇੰਡਸਟਰੀ ਦੇ ਨਾ ਲੱਗਣ ਪਿੱਛੇ ਵੀ ਧਾਰਾ 370 ਹੈ। ਇਨ੍ਹਾਂ ਧਾਰਾਵਾਂ ਕਰਕੇ ਹੀ ਸੂਬੇ ਵਿੱਚ ਸਿਹਤ ਸੇਵਾਵਾਂ ਤੇ ਸਿੱਖਿਆ ਮੰਦੇਹਾਲੀਂ ਹੈ। ਉਨ੍ਹਾਂ ਕਿਹਾ ਕਿ ਧਾਰਾ 370 ਰੱਦ ਹੋਣ ਨਾਲ ਜੰਮੂ ਕਸ਼ਮੀਰ ਅਸਲ ਮਾਇਨੇ ਵਿੱਚ ਭਾਰਤ ਦਾ ਅਟੁੱਟ ਅੰਗ ਬਣ ਜਾਏਗਾ।

**ਸੰਯੁਕਤ ਰਾਸ਼ਟਰ ਵੱਲੋਂ ਭਾਰਤ-ਪਾਕਿ ਨੂੰ ਸੰਜਮ ਦੀ ਅਪੀਲ-**

ਸੰਯੁਕਤ ਰਾਸ਼ਟਰ: ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਭਾਰਤ ਅਤੇ ਪਾਕਿਸਤਾਨ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਸੰਜਮ ਵਰਤਣ ਤਾਂ ਜੋ ਹਾਲਾਤ ਹੋਰ ਨਾ ਵਿਗੜਨ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਉਹ ਭਾਰਤ ਵੱਲੋਂ ਧਾਰਾ 370 ਹਟਾਏ ਜਾਣ ਮਗਰੋਂ ਜੰਮੂ-ਕਸ਼ਮੀਰ ਦੇ ਹਾਲਾਤ ’ਤੇ ਨਜ਼ਰ ਰੱਖ ਰਿਹਾ ਹੈ। ਉਨ੍ਹਾਂ ਕੰਟਰੋਲ ਰੇਖਾ ’ਤੇ ਸਾਰੀਆਂ ਧਿਰਾਂ ਨੂੰ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਭਾਰਤ ਨੇ ਜੰਮੂ-ਕਸ਼ਮੀਰ ਵਿਚ ਕਾਰਵਾਈ ਨੂੰ ਪੂਰੀ ਤਰ੍ਹਾਂ ਨਾਲ ਅੰਦਰੂਨੀ ਮਾਮਲਾ ਦੱਸਿਆ ਹੈ ਪਰ ਉਥੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਬਾਰੇ ਫਿਕਰਮੰਦ ਹਨ।

**ਕਸ਼ਮੀਰ ਮਸਲੇ ਦਾ ਇਤਿਹਾਸਕ ਪਿਛੋਕੜ-**

ਸੰਨ 1947 ਵਿੱਚ ਭਾਰਤ ਦੀ ਫਿਰਕੂ ਅਧਾਰ ’ਤੇ ਵੰਡ ਹੋਈ ਸੀ ਤੇ ਪਾਕਿਸਤਾਨ ਤੇ ਹਿੰਦੁਸਤਾਨ ਬਣਾ ਕੇ ਮੁਸਲਿਮ ਲੀਗ ਤੇ ਕਾਂਗਰਸ ਵੱਲੋਂ ਗੱਦੀਆਂ ਮੱਲਣ ਦਾ ਅਮਲ ਸ਼ੁਰੂ ਹੋ ਗਿਆ। ਉਸ ਵੇਲ਼ੇ ਅੰਗਰੇਜ਼ੀ ਹਕੂਮਤ ਨਾਲ਼ ਰਲ਼ੀਆਂ ਰਿਆਸਤਾਂ ਨੂੰ ਆਪਣੀ ਮਰਜ਼ੀ ਅਨੁਸਾਰ ਫੈਸਲਾ ਕਰਨ ਦਾ ਹੱਕ ਦਿੱਤਾ ਗਿਆ। ਬਾਕੀ ਰਿਆਸਤਾਂ ਤਾਂ ਭਾਰਤ ਜਾਂ ਪਾਕਿਸਤਾਨ ਵਿੱਚ ਸ਼ਾਮਲ ਹੋ ਗਈਆਂ ਪਰ ਜੂਨਾਗੜ੍ਹ, ਹੈਦਰਾਬਾਦ ਤੇ ਜੰਮੂ ਕਸ਼ਮੀਰ ਦੀ ਰਿਆਸਤ ਦੋਵਾਂ ਤੋਂ ਵੱਖ ਰਹੀਆਂ। ਮਗਰੋਂ ਜੂਨਾਗੜ੍ਹ ਤੇ ਹੈਦਰਾਬਾਦ ਦੀ ਰਿਆਸਤ ਨੂੰ ਭਾਰਤ ਵਿੱਚ ਸ਼ਾਮਲ ਕਰ ਲਿਆ ਗਿਆ ਪਰ ਜੰਮੂ ਕਸ਼ਮੀਰ ਇੱਕ ਅੜਾਉਂਣੀ ਬਣ ਗਿਆ। 1947 ਸਮੇਂ ਮੁਸਲਮਾਨ ਬਹੁਗਿਣਤੀ ਵਾਲ਼ੇ ਕਸ਼ਮੀਰ ਵਿੱਚ ਹਕੂਮਤ ਹਿੰਦੂ ਰਾਜੇ ਹਰੀ ਸਿੰਘ ਦੇ ਹੱਥਾਂ ਵਿੱਚ ਸੀ। ਭਾਰਤ, ਪਾਕਿਸਤਾਨ, ਚੀਨ, ਸੋਵੀਅਤ ਯੂਨੀਅਨ ਤੇ ਅਫਗਾਨਿਸਤਾਨ ਦੀਆਂ ਕੌਮਾਂਤਰੀ ਸਰਹੱਦਾਂ ਨਾਲ਼ ਘਿਰੀ 84,471 ਵਰਗ ਮੀਲ਼ ਦੀ ਇਹ ਰਿਆਸਤ ਭੂਗੋਲਿਕ ਤੌਰ ’ਤੇ ਚਾਰ ਭਾਗਾਂ ਵਿੱਚ ਵੰਡੀ ਹੋਈ ਸੀ। ਉੱਤਰ ਵਿੱਚ ਗਿਲਗਿਟ, ਦੱਖਣ ਵਿੱਚ ਜੰਮੂ, ਕੇਂਦਰ ਵਿੱਚ ਕਸ਼ਮੀਰ ਵਾਦੀ ਅਤੇ ਚੌਥਾ ਕਸ਼ਮੀਰ ਵਾਦੀ ਤੇ ਤਿੱਬਤ ਵਿਚਾਲੇ ਲੱਦਾਖ ਦਾ ਇਲਾਕਾ। ਕਸ਼ਮੀਰ ਵਿਚ ਅੰਗਰੇਜ਼ੀ ਰਾਜ ਤੋਂ ਵੱਖਰੀ ਸ਼ੇਖ ਅਬਦੁੱਲਾ ਦੀ ਅਗਵਾਈ ਵਾਲ਼ੀ ‘ਨੈਸ਼ਨਲ ਕਾਨਫਰੰਸ’ ਦੀ ਸਿਆਸੀ ਧਾਰਾ ਵੀ ਸਰਗਰਮ ਸੀ। ਪਹਿਲਾਂ ਪਹਿਲ ਸੰਨ 1932 ਵਿੱਚ ਇਹ “ਜੰਮੂ-ਕਸ਼ਮੀਰ ਮੁਸਲਿਮ ਕਾਨਫਰੰਸ” ਦੇ ਤੌਰ ’ਤੇ ਸਥਾਪਤ ਕੀਤੀ ਗਈ ਸੀ। ਪਰ ਇਸ ਤੋਂ ਬਾਅਦ ਸੰਨ 1939 ਵਿੱਚ ਇਸ ਦਾ ਨਾਂ ਬਦਲ ਕੇ, “ਨੈਸ਼ਨਲ ਕਾਨਫਰੰਸ” ਰੱਖ ਦਿੱਤਾ ਗਿਆ। ਕਸ਼ਮੀਰ ਦੇ ਰਾਜੇ ਤੇ ਅੰਗਰੇਜ਼ੀ ਹਾਕਮਾਂ ਖਿਲਾਫ ਹੋਣ ਕਾਰਨ ਸ਼ੇਖ ਅਬਦੁੱਲਾ ਦੀ ਲੋਕਾਂ ਵਿੱਚ ਕਾਫੀ ਮਾਨਤਾ ਸੀ। ਸੰਨ 1946 ਵਿੱਚ ਉਸ ਵੱਲੋਂ ‘ਕਸ਼ਮੀਰ ਛੱਡੋ’ ਲਹਿਰ ਸ਼ੁਰੂ ਕਰਨ ਕਾਰਨ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ। ਸਤੰਬਰ-1947 ਵਿੱਚ ਰਿਹਾਈ ਮਗਰੋਂ ਉਸ ਨੇ ਕਸ਼ਮੀਰ ਦੇ ਭਾਰਤ ਜਾਂ ਪਾਕਿਸਤਾਨ ਵਿੱਚੋਂ ਇੱਕ ਵਿੱਚ ਸ਼ਾਮਲ ਹੋਣ ਦਾ ਵਿਰੋਧ ਕੀਤਾ ਜਿਸ ਨੂੰ ਕਾਫੀ ਹਮਾਇਤ ਮਿਲ਼ੀ। ਅਜ਼ਾਦੀ ਤੋਂ ਇੱਕਦਮ ਬਾਅਦ ਪਾਕਿਸਤਾਨੀ ਸ਼ਹਿ ’ਤੇ ਕੀਤੇ ਕਬਾਇਲੀ ਹਮਲੇ ਵਿੱਚ ਬਾਗੀਆਂ ਨੇ ਕਸ਼ਮੀਰ ਰਿਆਸਤ ਦੇ ਕੁੱਝ ਹਿੱਸਿਆਂ ’ਤੇ ਕਬਜ਼ਾ ਕਰ ਲਿਆ ਤੇ ਕਸ਼ਮੀਰ ਦੇ ਰਾਜੇ ਲਈ ਸਮੱਸਿਆ ਖੜੀ ਕਰ ਦਿੱਤੀ। ਇਸ ਹਾਲਤ ਵਿੱਚ 24 ਅਕਤੂਬਰ 1947 ਨੂੰ ਕਸ਼ਮੀਰ ਦੇ ਮਹਾਰਾਜੇ ਹਰੀ ਸਿੰਘ ਨੇ ਇੱਕ ਅਪੀਲ ਰਾਹੀਂ ਭਾਰਤ ਸਰਕਾਰ ਤੋਂ ਹਥਿਆਰ ਅਤੇ ਫੌਜੀ ਸਹਾਇਤਾ ਦੀ ਮੰਗ ਕੀਤੀ, ਪਰ ਉਸ ਵੇਲ਼ੇ ਗਵਰਨਰ ਜਨਰਲ ਮਾਊਂਟਬੈਟਨ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਕਸ਼ਮੀਰ ਇੱਕ ਅਜ਼ਾਦ ਰਿਆਸਤ ਹੋਣ ਕਾਰਨ ਅਸੀਂ ਇਸ ਵਿੱਚ ਦਖਲ਼-ਅੰਦਾਜੀ ਨਹੀਂ ਕਰ ਸਕਦੇ। ਹਰੀ ਸਿੰਘ ਅੱਗੇ ਇਹ ਸੁਝਾਅ ਰੱਖਿਆ ਗਿਆ ਕਿ ਕਸ਼ਮੀਰ ਭਾਰਤ ਵਿੱਚ ਰਲ਼ਣਾ ਪ੍ਰਵਾਨ ਕਰੇ ਤਾਂ ਜੋ ਭਾਰਤੀ ਫੌਜ ਦੇ ਕਸ਼ਮੀਰ ਵਿੱਚ ਦਾਖਲ ਹੋਣ ਨੂੰ ਕਬਜ਼ਾ ਨਾ ਸਮਝਿਆ ਜਾਵੇ, ਨਹੀਂ ਤਾਂ ਇਹ ਪਾਕਿਸਤਾਨ ਨਾਲ਼ ਲੜਾਈ ਦਾ ਕਾਰਨ ਬਣ ਸਕਦਾ ਹੈ। ਮਜ਼ਬੂਰੀ ਵਿੱਚ ਮਹਾਰਾਜੇ ਹਰੀ ਸਿੰਘ ਨੇ ਇਹ ਸ਼ਰਤ ਮੰਨ ਲਈ। ਉਸਨੇ ਫੌਜੀ ਸਹਾਇਤਾ ਲਈ ਇੱਕ ਖਤ ਤੇ ਭਾਰਤ ਵਿੱਚ ਸ਼ਾਮਲ ਹੋਣ ਦੀ ਪ੍ਰਵਾਨਗੀ ਲਈ ਇੱਕ ਦਸਤਾਵੇਜ਼ ਲਿਖ ਕੇ ਭਾਰਤ ਦੇ ਗਵਰਨਰ ਜਨਰਲ ਦੇ ਨਾਂ ਭੇਜੇ। ਉਸਨੇ ਆਪਣੇ ਖ਼ਤ ਵਿੱਚ ਲਿਖਿਆ ਸੀ ਕਿ “ਮੇਰੀ ਰਿਆਸਤ ਦੇ ਦੋਵਾਂ ਦੇਸ਼ਾਂ ਨਾਲ਼ ਮਹੱਤਵਪੂਰਨ ਆਰਥਿਕ ਤੇ ਸੱਭਿਆਚਰਕ ਸਬੰਧ ਹਨ। ਇਸ ਤੋਂ ਬਿਨਾ ਮੇਰੀ ਰਿਆਸਤ ਦੀ ਹੱਦ ਸੋਵੀਅਤ ਯੂਨੀਅਨ ਅਤੇ ਚੀਨ ਨਾਲ਼ ਲੱਗਦੀ ਹੈ। ਆਪਣੇ ਵਿਦੇਸ਼ੀ ਮਾਮਲਿਆਂ ਵਿੱਚ ਭਾਰਤ ਅਤੇ ਪਾਕਿਸਤਾਨ ਇਸ ਹਕੀਕਤ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਜੇ ਵੱਖਰੇ ਦੇਸ਼ ਵਜੋਂ ਰਹਿਣਾ ਔਖਾ ਹੁੰਦਾ ਤਾਂ ਉਹਨਾਂ ਆਪਣੇ ਰਲੇਵੇਂ ਦੇ ਫੈਸਲੇ ਲਈ ਹੋਰ ਸਮਾਂ ਲੈਣਾ ਸੀ ਤੇ ਮੌਜੂਦਾ ਸਮੇਂ ਇਹ ਫੈਸਲਾ ਲੈਣਾ ਮਜ਼ਬੂਰੀ ਹੈ, ਕਿਉਂਕਿ ਇਸ ਤੋਂ ਬਿਨਾਂ ਭਾਰਤ ਤੋਂ ਮਦਦ ਨਹੀਂ ਮਿਲ਼ੇਗੀ। 26 ਅਕਤੂਬਰ ਸ਼ਾਮ ਨੂੰ ਹਿੰਦ ਦੀ ਸੁਰੱਖਿਆ ਕਮੇਟੀ ਨੇ ਇਹ ਫੈਸਲਾ ਕੀਤਾ ਕਿ ਜੰਮੂ-ਕਸ਼ਮੀਰ ਦੇ ਭਾਰਤ ਵਿੱਚ ਸ਼ਾਮਲ ਹੋਣ ਨੂੰ ਇਸ ਸ਼ਰਤ ’ਤੇ ਪ੍ਰਵਾਨ ਕਰ ਲਿਆ ਜਾਵੇ ਕਿ ਜਦੋਂ ਹੀ ਅਮਨ ਕਨੂੰਨ ਦੀ ਹਾਲਤ ਬਹਾਲ ਹੋਵੇਗੀ ਉਦੋਂ ਹੀ ਲੋਕਾਂ ਤੋਂ ਜਨਤਕ ਚੋਣਾਂ ਰਾਹੀਂ ਇਸਦਾ ਅੰਤਮ ਫੈਸਲਾ ਲਿਆ ਜਾਵੇਗਾ। ਗਵਰਨਰ ਮਾਊਂਟਬੈਟਨ ਦੀ ਜੁਆਬੀ ਚਿੱਠੀ, ਜੰਮੂ-ਕਸ਼ਮੀਰ ਬਾਰੇ 1948 ਦੇ ਵਾਈਟ ਪੇਪਰਾਂ, ਨਹਿਰੂ ਵੱਲੋਂ ਸਮੇਂ-ਸਮੇਂ ਦਿੱਤੇ ਬਿਆਨਾਂ ਵਿੱਚ ਸਾਫ਼ ਤੌਰ ’ਤੇ ਇਹ ਗੱਲ ਮੰਨੀ ਗਈ ਸੀ ਕਿ ਕਸ਼ਮੀਰ ਦਾ ਭਾਰਤ ਵਿੱਚ ਇਹ ਰਲੇਵਾਂ ਆਰਜੀ ਹੈ ਤੇ ਇਸ ਨੂੰ ਸ਼ਾਂਤੀ ਬਹਾਲ ਹੋਣ ਮਗਰੋਂ ਜਨਮੱਤ ਸੰਗ੍ਰਿਹ ਰਾਹੀਂ ਹੀ ਇਸਦਾ ਕੋਈ ਪੱਕਾ ਫੈਸਲਾ ਕੀਤਾ ਜਾਵੇਗਾ। ਹਾਲਤ ਵਿਗੜਦੀ ਵੇਖ ਕੇ ਮਹਾਰਾਜੇ ਹਰੀ ਸਿੰਘ ਨੇ ਸ਼ੇਖ ਅਬਦੁੱਲਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਜੋ ਉਸਨੇ ਕਬੂਲ ਲਿਆ। ਦੂਜੇ ਪਾਸੇ ਗਿਲਗਿਟ ਵਿੱਚ ਹਥਿਆਰਬੰਦ ਗਿਲਗਿਟ ਸਕਾਊਟਾਂ ਨੇ ਗਿਲਗਿਟ ਗਵਰਨਰ ਦੀ ਰਿਹਾਇਸ਼ ਨੂੰ ਘੇਰ ਲਿਆ ਤੇ ਮੁਸਲਿਮ ਕਾਨਫਰੰਸ ਦੀ ਅਗਵਾਈ ਵਿੱਚ ਨਵੰਬਰ 1947 ਵਿੱਚ ਇੱਕ ਆਰਜੀ ਸਰਕਾਰ ਕਾਇਮ ਕੀਤੀ ਗਈ। ਇਸ ਇਲਾਕੇ ਨੂੰ “ਅਜ਼ਾਦ ਕਸ਼ਮੀਰ” ਦਾ ਨਾਮ ਦਿੱਤਾ ਗਿਆ ਜਿੱਥੇ ਕਸ਼ਮੀਰ ਦੀ ਕੁੱਲ ਅਬਾਦੀ ਦਾ ਚੌਥਾ ਹਿੱਸਾ ਵਸਦਾ ਸੀ। ਇਸ ‘ਅਜ਼ਾਦ ਕਸ਼ਮੀਰ’ ਵਿੱਚ ਕੁੱਝ ਦਿਨਾਂ ਮਗਰੋਂ ਪਾਕਿ ਝੰਡਾ ਝੁਲਾ ਦਿੱਤਾ ਗਿਆ। ਮਈ 1948 ਵਿੱਚ ਪਾਕਿ ਨੇ ਆਪਣੀਆਂ ਫੌਜਾਂ ਇਸ ਇਲਾਕੇ ਵਿੱਚ ਭੇਜ ਦਿੱਤੀਆਂ।

ਇਸਤੋਂ ਬਾਅਦ ਪਾਕਿਸਤਾਨ ਤੇ ਭਾਰਤ ਦੇ ਹਾਕਮਾਂ ਵਿੱਚ ਕਸ਼ਮੀਰ ਮਸਲੇ ਨੂੰ ਲੈ ਕੇ ਖਿੱਚ-ਧੂਹ ਤੇ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਜਿਨਹਾ ਤੇ ਮਾਊਂਟਬੈਟਨ ਦੀ ਮੁੱਢਲੀ ਗੱਲਬਾਤ ਦਾ ਕੋਈ ਨਤੀਜ਼ਾ ਨਾ ਨਿਕਲਣ ਮਗਰੋਂ ਦਸੰਬਰ 1947 ਵਿੱਚ ਇਹ ਮਸਲਾ ਸੰਯੁਕਤ ਰਾਸ਼ਟਰ ਵਿੱਚ ਚਲਾ ਗਿਆ। ਸੁਰੱਖਿਆ ਕੌਂਸਲ ਵਿੱਚ ਹੋਈ ਬਹਿਸ ਤੋਂ ਬਾਅਦ 20 ਜਨਵਰੀ 1948 ਨੂੰ ਕੌਂਸਲ ਵੱਲੋਂ ਇੱਕ ਮਤਾ ਪਾਸ ਕੀਤਾ ਗਿਆ ਤੇ ਇਸ ਮਸਲੇ ਨੂੰ ਨਜਿੱਠਣ ਲਈ ਇੱਕ ਤਿੰਨ ਮੈਂਬਰੀ ਕਮਿਸ਼ਨ ‘ਭਾਰਤ ਅਤੇ ਪਾਕਿਸਤਾਨ ਲਈ ਸੰਯੁਕਤ ਰਾਸ਼ਟਰ ਦਾ ਕਮਿਸ਼ਨ’ ਕਾਇਮ ਕੀਤਾ ਗਿਆ ਜਿਸ ਵਿੱਚ ਚੈਕੋਸਲਵਾਕੀਆ (ਭਾਰਤ ਵੱਲੋਂ) ਅਰਜਨਟੀਨਾ (ਪਾਕਿਸਤਾਨ ਵੱਲੋਂ) ਤੇ ਅਮਰੀਕਾ (ਸੁਰੱਖਿਆ ਕੌਂਸਲ ਦੇ ਪ੍ਰਧਾਨ ਵਜੋਂ) ਸ਼ਾਮਲ ਸਨ। ਮਗਰੋਂ ਇਸ ਵਿੱਚ ਕੋਲੰਬੀਆ ਤੇ ਬੈਲਜ਼ੀਅਮ ਦੇ ਮੈਂਬਰ ਸ਼ਾਮਲ ਕਰਕੇ ਕਮਿਸ਼ਨ ਮੈਂਬਰਾਂ ਦੀ ਗਿਣਤੀ 5 ਕਰ ਦਿੱਤੀ ਗਈ। ਕਮਿਸ਼ਨ ਨੇ ਰਿਪੋਰਟ ਦਿੱਤੀ ਕਿ ਹਿੰਦ ਤੇ ਪਾਕਿ ਦੋਵੇਂ ਇਹ ਚਾਹੁੰਦੇ ਹਨ ਕਿ ਕਸ਼ਮੀਰ ਇਲਾਕੇ ਦਾ ਮਸਲਾ ਨਿਰਪੱਖ ਤੇ ਅਜ਼ਾਦ ਲੋਕ ਮੱਤ ਦੇ ਜਮਹੂਰੀ ਢੰਗ ਰਾਹੀਂ ਨਜਿੱਠਿਆ ਜਾਵੇ। ਮਤੇ ਵਿੱਚ ਫੌਜਾਂ ਦੀ ਵਾਪਸੀ ਤੇ ਜਨਮੱਤ ਕਰਾਉਣ ਲਈ ਵਿਆਖਿਆ ਸਹਿਤ ਧਾਰਾਵਾਂ ਸਨ। ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਇਸਦੀਆਂ ਕੁਝ ਧਾਰਾਵਾਂ ’ਤੇ ਇਤਰਾਜ਼ ਕੀਤਾ ਤੇ ਮਸਲਾ ਲਟਕ ਗਿਆ। ਇੱਕ ਲੰਮੀ ਗੱਲਬਾਤ ਮਗਰੋਂ ਅਪ੍ਰੈਲ 1929 ਵਿੱਚ ਕਮਿਸ਼ਨ ਨੇ ਨਵੀਆਂ ਤਜਵੀਜ਼ਾਂ ਪੇਸ਼ ਕੀਤੀਆਂ ਇਹਨਾਂ ਉੱਪਰ ਵੀ ‘ਅਜ਼ਾਦ ਕਸ਼ਮੀਰ’ ਦੀ ਫੌਜ ਨੂੰ ਭੰਗ ਕਰਨ ਤੇ ਭਾਰਤ ਵੱਲੋਂ ਆਪਣੀਆਂ ਫੌਜਾਂ ਬਾਹਰ ਕੱਢਣ ਦੇ ਮਸਲੇ ਨੂੰ ਲੈ ਕੇ ਪਾਕਿਸਤਾਨ ਤੇ ਭਾਰਤ ਨੇ ਇਹਨਾਂ ਤਜ਼ਵੀਜਾਂ ਨੂੰ ਰੱਦ ਕਰ ਦਿੱਤਾ। 19 ਮਾਰਚ, 1950 ਨੂੰ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਨੇ ਪਹਿਲਾਂ ਕੰਮ ਕਰ ਰਹੇ ਕਮਿਸ਼ਨ ਨੂੰ ਖ਼ਤਮ ਕਰਕੇ ਉਸ ਦੀ ਥਾਂ ਇੱਕੋ ਨੁਮਾਇੰਦਾ ਨਿਯੁਕਤ ਕਰਨ ਦਾ ਫੈਸਲਾ ਕੀਤਾ ਤੇ ਆਸਟਰੇਲੀਆ ਦੇ ਸਰ ਓਵਨ ਡਿਕਸਨ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ। ਉਸਨੇ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੀ ਇੱਕ ਸਾਂਝੀ ਮੀਟਿੰਗ 20 ਜੁਲਾਈ ਤੋਂ 24 ਜੁਲਾਈ 1950 ਤੱਕ ਕਰਵਾਈ। ਪਰ ਨਹਿਰੂ ਤੇ ਪਾਕਿ ਦੇ ਰੱਟਿਆਂ ਅੱਗੇ ਡਿਕਸਨ ਨੂੰ ਵੀ ਹੱਥ ਖੜੇ ਕਰਨੇ ਪਏ।

ਦੂਜੇ ਪਾਸੇ ਭਾਰਤ ਸਰਕਾਰ ਦੁਆਰਾ ਨੇ ਭਾਰਤੀ ਸੰਵਿਧਾਨ ਵਿੱਚ ਵਿਸ਼ੇਸ਼ ਧਾਰਾ 370 ਨੂੰ ਸ਼ਾਮਲ ਕੀਤਾ ਗਿਆ ਜਿਸ ਰਾਹੀਂ ਕਸ਼ਮੀਰ ਨੂੰ ਇੱਕ ਖੁਦ-ਮੁਖਤਿਆਰ ਸੂਬੇ ਦੇ ਤੌਰ ਤੇ ਭਾਰਤ ਵਿੱਚ ਸ਼ਾਮਲ ਕਰ ਲਿਆ ਗਿਆ। ਇਸ ਧਾਰਾ ਮੁਤਾਬਕ ਕਸ਼ਮੀਰ ਦਾ ਮੁੱਖ-ਮੰਤਰੀ ਪ੍ਰਧਾਨ ਮੰਤਰੀ ਕਹਾਵੇਗਾ ਅਤੇ ਰਾਜਪਾਲ ਗਵਰਨਰ ਕਹਾਵੇਗਾ। ਜਿਸ ਮੌਕੇ ਸੰਯੁਕਤ ਰਾਸ਼ਟਰ ਵਿੱਚ ਇਸ ਉੱਪਰ ਗੱਲਬਾਤ ਚੱਲ ਰਹੀ ਸੀ ਉਸ ਵੇਲ਼ੇ ਧਾਰਾ 370 ਬਣਾਉਣ ਜਿਹੀ ਇਹ ਕਾਰਵਾਈ ਭਾਰਤ ਸਰਕਾਰ ਦੇ ਮਨਸ਼ੇ ਸਾਫ਼ ਜਾਹਿਰ ਕਰਦੀ ਸੀ। ਇਸੇ ਸਮੇਂ ਦੌਰਾਨ ਹੀ ‘ਨੈਸ਼ਨਲ ਕਾਨਫਰੰਸ’ ਨੇ ਮਈ 1953 ਵਿੱਚ ਸ਼ੇਖ ਅਬਦੁੱਲਾ ਦੀ ਪ੍ਰਧਾਨਗੀ ਹੇਠ ਹੋਈ ਆਪਣੀ ਇੱਕ ਮੀਟਿੰਗ ਵਿੱਚ ਕਸ਼ਮੀਰ ਮਸਲੇ ਨੂੰ ਸੁਲਝਾਉਣ ਦਾ ਕੋਈ ਰਾਹ ਕੱਢਣ ਵਾਸਤੇ ਇੱਕ ਅੱਠ ਮੈਂਬਰੀ ਕਮੇਟੀ ਨਿਯੁਕਤ ਕੀਤੀ। ਇਸ ਕਮੇਟੀ ਦੀਆਂ ਤਿਆਰ ਕੀਤੀਆਂ ਤਜਵੀਜ਼ਾਂ ਵਿੱਚ ਮੁੱਖ ਮੁੱਦਾ ਕਸ਼ਮੀਰ ਦੀ ਮੁਕੰਮਲ ਅਜ਼ਾਦੀ ਤੇ ਭਾਰਤ ਜਾਂ ਪਾਕਿ ਵਿੱਚ ਸ਼ਾਮਲ ਹੋਣ ਦੇ ਮਸਲੇ ’ਤੇ ਜਨਮੱਤ ਕਰਵਾਉਣਾ ਸੀ। ਪਰ ਇਸ ਤੋਂ ਬਾਅਦ ਜਲਦੀ ਹੀ 8 ਅਗਸਤ 1953 ਨੂੰ ਸ਼ੇਖ ਅਬਦੁੱਲਾ ਨੂੰ ਬਰਖ਼ਾਸਤ ਕਰਕੇ ਕਸ਼ਮੀਰ ਸਰਕਾਰ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਕਸ਼ਮੀਰ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਇਸਤੋਂ ਬਾਅਦ ਭਾਰਤ ਤੇ ਪਾਕਿ ਦਰਮਿਆਨ ਚੱਲ ਰਹੀ ਗੱਲਬਾਤ ਦੌਰਾਨ ਹੌਲ਼ੀ-ਹੌਲ਼ੀ ਨਹਿਰੂ ਕਸ਼ਮੀਰ ਵਿੱਚ ਜਨਮੱਤ ਸੰਗ੍ਰਿਹ ਕਰਵਾਉਣ ਦੇ ਮਸਲੇ ਤੋਂ ਪਿੱਛੇ ਹਟਣਾ ਸ਼ੁਰੂ ਹੋ ਗਿਆ ਤੇ 1955 ਵਿੱਚ ਭਾਰਤ ਸਰਕਾਰ ਦੇ ਮਨਸ਼ੇ ਸਾਫ਼ ਜਾਹਿਰ ਹੋ ਗਏ। ਸ਼ੇਖ ਅਬਦੁੱਲਾ ਨੂੰ ਲਾਂਭੇ ਕਰਨ ਤੋਂ ਗੁਲਾਮ ਬਖ਼ਸ਼ੀ ਮੁਹੰਮਦ ਬਾਅਦ ਵਿੱਚ ਕਸ਼ਮੀਰ ਦਾ ਮੁੱਖ-ਮੰਤਰੀ ਬਣਾਇਆ ਗਿਆ ਸੀ ਜੋ ਕਿ ਭਾਰਤ ਸਰਕਾਰ ਦਾ ਹਮਾਇਤੀ ਸੀ। 24 ਅਗਸਤ, 1955 ਨੂੰ ਉਸਨੇ ਇਹ ਐਲਾਨ ਕਰ ਦਿੱਤਾ ਕਿ ਰਿਆਸਤ ਵਿੱਚ ਕਦੇ ਵੀ ਜਨਮੱਤ ਨਹੀਂ ਕਰਵਾਇਆ ਜਾਵੇਗਾ। 1956 ਵਿੱਚ ਕਸ਼ਮੀਰ ਦੀ ਵਿਧਾਨ ਘੜਨੀ ਅਸੈਂਬਲੀ ਨੇ ਕਸ਼ਮੀਰ ਲਈ ਸੰਵਿਧਾਨ ਬਣਾਇਆ ਜਿਹੜਾ ਕਿ 26 ਜਨਵਰੀ 1957 ਨੂੰ ਲਾਗੂ ਹੋਣਾ ਸੀ। ਇਸ ਸੰਵਿਧਾਨ ਵਿੱਚ ਜੰਮੂ ਤੇ ਕਸ਼ਮੀਰ ਨੂੰ ਭਾਰਤ ਦਾ ਇੱਕ ਅਉੱਟ ਹਿੱਸਾ ਮੰਨਿਆ ਗਿਆ ਤੇ ਇਸ ਅਨੁਸਾਰ ਹੀ 1957 ਵਿੱਚ ਕਸ਼ਮੀਰ ਵਿੱਚ ਚੋਣਾਂ ਕਰਵਾਈਆਂ ਗਈਆਂ। ਇੰਞ ਮਸਲੇ ਨੂੰ ਕਈ ਸਾਲਾਂ ਤੱਕ ਲਮਕਾਉਣ ਮਗਰੋਂ ਨਹਿਰੂ ਸਰਕਾਰ ਨੇ ਆਪਣੀ ਬਿੱਲੀ ਥੈਲਿਓਂ ਬਾਹਰ ਕੱਢ ਦਿੱਤੀ। ਭਾਵੇਂ ਇਸ ਤੋਂ ਬਾਅਦ ਵੀ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਅਤੇ ਭਾਰਤ ਤੇ ਪਾਕਿਸਤਾਨ ਦੇ ਨੁਮਾਇੰਦਿਆਂ ਵਿੱਚ ਕਸ਼ਮੀਰ ਦੇ ਮਸਲੇ ਉੱਪਰ ਗੱਲਬਾਤ ਦੀ ਕਵਾਇਦ ਚਲਦੀ ਰਹੀ ਪਰ ਇਸਦਾ ਕੋਈ ਨਤੀਜਾ ਨਿਕਲਣਾ ਹੀ ਨਹੀਂ ਸੀ। ਜਨਵਰੀ 1958 ਨੂੰ ਜਦੋਂ ਸ਼ੇਖ ਅਬਦੁੱਲਾ ਹਿਰਾਸਤ ਵਿਚੋਂ ਬਾਹਰ ਆਇਆ ਤਾਂ ਉਹ ਜਨਮੱਤ ਸੰਗ੍ਰਹਿ ਉੱਤੇ ਅੜਿਆ ਹੋਇਆ ਸੀ ਜਿਸ ਕਰਕੇ ਅਪ੍ਰੈਲ 1958 ਨੂੰ ਉਸਨੂੰ ਫੇਰ ਜੇਲ੍ਹ ਵਿੱਚ ਡੱਕ ਦਿੱਤਾ ਗਿਆ। 1964 ਤੱਕ ਆਉਂਦੇ ਸ਼ੇਖ ਅਬਦੁੱਲਾ ਕਸ਼ਮੀਰੀ ਜਨਮੱਤ ਨੂੰ ਲੈ ਕੇ ਕਾਫੀ ਸਮਝੌਤਾਵਾਦੀ ਹੋ ਗਿਆ ਸੀ ਤੇ ਉਸਨੂੰ ਸਾਰੇ ਦੋਸ਼ਾਂ ਤੋਂ ਬਰੀ ਕਰਕੇ 1964 ਵਿੱਚ ਰਿਹਾਅ ਕਰ ਦਿੱਤਾ ਗਿਆ। ਅਬਦੁੱਲਾ ਨੇ ਇੰਦਰਾ ਗਾਂਧੀ ਦੀ ਸਰਕਾਰ ਨਾਲ਼ ਸਮਝੌਤਾ ਕਰਕੇ ਕਸ਼ਮੀਰ ਨੂੰ ਭਾਰਤ ਦੇ ਹਿੱਸੇ ਵਜੋਂ ਕਬੂਲ ਲਿਆ ਜਿਸ ਕਰਕੇ ਉਸਨੂੰ ਕਸ਼ਮੀਰ ਦਾ ਮੁੱਖ-ਮੰਤਰੀ ਬਣਾਇਆ ਗਿਆ।

**ਕਸ਼ਮੀਰੀਆਂ ਦਾ ਸਮਰਥਨ ਕਰੇਗੀ ਪਾਕਿ ਫੌਜ : ਬਾਜਵਾ**

ਇਸਲਾਮਾਬਾਦ-ਪਾਕਿ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਕਿਹਾ ਕਿ ਦੇਸ਼ ਦੀ ਫੌਜ ਕਸ਼ਮੀਰ ਖੇਤਰ ਦੇ ਲੋਕਾਂ ਦਾ ਸਮਰਥਨ ਕਰਨ ਲਈ “ਕਿਸੇ ਵੀ ਹੱਦ ਤੱਕ” ਜਾਵੇਗੀ। ਬੀਤੇ ਦਿਨੀਂ ਭਾਰਤ ਵੱਲੋਂ ਆਪਣੇ ਖੇਤਰ ਵਿਚ ਕਸ਼ਮੀਰ ਦੇ ਦੋ ਟੋਟੇ ਕਰਕੇ ਉਸ ਦਾ ਵਿਸ਼ੇਸ਼ ਰੁਤਬਾ ਰੱਦ ਕਰ ਦਿੱਤਾ ਗਿਆ ਹੈ। ਰਾਵਲਪਿੰਡੀ ਵਿੱਚ ਕਮਾਂਡਰਾਂ ਨਾਲ ਮੁਲਾਕਾਤ ਤੋਂ ਬਾਅਦ ਜਨਰਲ ਬਾਜਵਾ ਨੇ ਕਿਹਾ, “ਪਾਕਿਸਤਾਨ ਫੌਜ ਆਪਣੇ ਅੰਤ ਤੱਕ ਸੰਘਰਸ਼ ਵਿੱਚ ਕਸ਼ਮੀਰੀਆਂ ਦੇ ਨਾਲ ਖੜ੍ਹੀ ਹੈ।”

## ਆਖਰ ਕੀ ਸੀ ਧਾਰਾ-370 ਦਾ ਮਾਮਲਾ ?

ਪਰ ਬਾਅਦ ਵਿਚ ਕਬਾਇਲੀਆਂ ਅਤੇ ਸਾਦੇ ਕੱਪੜਿਆਂ ਵਿਚ ਪਾਕਿਸਤਾਨੀ ਫ਼ੌਜ ਨੇ ਕਸ਼ਮੀਰ ‘ਤੇ ਹਮਲਾ ਕੀਤਾ ਤਾਂ ਰਾਜਾ ਹਰੀ ਸਿੰਘ ਨੇ ਭਾਰਤ ਤੋਂ ਮਦਦ ਮੰਗੀ।

ਉਸ ਸਮੇਂ ਭਾਰਤ ਨੇ ਕਿਹਾ ਜੇਕਰ ਉਹ ਜੰਮੂ-ਕਸ਼ਮੀਰ ਦੇ ‘ਇਸਟਰੂਮੈਂਟ ਆਫ਼ ਐਕਸੈਸ਼ਨ‘ ‘ਤੇ ਦਸਤਖ਼ਤ ਕਰਦੇ ਹਨ ਤਾਂ ਭਾਰਤ ਮਦਦ ਕਰ ਸਕਦਾ ਹੈ। ਇਸ ਤੋਂ ਬਾਅਦ ਹਰੀ ਸਿੰਘ ਨੇ 26 ਅਕਤੂਬਰ, 1947 ‘ਇੰਸਟਰੂਮੈਂਟ ਆਫ਼ ਐਕਸੈਸ਼ਨ‘ ‘ਤੇ ਦਸਤਖ਼ਤ ਕੀਤੇ ਅਤੇ ਤਤਕਾਲੀ ਗਵਰਨਰ ਜਨਰਲ ਲਾਰਡ ਮਾਊਂਟਬੈਟਨ ਨੇ 27 ਅਕਤੂਬਰ, 1947 ਨੂੰ ਇਸ ਨੂੰ ਸਵੀਕਾਰ ਕੀਤਾ।

ਭਾਰਤ ਦੀ ਉਸ ਸਮੇਂ ਇਹ ਨੀਤੀ ਸੀ ਕਿ ਜੇ ਕੋਈ ਭਾਰਤ ਵਿਚ ਸ਼ਾਮਿਲ ਹੋਣ ਜਾਂ ਨਾ ਹੋਣ ਨੂੰ ਲੈ ਕੇ ਵਿਵਾਦ ਹੋਵੇਗਾ, ਉਥੇ ਰਾਜ ਦੀ ਜਨਤਾ ਦੀ ਰਾਇ ਨਾਲ ਫ਼ੈਸਲਾ ਕੀਤਾ ਜਾਵੇਗਾ ਨਾ ਕਿ ਕਿਸੇ ਰਾਜੇ ਵਲੋਂ ਲਏ ਗਏ ਇਕਪਾਸੜ ਫ਼ੈਸਲੇ ‘ਤੇ।

ਉਸ ਸਮੇਂ ਮਾਊਂਟਬੈਟਨ ਨੇ ਕਿਹਾ ਸੀ ਕਿ ਸਰਕਾਰ ਦੀ ਇਹ ਇੱਛਾ ਹੈ ਕਿ ਜਿਵੇਂ ਹੀ ਕਸ਼ਮੀਰ ਵਿਚ ਕਾਨੂੰਨ ਵਿਵਸਥਾ ਬਹਾਲ ਹੋ ਜਾਂਦੀ ਹੈ ਤੇ ਉਥੋਂ ਹਮਲਾਵਰ ਬਾਹਰ ਕੱਢ ਦਿੱਤੇ ਜਾਂਦੇ ਹਨ, ਉਵੇਂ ਹੀ ਸੂਬੇ ਨੂੰ ਭਾਰਤ ਵਿਚ ਸ਼ਾਮਿਲ ਕਰਨ ਦਾ ਅੰਤਿਮ ਫ਼ੈਸਲਾ ਉਥੋਂ ਦੇ ਲੋਕਾਂ ਵਲੋਂ ਕੀਤਾ ਜਾਵੇਗਾ। ਸਾਲ 1948 ਵਿਚ ਭਾਰਤ ਸਰਕਾਰ ਵਲੋਂ ਜੰਮੂ-ਕਸ਼ਮੀਰ ‘ਤੇ ਪੇਸ਼ ਕੀਤੇ ਗਏ ਸ਼ਵੇਤ ਪੱਤਰ ਵਿਚ ਲਿਖਿਆ ਗਿਆ ਹੈ ਕਿ ਭਾਰਤ ਵਿਚ ਕਸ਼ਮੀਰ ਦਾ ਸ਼ਾਮਿਲ ਹੋਣਾ ਪੂਰੀ ਤਰ੍ਹਾਂ ਨਾਲ ਅਸਥਾਈ ਅਤੇ ਥੋੜ੍ਹੇ ਸਮੇਂ ਲਈ ਹੈ। ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਸ਼ੇਖ਼ ਅਬਦੁੱਲਾ ਨੂੰ 17 ਮਈ, 1949 ਨੂੰ ਵੱਲਭ ਭਾਈ ਪਟੇਲ ਅਤੇ ਐਨ. ਗੋਪਾਲ ਸੁਆਮੀ ਅਈਯੰਗਰ ਦੀ ਸਹਿਮਤੀ ਨਾਲ ਲਿਖੇ ਇਕ ਪੱਤਰ ਵਿਚ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਵੀ ਇਹੀ ਗੱਲ ਦੁਹਰਾਈ ਸੀ।

**ਕੀ ਧਾਰਾ 370 ਅਸਥਾਈ ਹੈ ?-**

27 ਮਈ, 1949 ਨੂੰ ਸੰਵਿਧਾਨ ਸਭਾ ਵਲੋਂ ਧਾਰਾ 370 ਨੂੰ ਪਾਸ ਕੀਤਾ ਗਿਆ ਸੀ। ਇਸ ਪ੍ਰਸਤਾਵ ਨੂੰ ਪਾਸ ਕਰਦਿਆਂ ਅਈਯੰਗਰ ਨੇ ਕਿਹਾ ਸੀ ਕਿ ਭਾਵੇਂ ਮੇਲ ਪੂਰਾ ਹੋ ਗਿਆ ਹੈ ਪਰ ਭਾਰਤ ਨੇ ਪ੍ਰਸਤਾਵ ਦਿੱਤਾ ਸੀ ਕਿ ਜਦੋਂ ਕਸ਼ਮੀਰ ਵਿਚ ਸਥਿਤੀ ਠੀਕ ਹੁੰਦੀ ਹੈ ਤਾਂ ਉਸ ਸਮੇਂ ਉਥੇ ਰਾਇਸ਼ੁਮਾਰੀ ਕਰਵਾਈ ਜਾਵੇਗੀ ਅਤੇ ਜੇਕਰ ਜਨਤਾ ਭਾਰਤ ਵਿਚ ਸ਼ਾਮਿਲ ਹੋਣ ਦਾ ਪ੍ਰਸਤਾਵ ਨਹੀਂ ਮੰਨਦੀ ਤਾਂ ਕਸ਼ਮੀਰ ਵਲੋਂ ਖ਼ੁਦ ਨੂੰ ਭਾਰਤ ਤੋਂ ਵੱਖ ਕਰਨ ਨੂੰ ਲੈ ਕੇ ਅਸੀਂ ਵਿਚ ਨਹੀਂ ਆਵਾਂਗੇ।

ਧਾਰਾ 370 ਸੰਵਿਧਾਨ ਦੇ ਭਾਗ 21 ਦੀ ਪਹਿਲੀ ਧਾਰਾ ਹੈ ਜਿਸ ਵਿਚ ‘ਅਸਥਾਈ, ਬਦਲਾਉਣਯੋਗ ਅਤੇ ਵਿਸ਼ੇਸ਼ ਪ੍ਰਬੰਧ‘ ਵਾਲੀਆਂ ਚੀਜ਼ਾਂ ਸ਼ਾਮਿਲ ਕੀਤੀਆਂ ਗਈਆਂ ਹਨ। ਧਾਰਾ 370 ਅਸਥਾਈ ਹੈ ਜਾਂ ਨਹੀਂ, ਇਸ ਨੂੰ ਲੈ ਕੇ ਵਿਵਾਦ ਹੈ। ਇਕ ਤਰੀਕੇ ਨਾਲ ਵੇਖਿਆ ਜਾਵੇ ਤਾਂ ਜੰਮੂ-ਕਸ਼ਮੀਰ ਸੰਵਿਧਾਨ ਸਭਾ ਨੂੰ ਇਸ ਵਿਚ ਬਦਲਾਅ ਕਰਨ/ਹਟਾਉਣ/ਕਾਇਮ ਰੱਖਣ ਦਾ ਅਧਿਕਾਰ ਸੀ ਅਤੇ ਉਨਾਂ ਨੇ ਇਸ ਨੂੰ ਕਾਇਮ ਰੱਖਿਆ।

ਇਕ ਹੋਰ ਪੱਖ ਇਹ ਹੈ ਕਿ ਰਾਇਸ਼ੁਮਾਰੀ ਹੋਣ ਤੱਕ ਜੰਮੂ ਕਸ਼ਮੀਰ ਦਾ ਭਾਰਤ ਵਿਚ ਸ਼ਾਮਿਲ ਹੋਣਾ ਅਸਥਾਈ ਸੀ। ਪਿਛਲੀ ਸਰਕਾਰ ਨੇ ਲੋਕ ਸਭਾ ਵਿਚ ਕਿਹਾ ਸੀ ਕਿ ਧਾਰਾ 370 ਨੂੰ ਹਟਾਉਣ ਦਾ ਕੋਈ ਪ੍ਰਸਤਾਵ ਨਹੀਂ ਹੈ। ਦਿੱਲੀ ਉੱਚ ਅਦਾਲਤ ਨੇ ਕੁਮਾਰੀ ਵਿਜਿਆ ਲਕਸ਼ਮੀ (ਮਾਮਲੇ) ਦੀ ਯਾਚਿਕਾ ਖਾਰਜ ਕਰ ਦਿੱਤੀ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਧਾਰਾ 370 ਅਸਥਾਈ ਹੈ ਅਤੇ ਇਸ ਨੂੰ ਬਣਾਉਣਾ ਸੰਵਿਧਾਨ ਦੇ ਨਾਲ ਧੋਖਾ ਹੈ।

ਅਪ੍ਰੈਲ-2018 ਵਿਚ ਸਰਬਉੱਚ ਅਦਾਲਤ ਨੇ ਕਿਹਾ ਕਿ ‘ਅਸਥਾਈ‘ ਸ਼ਬਦ ਦਾ ਇਸਤੇਮਾਲ ਕਰਨ ਵਾਲੇ ਹੈੱਡ ਨੋਟ ਦੇ ਬਾਵਜੂਦ ਧਾਰਾ-370 ਅਸਥਾਈ ਨਹੀਂ ਹੈ। ਸੰਪਤ ਪ੍ਰਕਾਸ਼ (1969) ਮਾਮਲੇ ਵਿਚ ਸਰਬਉੱਚ ਅਦਾਲਤ ਨੇ ਧਾਰਾ 370 ਨੂੰ ਅਸਥਾਈ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।

ਧਾਰਾ 370 ਵਿਚ ਧਾਰਾ-1 ਦਾ ਜ਼ਿਕਰ ਹੈ ਜਿਸ ਦੇ ਰਾਹੀਂ ਜੰਮੂ-ਕਸ਼ਮੀਰ ਨੂੰ ਭਾਰਤ ਦੇ ਸੂਬਿਆਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਦਾ ਜ਼ਿਕਰ ਇਸ ਤਰਾਂ ਕੀਤਾ ਜਾਂਦਾ ਹੈ ਕਿ ਧਾਰਾ 370 ਉਹ ਸੁਰੰਗ ਹੈ, ਜਿਸ ਦੇ ਰਾਹੀਂ ਭਾਰਤ ਦੇ ਸੰਵਿਧਾਨ ਨੂੰ ਜੰਮੂ-ਕਸ਼ਮੀਰ ਵਿਚ ਲਾਗੂ ਕੀਤਾ ਜਾਂਦਾ ਰਿਹਾ ਹੈ।

ਭਾਰਤ ਨੇ ਭਾਰਤੀ ਸੰਵਿਧਾਨ ਨੂੰ ਜੰਮੂ-ਕਸ਼ਮੀਰ ਵਿਚ ਲਾਗੂ ਕਰਨ ਲਈ ਘੱਟੋ-ਘੱਟ 45 ਵਾਰ ਧਾਰਾ 370 ਦੀ ਵਰਤੋਂ ਕੀਤੀ ਹੈ। ਇਹ ਇਕੋ-ਇਕ ਤਰੀਕਾ ਹੈ, ਜਿਸ ਦੇ ਰਾਹੀਂ ਰਾਸ਼ਟਰਪਤੀ ਦੇ ਹੁਕਮਾਂ ਰਾਹੀਂ ਭਾਰਤ ਨੇ ਜੰਮੂ-ਕਸ਼ਮੀਰ ਦੀ ਵਿਸ਼ੇਸ਼ ਸਥਿਤੀ ਦੇ ਪ੍ਰਭਾਵ ਨੂੰ ਲਗਪਗ ਸਿਫਰ ਕਰ ਦਿੱਤਾ ਹੈ। ਸਾਲ 1954 ਦੇ ਹੁਕਮ ਰਾਹੀਂ ਲਗਪਗ ਪੂਰੇ ਸੰਵਿਧਾਨ ਨੂੰ ਜੰਮੂ-ਕਸ਼ਮੀਰ ਤੱਕ ਵਧਾ ਦਿੱਤਾ ਗਿਆ ਸੀ ਜਿਸ ਵਿਚ ਜ਼ਿਆਦਾਤਰ ਸੰਵਿਧਾਨਕ ਸੋਧਾਂ ਵੀ ਸ਼ਾਮਿਲ ਸਨ।

**(‘ਦ ਵਾਇਰ’ ਵਿਚੋਂ ਧੰਨਵਾਦ ਸਹਿਤ)**

## ਧਾਰਾ 370 ਖਤਮ ਕਰਨ ਦਾ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ

ਉਨ੍ਹਾਂ ਦਾ ਸੰਘਰਸ਼ ਇਸ ਧਾਰਾ ਤੋਂ ਬਾਅਦ ਵੀ ਜਾਰੀ ਰਹੇਗਾ। ਕੰਵਰਪਾਲ ਸਿੰਘ ਨੇ ਦੱਸਿਆ ਕਿ ਕੇਂਦਰ ਸਰਕਾਰ ਦੀ ਇਸ ਕਾਰਵਾਈ ਦੇ ਖ਼ਿਲਾਫ਼ ਸਿੱਖ ਜਥੇਬੰਦੀਆਂ ਵਲੋਂ 15 ਅਗਸਤ ਆਜ਼ਾਦੀ ਦਿਵਸ ਨੂੰ ਕਾਲੇ ਦਿਨ ਵਜੋਂ ਮਨਾਇਆ ਜਾਵੇਗਾ। ਸੂਬੇ ਦੇ 15 ਜ਼ਿਲ੍ਹਿਆਂ ਅਤੇ ਚੰਡੀਗੜ੍ਹ ਵਿਚ ਰੋਸ ਵਿਖਾਵੇ ਕੀਤੇ ਜਾਣਗੇ। ਇਸ ਦੌਰਾਨ ਨਰਾਇਣ ਸਿੰਘ ਚੌੜਾ, ਹਰਬੀਰ ਸਿੰਘ ਸੰਧੂ ਅਤੇ ਦਲ ਖਾਲਸਾ ਦੇ ਹੋਰ ਆਗੂ ਹਾਜ਼ਰ ਸਨ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

AJ GRAPHIC

GRAPHIC DESIGN SERVICES



- Logo Design
- Flyer design
- Stationary Design
- Business Card Design
- Brochure Design
- Press Advt
- Marketing Material
- Poster

ਹਰ ਤਰ੍ਹਾਂ ਦੀ ਪੋਸਟਰ, ਕੈਲੰਡਰ, ਲੋਗੋ ਅਤੇ ਹੋਰ
ਗਰਾਫਿਕਸ ਡਿਜ਼ਾਇਨਿੰਗ ਦਾ ਕੰਮ ਬਹੁਤ ਹੀ ਵਧੀਆ
ਅਤੇ ਸਸਤੇ ਰੇਟ 'ਤੇ ਕਰਵਾਉਣ ਲਈ ਸੰਪਰਕ ਕਰੋ

Amarjeet Lamber
Please Contoct Whatapp Number
94653-45635

kw DALLAS PRESTON ROAD
KELLERWILLIAMS. REALTY



Buy Sell Homes
REAL ESTATE



Baljeet Kaur Pannu
REALTOR®
Call/Text: 972-522-9427
Web : www.MyDesiAgent.com
Email : bpannu@kw.com
18383 Preston Rd Ste-150, Dallas TX, 75252
Each office is individually owned and operated



Raja SWEETS & CATERING
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



Raja SWEETS & CATERING
Presents
PARADISE BALLROOMS
banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


SHER ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM